New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 19 3 January, 2025 C ੨੦ ਪੋਹ ਨਾਨਕਸ਼ਾਹੀ ਸੰਮਤ ੫੫੬ Ph.: 604-338-7310 FAX : 604-572-3638 /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
: icc.accounting@yahoo.ca
: 8740 - 140A St., Surrey, BC V3W 0M4

# ਬ੍ਰਿਟਿਸ਼ ਕੋਲੰਬੀਆ 'ਚ ਨਵੇਂ ਸਾਲ ਤੋਂ ਲਾਗੂ ਹੋਇਆ 20% ਘਰ-ਫਲਿੱਪਿੰਗ ਟੈਕਸ, ਕਾਰਬਨ ਟੈਕਸ 'ਚ ਵੀ ਹੋਇਆ ਵਾਧਾ

## ਸਰਕਾਰੀ ਨੀਤੀਆਂ ਕਾਰਨ ਬੀ.ਸੀ. ਦੇ ਰੀਅਲ ਅਸਟੇਟ ਸੈਕਟਰ 'ਚ ਨਿਵੇਸ਼ ਕਰਨ ਵਿੱਚ ਆਮ ਲੋਕਾਂ ਦੀ ਦਿਲਚਸਪੀ ਘਟੀ

**ਵੈਨਕੂਵਰ (ਸਿਮਰਨਜੀਤ ਸਿੰਘ):** ਨਵੇਂ ਸਾਲ ਦੀ ਸ਼ੁਰੂਆਤ ਨਾਲ ਬ੍ਰਿਟਿਸ਼ ਕੋਲੰਬੀਆ ਵਿੱਚ ਕਈ ਨਵੇਂ ਨਿਯਮ ਲਾਗੂ ਹੋਏ ਹਨ, ਜਿਨ੍ਹਾਂ ਵਿੱਚ ਘਰ-ਫਲਿੱਪਿੰਗ ਟੈਕਸ, ਮੱਧ-ਵਰਗ ਲਈ ਟੈਕਸ ਕਟੌਤੀ, ਅਤੇ ਕਾਰਬਨ ਟੈਕਸ ਵਿੱਚ ਵਾਧਾ ਸ਼ਾਮਲ ਹਨ।

**• ਘਰ-ਫਲਿੱਪਿੰਗ ਟੈਕਸ**

ਜਨਵਰੀ 1 ਤੋਂ, ਪ੍ਰੋਵਿੰਸ ਨੇ ਇੱਕ ਨਵਾਂ 20% ਘਰ-ਫਲਿੱਪਿੰਗ ਟੈਕਸ ਲਾਗੂ ਕੀਤਾ ਹੈ। ਇਹ ਟੈਕਸ ਉਨ੍ਹਾਂ ਲੋਕਾਂ 'ਤੇ ਲੱਗੇਗਾ ਜੋ ਘਰ ਖਰੀਦ ਕੇ ਦੋ ਸਾਲਾਂ ਦੇ ਅੰਦਰ ਵੇਚਦੇ ਹਨ। ਪਰ, ਟੈਕਸ ਤੋਂ ਛੁਟਕਾਰਾ ਕੁਝ ਹਾਲਾਤਾਂ ਵਿੱਚ ਮਿਲੇਗਾ, ਜਿਵੇਂ ਕਿ ਤਲਾਕ, ਨੌਕਰੀ ਗੁਆਉਣ ਜਾਂ ਘਰਲੂ ਹਾਲਾਤਾਂ ਵਿੱਚ ਵੱਡੇ ਬਦਲਾਅ ਹੋਣ। ਪ੍ਰੋਵਿੰਸ ਅਨੁਮਾਨ ਲਗਾ ਰਹੀ ਹੈ ਕਿ ਨਵੇਂ ਸਾਲ ਵਿੱਚ ਲਗਭਗ 4,000 ਜਾਇਦਾਦਾਂ ਇਸ ਟੈਕਸ ਦੇ ਘੇਰੇ ਵਿੱਚ ਆਉਣਗੀਆਂ। ਇਸ ਟੈਕਸ ਤੋਂ ਮਿਲਣ ਵਾਲੀ ਰਕਮ ਕਿਫਾਇਤੀ ਮਕਾਨਾਂ ਦੀ ਨਿਰਮਾਣ ਯੋਜਨਾਵਾਂ ਵਿੱਚ ਖਰਚ ਕੀਤੀ ਜਾਵੇਗੀ।

• ਬਾਕੀ ਸਫ਼ਾ 7 'ਤੇ




# ਕੈਨੇਡਾ ਵਿੱਚ ਫੂਡ ਬੈਂਕਾਂ ਦੀ ਵਰਤੋਂ ਰਿਕਾਰਡ ਪੱਧਰ 'ਤੇ ਵਧੀ

ਸਰੀ, (ਸਿਮਰਨਜੀਤ ਸਿੰਘ): ਟਰਾਂਟੋ ਦੇ ਡੇਲੀ ਬ੍ਰੈਡ ਫੂਡ ਬੈਂਕ ਨੇ ਆਪਣੀ 41 ਸਾਲਾਂ ਦੀ ਇਤਿਹਾਸਕ ਸੇਵਾ ਦੌਰਾਨ ਸਭ ਤੋਂ ਵੱਡਾ ਵਾਧਾ ਦਰਜ ਕੀਤਾ ਹੈ, ਜਦੋਂ ਕਿ ਬੀ.ਸੀ., ਅਲਬਰਟਾ ਅਤੇ ਓਂਟਾਰੀਓ ਭਰ ਵਿੱਚ ਫੂਡ ਬੈਂਕ ਦੀ ਵਰਤੋਂ ਰਿਕਾਰਡ ਪੱਧਰ 'ਤੇ ਪਹੁੰਚ ਗਈ ਹੈ। Who's




Hungry 2024 ਰਿਪੋਰਟ ਮੁਤਾਬਕ, ਟਰਾਂਟੋ ਦੇ ਫੂਡ ਬੈਂਕਾਂ, ਜਿਵੇਂ ਕਿ ਡੇਲੀ ਬ੍ਰੈਡ ਅਤੇ ਨੋਰਥ ਯਾਰਕ ਹਾਰਵੇਸਟ, ਵਿੱਚ ਜ਼ਰੂਰਤਮੰਦ ਲੋਕਾਂ ਦੀ ਗਿਣਤੀ 3.49 ਮਿਲੀਅਨ ਤੱਕ ਪਹੁੰਚ ਗਈ ਹੈ ਜੋ ਕਿ ਪਿਛਲੇ ਸਾਲ 2.6 ਮਿਲੀਅਨ ਸੀ। ਫੂਡ ਬੈਂਕਾਂ 'ਤੇ ਨਿਰਭਰ ਹੋਣ ਵਾਲੇ ਲੋਕਾਂ ਦੀ ਗਿਣਤੀ

• ਬਾਕੀ ਸਫ਼ਾ 7 'ਤੇ

ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ, ਬੀ.ਸੀ. ਵਿਖੇ
**ਵਿਸ਼ੇਸ਼ ਗੁਰਮਤਿ ਸਮਾਗਮ 3, 4, 5 ਜਨਵਰੀ 2025 ਨੂੰ**
ਵਧੇਰੇ ਜਾਣਕਾਰੀ ਲਈ ਵੇਖੋ ਸਫ਼ਾ 4

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ
ZIRA
CURRENCY EXCHANGER LTD.
ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ
604-562-7000, 604-314-0000
#397-8148-128 ST.
(PAYAL BUSINESS CENTRE) SURREY

HOMELAND MORTGAGE CORP.
ਜੇ ਮੋਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਘੱਟ ਰੇਟ 'ਤੇ ਕਰਦੇ ਹਾਂ।
Kuldip Singh Panesar
Mortgage Consultant
Cell : 604-308-6839
204-7928-128, Street York Business Centre, Surrey BC V3W4E8

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਆਪ ਸਭ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ
FAST SERVICE AND COMPETITIVE RATES
S&S INSURANCE SERVICE
EXPERT IN
» Construction Insurance » Business Insurance » Home Insurance
» Contractor Insurance » Hard To Place Insurance » Rental House Insurance
CALL NOW
604-319-1000
www.sandsinsurance.ca
6607 Main St, Vancouver 604-324-5711 | 2-8195 120th, Delta 604-635-0890
ICBC

JAS ARORA NOTARY CORPORATION
ਅਸੀਂ ਲਾਈਫ ਸਰਟੀਫਿਕੇਟ ਦੀਆਂ ਸੇਵਾਵਾਂ ਮੁਫ਼ਤ ਦਿੰਦੇ ਹਾਂ।
OUR SERVICES
- Affidavits
- Invitation Letters
- Sale/ Purchase / Mortgage
- Travels Consent Letters
- Statutory Declarations
- Power of Attorney
- Sponsorship Letters
Jaswant K. Arora
Notary Public, MA (ALS), MA (Eng.Punjabi)
778-386-9189
#109A-12888 80 Avenue Surrey BC
Email : jas@jasaroranotary.com | Website : jasaroranotary.com

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿੱਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

IATA Accredited Agent
SIDHU TRAVEL LTD.
Email : sidhutravel13@gmail.com
ਇੰਡੀਆ ਜਾਂ ਦੁਨੀਆਂ ਵਿੱਚ ਕਿਤੇ ਵੀ ਯਾਤਰਾ ਕਰਨ ਲਈ, ਭਰੋਸੇਯੋਗ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ। ਆਪਣੀ ਯਾਤਰਾ ਦੇ ਹਰ ਪਲ ਨੂੰ ਬਿਹਤਰ ਬਣਾਉ।
RANI SIDHU : 604-504-3400, AMAN SANDHU : 604-800-3003
3497 Nightingale Dr. Abbotsford, B.C.
Unit 109-12830 80 Ave, York Centre Surrey

ਭਾਰਤ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਸੰਪਰਕ ਕਰੋ
BESTWAY Foreign Exchange Ltd.
ਬੈਸਟਵੇ ਫੌਰਨ ਐਕਸਚੇਂਜ
www.bestwayforeignexchange.com
Sony Sidhu (Zira)
Ph: 778-246-2500 (Abbotsford)
604-592-2676 (Surrey)
Unit 109-12830 80 Ave, York Centre Surrey

PEST CONTROL
RESIDENTIAL & COMMERCIALS
SAFE EFFECTIVE SOLUTIONS
Rats, Mice
Ant, Fire Brats
House Flies
Termites
Spider | Fleas
Bed Bugs
Cockroaches
Silver Fish
ALL SERVICES GUARANTEED
ਅਸੀਂ ਘਰਾਂ ਅਤੇ ਕਮਰਸ਼ੀਅਲ ਥਾਵਾਂ 'ਤੇ ਬਹੁਤ ਹੀ ਵਾਜਿਬ ਕੀਮਤਾਂ 'ਤੇ ਸਰਵਿਸ ਦਿੰਦੇ ਹਾਂ।
Randhir (Randy)
nppestcontrol05@gmail.com
778-683-8964, 778-895-6655

ਹੁਣ ਚਿਲੀਵੈਕ ਵਿਚ ਸਾਡੀ ਦੂਜੀ ਲੋਕੇਸ਼ਨ ਖੁੱਲ ਚੁੱਕੀ ਹੈ
GABA TIRE
All TIRES AVAILABLE (AS, AT & MT)
WHOLESALE TIRES
ਸਾਨੂੰ ਨਵੀਂ ਲੋਕੇਸ਼ਨ ਚਿਲੀਵੈਕ ਲਈ ਕੰਮ ਕਰਨ ਵਾਲੇ ਵਰਕਰ ਚਾਹੀਦੇ ਹਨ
604-897-3235 ABBOTSFORD
604-746-4222 31324 - 107 Peardonville Rd
604-316-3643 CHILLIWACK
BACK SIDE OF CHILLIWACK TAXI : 45877-HOCKING AVE

# ਕੈਨੇਡਾ ਵਿੱਚ ਪਹਿਲੇ ਸਾਬਤ ਸੂਰਤ ਸਿੱਖ ਕੈਪਟਨ ਬਣੇ ਹਸਨਦੀਪ ਸਿੰਘ ਖੁਰਲ

ਸਰੀ, (ਸਿਮਰਨਜੀਤ ਸਿੰਘ): ਕੈਨੇਡਾ ਵਿੱਚ ਇੱਕ ਨਵਾਂ ਇਤਿਹਾਸ ਰਚਦੇ ਹੋਏ ਹਸਨਦੀਪ ਸਿੰਘ ਖੁਰਲ ਪਹਿਲੇ ਸਾਬਤ ਸੂਰਤ ਸਿੱਖ ਕੈਪਟਨ ਬਣੇ ਹਨ। ਉਨ੍ਹਾਂ ਦਾ ਇਹ ਯਾਤਰਾ ਸਿਰਫ਼ ਉਡਾਨ ਦੇ ਸੁਪਨੇ ਤੱਕ ਹੀ ਸੀਮਤ ਨਹੀਂ ਰਹੀ, ਸਗੋਂ ਸਿੱਖ ਪਹਿਚਾਣ ਨੂੰ ਜ਼ਿੰਦਗੀ ਦੇ ਹਰ ਖੇਤਰ ਵਿੱਚ ਕਾਇਮ ਰੱਖਣ ਦਾ ਇੱਕ ਮਿਸਾਲੀ ਉਦਾਹਰਨ ਬਣ ਗਈ ਹੈ।

ਹਸਨਦੀਪ ਸਿੰਘ ਖੁਰਲ ਕਹਿੰਦੇ ਹਨ, ''ਜਦੋਂ ਮੈਂ ਸਕੂਲ ਵਿਚ ਪੜ੍ਹਦਾ ਸੀ, ਜਦ ਵੱਡੇ ਜਹਾਜ਼ ਅਸਮਾਨ ਵਿੱਚ ਉੱਡਦੇ ਦੇਖਦਾ, ਤਾਂ ਇਹ ਸਵਾਲ ਮਨ ਵਿੱਚ ਉੱਠਦਾ ਕਿ ਇਹ ਜਹਾਜ਼ ਕੌਣ ਅਤੇ ਕਿਵੇਂ ਚਲਾਉਂਦਾ ਹੋਵੇਗਾ। ਇਸ ਸਮੇਂ ਹੀ ਮੈਂ ਪਾਇਲਟ ਬਣਨ ਦਾ ਫੈਸਲਾ ਕੀਤਾ।''

ਪੰਜਾਬ ਦੇ ਮਿੱਟੀ ਨਾਲ ਜੁੜੇ ਉਨ੍ਹਾਂ ਨੇ ਆਪਣਾ ਸੁਪਨਾ ਪੂਰਾ ਕਰਨ ਲਈ ਕੈਨੇਡਾ ਦਾ ਰੁਖ਼ ਕੀਤਾ। ਐਬਟਸਫੋਰਡ ਦੀ ਯੂਨੀਵਰਸਿਟੀ ਆਫ਼ ਫਰੇਜ਼ਰ ਵੈਲੀ ਤੋਂ ਬੈਚਲਰ ਆਫ਼ ਬਿਜ਼ਨੈੱਸ ਐਡਮਿਨਿਸਟ੍ਰੇਸ਼ਨ ਐਵੀਏਸ਼ਨ ਦੀ ਪੜ੍ਹਾਈ ਕਰਦੇ ਹੋਏ, ਹਸਨਦੀਪ ਨੇ ਕਮਰਸ਼ੀਅਲ ਪਾਇਲਟ ਦਾ ਲਾਇਸੰਸ ਪ੍ਰਾਪਤ ਕੀਤਾ।

ਪਾਇਲਟ ਦੀ ਨੌਕਰੀ ਵਿੱਚ ਇੱਕ ਵੱਡੀ ਚੁਣੌਤੀ ਉਸ ਸਮੇਂ ਆਈ ਜਦੋਂ ਉਨ੍ਹਾਂ ਨੂੰ ਪਤਾ ਚੱਲਿਆ ਕਿ ਵੱਡੇ ਹਵਾਈ ਜਹਾਜ਼ਾਂ ਦੀਆਂ ਕੰਪਨੀਆਂ ਸਿਰਫ਼ ਕਲੀਨਸ਼ੇਵ ਜਾਂ ਥੋੜ੍ਹੀ ਬਹੁਤ ਦਾੜ੍ਹੀ ਵਾਲੇ ਪਾਇਲਟਾਂ ਨੂੰ ਪਾਇਲਟ ਬਨਾਉਂਦੀਆਂ ਹਨ। ਦਲੀਲ ਦਿੱਤੀ ਗਈ ਕਿ ਆਕਸੀਜਨ ਮਾਸਕ ਲੰਮੀ ਦਾੜ੍ਹੀ ਵਾਲਿਆਂ ਨੂੰ ਫਿੱਟ ਨਹੀਂ ਆਉਂਦਾ।



ਇਸੇ ਦੌਰਾਨ ਹਸਨਦੀਪ ਸਿੰਘ ਨੇ ਹਿੰਮਤ ਨਹੀਂ ਹਾਰੀ ਅਤੇ ਆਪਣੀ ਕੋਸ਼ਿਸ਼ ਜਾਰੀ ਰੱਖੀ। ਉਹ ਡੈਲਟਾ ਦੇ ਪੈਸੇਫਿਕ ਫਲਾਇੰਗ ਕਲੱਬ ਵਿੱਚ ਕਲਾਸ 2 ਫਲਾਈਟ ਇੰਸਟਰੱਕਟਰ ਬਣੇ। 2019 ਵਿੱਚ ਸਾਈਮਨ ਫਰੇਜ਼ਰ ਯੂਨੀਵਰਸਿਟੀ ਵਿੱਚ ਕੀਤੀ ਗਈ ਖੋਜ ਨੇ ਸਾਬਤ ਕੀਤਾ ਕਿ ਲੰਮੀ ਦਾੜ੍ਹੀ ਵਾਲੇ ਪਾਇਲਟ ਵੀ ਆਕਸੀਜਨ ਮਾਸਕ ਦਾ ਸਹੀ ਤਰੀਕੇ ਨਾਲ ਇਸਤੇਮਾਲ ਕਰ ਸਕਦੇ ਹਨ।

ਕੋਰੋਨਾ ਮਹਾਂਮਾਰੀ ਦੇ ਸਮੇਂ ਨਵੰਬਰ 2022 ਵਿੱਚ, ਹਸਨਦੀਪ ਸਿੰਘ ਵੈਸਟ ਜੈੱਟ ਏਨਕੋਰ ਏਅਰਲਾਈਨ ਵਿੱਚ ਪਾਇਲਟ ਬਣੇ। ਉਹਨਾਂ ਦੀ ਉਤਕ੍ਰਿਸ਼ਟ ਪ੍ਰਦਰਸ਼ਨ ਦੇ ਆਧਾਰ 'ਤੇ, ਕੁਝ ਸਮੇਂ ਬਾਅਦ ਉਨ੍ਹਾਂ ਨੂੰ ਕੈਪਟਨ ਦੇ ਔਹੁਦੇ 'ਤੇ ਤਰੱਕੀ ਦਿੱਤੀ ਗਈ। ਹਸਨਦੀਪ ਸਿਰਫ ਪਾਇਲਟ ਹੀ ਨਹੀਂ, ਬਲਕਿ ਬਾਸਕਟਬਾਲ ਦੇ ਉਤਕ੍ਰਿਸ਼ਟ ਖਿਡਾਰੀ ਵੀ ਰਹੇ ਹਨ। ਉਹ ਵਾਈ.ਐਮ.ਸੀ.ਏ. ਬਾਸਕਟਬਾਲ ਟੀਮ ਦੇ ਕੋਚ ਵਜੋਂ ਵੀ ਆਪਣੀ ਸੇਵਾਵਾਂ ਦੇ ਚੁੱਕੇ ਹਨ।

ਹਸਨਦੀਪ ਸਿੰਘ ਖੁਰਲ ਦਾ ਇਹ ਸਫਰ ਸਿੱਖ ਪਹਿਚਾਣ ਅਤੇ ਹਿੰਮਤ ਦੀ ਕਮਾਲ ਦੀ ਮਿਸਾਲ ਹੈ। ਉਹਨਾ ਦਾ ਕਹਿਣਾ ਹੈ, ''ਜਦੋਂ ਆਪਾ ਆਪਣੇ ਮੂਲਾਂ ਨਾਲ ਜੁੜੇ ਰਹੀਏ, ਤਾਂ ਕੋਈ ਵੀ ਚੁਣੌਤੀ ਸਾਨੂੰ ਹਾਰ ਨਹੀਂ ਸਕਦੀ।''

ਹਸਨਦੀਪ ਦੀ ਇਹ ਪ੍ਰਾਪਤੀ ਸਿੱਖ ਭਾਈਚਾਰੇ ਲਈ ਮਾਣ ਦਾ ਵਿਸ਼ਾ ਹੈ ਅਤੇ ਉਹਨਾਂ ਦੇ ਜਜ਼ਬੇ ਨੇ ਸਾਬਤ ਕਰ ਦਿੱਤਾ ਕਿ ਸਪਨੇ ਦੇਖਣ ਦੇ ਨਾਲ-ਨਾਲ ਹਿੰਮਤ ਅਤੇ ਮਿਹਨਤ ਨਾਲ ਉਹਨਾਂ ਨੂੰ ਹਕੀਕਤ ਵਿਚ ਬਦਲਿਆ ਜਾ ਸਕਦਾ ਹੈ। This report was written by Simranjit Singh as part of the Local Journalism Initiative.

# ਟੋਰਾਂਟੋ ਵਿੱਚ ਕਰੇਨ ਨਾਲ ਬੈਂਕ 'ਚੋਂ ਏ.ਟੀ.ਐਮ. ਲੁੱਟਿਆ



**ਸਰੀ, (ਸਿਮਰਨਜੀਤ ਸਿੰਘ):** ਟੋਰਾਂਟੋ ਤੋਂ ਇੱਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ ਜਿਥੇ ਨਿਰਮਾਣ ਕੰਮ ਲਈ ਵਰਤੀ ਜਾਣ ਵਾਲੀ ਕਰੇਨ ਮਸ਼ੀਨ ਦੀ ਮਦਦ ਨਾਲ ਇੱਕ ਬੈਂਕ ਦੇ ਸਾਹਮਣੇ ਦੇ ਹਿੱਸੇ ਨੂੰ ਤੋੜ ਕੇ ਏ.ਟੀ.ਐਮ ਅਤੇ ਕੁਝ ਨਕਦ ਚੋਰੀ ਕੀਤੀ ਗਈ ਹੈ।

ਇਹ ਵਾਕਆ ਮੰਗਲਵਾਰ ਸਵੇਰੇ 4:30 ਵਜੇ ਬੈਥਰਸਟ ਸਟਰੀਟ ਅਤੇ ਲਾਰੰਸ ਐਵਨਿਊ ਵੈਸਟ ਸਥਿਤ ਟੀ.ਡੀ. ਬੈਂਕ ਵਿੱਚ ਵਾਪਰਿਆ। ਘਟਨਾ ਸਥਾਨ ਤੋਂ ਪ੍ਰਾਪਤ ਤਸਵੀਰਾਂ ਵਿੱਚ ਬੈਂਕ ਦੇ ਸਾਹਮਣੇ ਦੀ ਇਮਾਰਤ ਨੂੰ ਤੋੜਦੇ ਦੇਖਿਆ ਜਾ ਸਕਦਾ ਹੈ।

ਪੁਲਿਸ ਮੁਤਾਬਕ, ਇਸ ਘਟਨਾ ਵਿੱਚ ਕੋਈ ਜ਼ਖਮੀ ਨਹੀਂ ਹੋਇਆ ਪਰ ਇਮਾਰਤ ਕਾਫੀ ਨੁਕਸਾਨ ਪਹੁੰਚਿਆ ਹੈ। ਇੱਕ ਏ.ਟੀ.ਐਮ. ਮਸ਼ੀਨ ਨੂੰ ਚੋਰੀ ਕਰ ਲਿਆ ਗਿਆ ਅਤੇ ਨਕਦ ਵੀ ਚੋਰੀ ਕੀਤੀ ਗਈ ਹੈ ਜਿਸ ਬਾਰੇ ਅਜੇ ਪੂਰੀ ਜਾਣਕਾਰੀ ਨਹੀਂ ਮਿਲ ਸਕੀ।

ਪੁਲਿਸ ਨੇ ਜਨਤਾ ਤੋਂ ਅਪੀਲ ਕੀਤੀ ਹੈ ਕਿ ਜੋ ਕੋਈ ਵੀ ਇਸ ਵਾਕਏ ਬਾਰੇ ਜਾਣਕਾਰੀ ਰੱਖਦਾ ਹੈ, ਉਹ ਪੁਲਿਸ ਨਾਲ ਸੰਪਰਕ ਕਰੇ। ਇਹ ਵਾਕਆ ਬੈਂਕ ਦੀ ਸੁਰੱਖਿਆ ਪ੍ਰਣਾਲੀ ਅਤੇ ਜਾਇਦਾਦ ਦੀ ਰੱਖਿਆ 'ਤੇ ਨਵੀਂ ਚਰਚਾ ਖੜ੍ਹਾ ਕਰਦਾ ਹੈ। ਪੁਲਿਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੀ ਹੈ। This report was written by Simranjit Singh as part of the Local Journalism Initiative.

# ਸਰੀ ਵਿੱਚ ਕਲਾ, ਖੇਡਾਂ ਅਤੇ ਮਨੋਰੰਜਨ ਸੈਕਟਰ ਦੇ ਰੁਜ਼ਗਾਰ ਵਿੱਚ 25% ਗਿਰਾਵਟ

**ਸਰੀ, (ਸਿਮਰਨਜੀਤ ਸਿੰਘ):** ਸਰੀ ਬੋਰਡ ਆਫ਼ ਟਰੇਡ ਦੀ ਨਵੀਂ ਰੁਜ਼ਗਾਰ ਬਾਜ਼ਾਰ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਜਿੱਥੇ ਸਰੀ ਮੈਟਰੋ ਵੈਨਕੂਵਰ ਦੇ ਸਭ ਤੋਂ ਵੱਡੇ ਲੇਬਰ ਫੋਰਸ ਵਾਲੇ ਸ਼ਹਿਰ ਵਜੋਂ ਉਭਰ ਰਿਹਾ ਹੈ, ਉੱਥੇ ਕਲਾ ਅਤੇ ਮਨੋਰੰਜਨ ਸੈਕਟਰ ਵਿੱਚ ਰੁਜ਼ਗਾਰ ਵਿੱਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ।



2024 ਦੌਰਾਨ, ਕਲਾ, ਖੇਡਾਂ, ਮਨੋਰੰਜਨ ਅਤੇ ਸਪੋਰਟਸ ਸੈਕਟਰ ਵਿੱਚ ਸਰੀ ਵਿੱਚ ਰੁਜ਼ਗਾਰ 25.1% ਘਟ ਗਿਆ ਹੈ। ਇਸ ਗਿਰਾਵਟ ਦੇ ਪ੍ਰਭਾਵਾਂ ਨੂੰ ਗੰਭੀਰ ਮੰਨਦੇ ਹੋਏ ਬੋਰਡ ਦੇ ਬੁਲਾਰੇ ਜਸਰੂਪ ਗੋਸਲ ਨੇ ਕਿਹਾ, "ਇਹ ਗਿਰਾਵਟ ਚਿੰਤਾਜਨਕ ਹੈ। ਇਹ ਰੁਜ਼ਗਾਰ ਸਰੀ ਦੀ ਜੀਵਨਯੋਗਤਾ ਲਈ ਬਹੁਤ ਅਹਿਮ ਹਨ। ਇਹ ਉਦਯੋਗ ਨਾ ਸਿਰਫ਼ ਆਰਥਿਕ ਤਰੱਕੀ ਲਈ ਮਹੱਤਵਪੂਰਨ ਹਨ, ਸਗੋਂ ਸਮਾਜਿਕ, ਵਿਭਿੰਨਤਾ ਅਤੇ ਸਮਾਜਿਕ ਸਬੰਧ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਇੱਕ ਜਿੰਦਾ ਦਿਲ ਸੱਭਿਆਚਾਰਕ ਦਰਸ਼ਕ, ਕਰਮਚਾਰੀਆਂ ਨੂੰ ਆਕਰਸ਼ਿਤ ਕਰਦਾ ਹੈ, ਜੀਵਨ ਦੀ ਗੁਣਵੱਤਾ ਨੂੰ ਵਧਾਉਂਦਾ ਹੈ, ਅਤੇ ਸ਼ਹਿਰ ਨੂੰ ਵਪਾਰਾਂ ਅਤੇ ਪੇਸ਼ਾਵਰਾਂ ਲਈ ਬਿਹਤਰ ਬਣਾਉਂਦਾ ਹੈ।''

ਦੂਜੇ ਪਾਸੇ ਜਿੱਥੇ ਕਲਾ ਅਤੇ ਮਨੋਰੰਜਨ ਸੈਕਟਰ ਵਿੱਚ ਰੁਜ਼ਗਾਰ ਵਿੱਚ ਗਿਰਾਵਟ ਹੋਈ ਹੈ, ਉੱਥੇ ਕੁਝ ਹੋਰ ਖੇਤਰਾਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ:

ਟ੍ਰੇਡ, ਟ੍ਰਾਂਸਪੋਰਟ ਅਤੇ ਔਜ਼ਾਰ ਚਲਾਉਣ ਵਾਲੇ ਸੈਕਟਰ ਵਿੱਚ 11,589 ਨਵੀਂ ਨੌਕਰੀਆਂ ਦੇ ਨਾਲ 19.6% ਵਾਧਾ ਵੇਖਣ ਨੂੰ ਮਿਲਿਆ ਹੈ। ਮੈਨੂਫੈਕਚਰਿੰਗ ਅਤੇ ਯੂਟਿਲਿਟੀਜ਼ ਵਿੱਚ 4,000 ਨਵੀਆਂ ਨੌਕਰੀਆਂ ਦੇ ਨਾਲ 32.1% ਵਾਧਾ ਵੇਖਣ ਨੂੰ ਮਿਲਿਆ ਹੈ।ਬਿਜ਼ਨਸ, ਵਿੱਤ ਅਤੇ ਪ੍ਰਸ਼ਾਸਨ ਵਿੱਚ 2,952 ਨਵੀਆਂ ਨੌਕਰੀਆਂ ਦੇ ਨਾਲ 6.4% ਅਤੇ ਕੁਦਰਤੀ ਅਤੇ ਐਪਲਾਈਡ ਸਾਇੰਸਜ਼ ਖੇਤਰ ਵਿੱਚ 1,800 ਤੋਂ ਵੱਧ ਨੌਕਰੀਆਂ ਦੇ ਨਾਲ 8.8% ਵਾਧਾ ਵੇਖਣ ਨੂੰ ਮਿਲਿਆ ਹੈ।

ਬੋਰਡ ਦੀ ਦਸੰਬਰ 2024 ਲੇਬਰ ਮਾਰਕਿਟ ਇੰਟੈਲੀਜੈਂਸ ਰਿਪੋਰਟ ਵਿੱਚ 2011 ਤੋਂ ਲੈ ਕੇ ਹੁਣ ਤੱਕ ਸਰੀ ਦੇ ਲੇਬਰ ਫੋਰਸ ਦੇ ਰੁਝਾਨਾਂ ਦੀ ਵਿਸ਼ੇਸ਼ ਝਲਕ ਸ਼ਾਮਲ ਕੀਤੀ ਗਈ ਹੈ। ਸਟੈਟਿਸਟਿਕਸ ਕੈਨੇਡਾ ਦੇ ਅਨੁਸਾਰ, ''ਲੇਬਰ ਫੋਰਸ'' ਦਾ ਮਤਲਬ ਹੈ 15 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਗੈਰ-ਸੰਸਥਾਤਮਕ ਨਾਗਰਿਕ, ਚਾਹੇ ਉਹ ਨੌਕਰੀ ਕਰ ਰਹੇ ਹੋਣ ਜਾਂ ਨਾ।

ਨਵੰਬਰ ਵਿੱਚ, ਸਰੀ ਦੀ ਬੇਰੁਜ਼ਗਾਰੀ ਦੀ ਦਰ ਬੀ.ਸੀ. ਦੇ ਔਸਤ 6.8% ਨਾਲੋਂ ਕੁਝ ਵੱਧ ਸੀ। ਕਲਾ ਅਤੇ ਮਨੋਰੰਜਨ ਸੈਕਟਰ ਵਿੱਚ ਰੁਜ਼ਗਾਰ ਦੀ ਗਿਰਾਵਟ ਸਿਰਫ਼ ਇੱਕ ਆਰਥਿਕ ਚੁਣੌਤੀ ਨਹੀਂ ਹੈ, ਸਗੋਂ ਸਰੀ ਦੀ ਸਮਾਜਿਕ ਅਤੇ ਸੱਭਿਆਚਾਰਕ ਜ਼ਿੰਦਗੀ ਲਈ ਵੀ ਇੱਕ ਵੱਡਾ ਸਵਾਲ ਚਿੰਨ੍ਹ ਖੜਾ ਕਰਦੀ ਹੈ। ਇਸ ਨੂੰ ਮੁੜ ਸੁਧਾਰਨ ਲਈ ਸਥਾਨਕ ਪ੍ਰਸ਼ਾਸਨ ਅਤੇ ਉਦਯੋਗਾਂ ਨੂੰ ਸਾਂਝੇ ਤੌਰ 'ਤੇ ਯਤਨ ਕਰਨ ਦੀ ਲੋੜ ਹੈ। This report was written by Simranjit Singh as part of the Local Journalism Initiative.



# ਬ੍ਰਿਟਿਸ਼ ਕੋਲੰਬੀਆ ਦੇ ਖੇਤੀਬਾੜੀ ਮਜ਼ਦੂਰਾਂ ਲਈ ਮਜ਼ਦੂਰੀ 3.9 ਪ੍ਰਤੀਸ਼ਤ ਵਧੀ

**ਸਰੀ, (ਸਿਮਰਨਜੀਤ ਸਿੰਘ):** ਬ੍ਰਿਟਿਸ਼ ਕੋਲੰਬੀਆ ਦੇ ਖੇਤੀਬਾੜੀ ਮਜ਼ਦੂਰਾਂ ਲਈ 15 ਤਰਾਂ ਦੇ ਖੇਤੀਬਾੜੀ ਪੈਦਾਵਾਰ ਲਈ ਮਜ਼ਦੂਰੀ 3.9 ਪ੍ਰਤੀਸ਼ਤ 2025 ਤੋਂ ਵਧਾ ਦਿੱਤੀ ਹੈ। ਇਹ ਨਵੀਆਂ ਦਰਾਂ ਨਵੇਂ ਨਾਲ ਤੋਂ ਲਾਗੂ ਵੀ ਕਰ ਦਿੱਤੀਆਂ ਗਈਆਂ ਹਨ। ਖੇਤੀਬਾੜੀ ਮਜ਼ਦੂਰਾਂ ਨੂੰ ਤਨਖਾਹ ਜਾਂ ਘੰਟਾਵਾਰੀ ਤਨਖਾਹਾਂ ਦੇ ਨਾਲ ਨਾਲ ਕੁਝ ਹੱਥੀਂ ਚੁਣੀਆਂ ਜਾਣ ਵਾਲੀਆਂ ਪੈਦਾਵਾਰਾਂ ਲਈ ਨਿਰਧਾਰਿਤ ਦਰਾਂ 'ਤੇ ਅਦਾਇਗੀ ਨਵੀਆਂ ਦਰਾਂ ਦੇ ਆਧਾਰ 'ਤੇ ਕੀਤੀ ਜਾਵੇਗੀ।

ਹਥੀਂ ਚੁਣੀਆਂ ਜਾਣ ਵਾਲੀਆਂ ਪੈਦਾਵਾਰਾਂ ਦੇ ਸਮਰਥਨ ਹੇਠ 15 ਫਸਲਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਵਿੱਚ, ਖੁੰਬਾਂ, ਸੇਬ, ਨਾਸ਼ਪਾਤੀ, ਮੀਠੇ ਆਲੂ, ਬਲੂਬੈਰੀ, ਰਸਭਰੀ, ਸਟਰਾਬੈਰੀ, ਸਾਖਾਂ, ਮਟਰ, ਖੁਮਾਣੀ ਅਤੇ ਦਾਫੋਡਿਲ ਦੇ ਫੁੱਲ ਸ਼ਾਮਲ ਹਨ।

ਨਵੀਆਂ ਦਰਾਂ ਪਿਛਲੇ ਸਾਲ ਦੀ ਮਹਿੰਗਾਈ ਦਰ ਦੇ ਅਧਾਰ 'ਤੇ ਵਧਾਈਆਂ ਗਈਆਂ ਹਨ। ਐਮਪਲੋਇਮੈਂਟ ਸਟੈਂਡਰਡਜ਼ ਐਕਟ ਦੇ ਅਧੀਨ ਇਹ ਦਰਾਂ ਬਦਲੀਆਂ ਗਈਆਂ ਹਨ, ਜਿਸ ਨਾਲ ਸਾਰੇ ਖੇਤਰਾਂ ਲਈ ਜਨਰਲ ਘਟ ਮਜ਼ਦੂਰੀ ਦਰ ਵੀ ਵਧੇਗੀ।

ਖੇਤੀ ਮਾਲਕਾਂ ਨੂੰ ਸਾਈਟ 'ਤੇ ਨੋਟਿਸ ਲਗਾਉਣੇ ਜ਼ਰੂਰੀ ਕੀਤੇ ਗਏ ਹਨ, ਜਿਨ੍ਹਾਂ ਵਿੱਚ ਹਰ ਪੈਦਾਵਾਰ ਦੀ ਦਰ, ਚੁਣਨ ਲਈ ਕੰਟੇਨਰ ਦਾ ਆਕਾਰ ਅਤੇ ਉਸ ਦੇ ਭਰਨ ਲਈ ਲੋੜੀਂਦੀ ਮਾਤਰਾ ਦਰਸਾਈ ਜਾਵੇਗੀ।



ਪਹਿਲਾਂ ਜਨਵਰੀ 2019 ਵਿੱਚ ਤਨਖਾਹਾਂ ਵਿੱਚ 11.5 ਪ੍ਰਤੀਸ਼ਤ ਦਾ ਵਾਧਾ ਕੀਤਾ ਗਿਆ ਸੀ, ਜਦਕਿ ਜਨਵਰੀ 2024 ਵਿੱਚ ਇਹ 6.9 ਪ੍ਰਤੀਸ਼ਤ ਵਧੀਆਂ ਸਨ। ਇਹ ਵਾਧੇ ਮਹਿੰਗਾਈ ਨੂੰ ਸਮਝਣ ਅਤੇ ਖੇਤੀ ਮਜ਼ਦੂਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਦਾ ਹਿੱਸਾ ਹਨ। This report was written by Simranjit Singh as part of the Local Journalism Initiative.

**ਹਰੇਕ ਪੈਦਾਵਾਰ ਲਈ ਨਵੀਆਂ ਦਰਾਂ ਇਸ ਪ੍ਰਕਾਰ ਹਨ।**

| | |
|---|---|
| ਸੇਬ | : $24.05 ਪ੍ਰਤੀ ਬਿੰਨ (27.1 ft³) |
| ਖੁਮਾਣੀ | : $27.67 ਪ੍ਰਤੀ ਅੱਧਾ ਬਿੰਨ (13.7 ft³) |
| ਮੀਠੇ ਆਲੂ | : $0.329 ਪ੍ਰਤੀ ਪਾਉਂਡ |
| ਬਲੂਬੈਰੀ | : $0.558 ਪ੍ਰਤੀ ਪਾਉਂਡ |
| ਮੁਗਲੀ | : $0.230 ਪ੍ਰਤੀ ਪਾਉਂਡ |
| ਰਸਭਰੀ | : $0.317 ਪ੍ਰਤੀ ਪਾਉਂਡ |
| ਅੰਗੂਰ | : $25.56 ਪ੍ਰਤੀ ਅੱਧਾ ਬਿੰਨ |
| ਖੁੰਬਾਂ | : $0.332 ਪ੍ਰਤੀ ਪਾਉਂਡ |
| ਆੜੂ | : $25.56 ਪ੍ਰਤੀ ਅੱਧਾ ਬਿੰਨ |
| ਨਾਸ਼ਪਾਤੀ | : $27.08 ਪ੍ਰਤੀ ਬਿੰਨ |
| ਮਟਰ | : $0.411 ਪ੍ਰਤੀ ਪਾਉਂਡ |
| ਖੁਮਾਣੀ | : $27.08 ਪ੍ਰਤੀ ਅੱਧਾ ਬਿੰਨ |
| ਸਟ੍ਰਾਬੈਰੀ | : $0.484 ਪ੍ਰਤੀ ਪਾਉਂਡ |
| ਦਾਫੋਡਿਲ | : $0.193 ਪ੍ਰਤੀ ਗੁੱਛਾ (10 ਤਣੇ) |

# ਜੂਨ ਮਹੀਨੇ ਵਾਲੇ ਜੀ-7 ਸੰਮੇਲਨ 2025 ਦੀ ਪ੍ਰਧਾਨਗੀ ਕਰੇਗਾ ਕੈਨੇਡਾ

ਔਟਵਾ : ਕੈਨੇਡਾ 2025 ਵਿਚ ਦੁਨੀਆ ਦੀਆਂ ਸਭ ਤੋਂ ਵੱਡੀਆਂ ਆਰਥਿਕਤਾ ਵਾਲੇ ਦੇਸ਼ਾਂ ਦੇ ਸਮੂਹ, ਯਾਨੀ ਜੀ-7 ਦੀ ਪ੍ਰਧਾਨਗੀ ਕਰੇਗਾ। ਇਹ ਸੰਮੇਲਨ ਕੈਨੇਡਾ ਲਈ ਕਾਫ਼ੀ ਮਹੱਤਵਪੂਰਨ ਹੈ ਕਿਉਂਕਿ ਇਹ ਅੱਤਵੀਂ ਵਾਰੀ ਹੋਵੇਗਾ ਜਦੋਂ ਕੈਨੇਡਾ ਇਸ ਸੰਮੇਲਨ ਦੀ ਮੇਜ਼ਬਾਨੀ ਕਰੇਗਾ। ਇਸ ਵਾਰ ਦੇ ਜੀ-7 ਸੰਮੇਲਨ ਨੂੰ 15 ਤੋਂ 17 ਜੂਨ ਤੱਕ ਅਲਬਰਟਾ ਦੇ ਕੈਨੈਨਸਕਿਸ ਵਿੱਚ ਆਯੋਜਿਤ ਕਰਨ ਦੀ ਯੋਜਨਾ ਹੈ। ਜੀ-7 ਵਿੱਚ ਅਮਰੀਕਾ, ਫ਼੍ਰਾਂਸ, ਜਰਮਨੀ, ਜਾਪਾਨ, ਯੂਕੇ, ਇਟਲੀ, ਕੈਨੇਡਾ ਅਤੇ ਯੂਰਪੀਅਨ ਯੂਨੀਅਨ ਸ਼ਾਮਲ ਹਨ। ਇਹ ਸਮੂਹ ਉਦਾਰਵਾਦੀ ਲੋਕਤੰਤਰ ਅਤੇ ਮੁਕਤ ਬਾਜ਼ਾਰਾਂ ਨੂੰ ਵਧਾਵਾ ਦੇਣ ਲਈ ਪ੍ਰਤੀਬੱਧ ਹਨ। ਪਿਛਲੇ ਪੰਜ ਦਹਾਕਿਆਂ ਤੋਂ, ਇਹ ਦੇਸ਼ ਆਰਥਿਕ ਅਤੇ ਸਮਾਜਿਕ ਚੁਣੌਤੀਆਂ ਨਾਲ ਨਜਿੱਠਣ ਲਈ ਤਾਲਮੇਲ ਕਰਦੇ ਆ ਰਹੇ ਹਨ।

ਜੀ-7 ਦੀ ਪ੍ਰਧਾਨਗੀ ਹਰੇਕ ਦੇਸ਼ ਨੂੰ ਵਰਤਾਰਿਕ ਰੂਪ ਵਿੱਚ ਮਿਲਦੀ ਹੈ। ਪ੍ਰਧਾਨਗੀ ਦੇ ਦੌਰਾਨ, ਹੋਸਟ ਦੇਸ਼ ਵਿਸ਼ਵ ਆਰਥਿਕਤਾ, ਜਲਵਾਯੂ ਬਦਲਾਅ, ਕਾਨੂੰਨੀ ਰਾਜ ਅਤੇ ਮਨੁੱਖੀ ਅਧਿਕਾਰਾਂ ਵਰਗੇ ਮੁੱਦਿਆਂ 'ਤੇ ਚਰਚਾ ਲਈ ਅਜੈਂਡਾ ਤੈਅ ਕਰਦਾ ਹੈ। ਇਸ ਸਮੂਹ ਦਾ ਕੋਈ ਸਥਾਈ ਦਫ਼ਤਰ ਜਾਂ ਚਾਰਟਰ ਨਹੀਂ ਹੈ। ਇਸਦੇ ਫੈਸਲੇ ਸਹਿਮਤੀ ਦੇ ਆਧਾਰ 'ਤੇ ਹੁੰਦੇ ਹਨ, ਜੋ ਇਸਦੀ ਗਤੀਵਿਧੀਆਂ ਨੂੰ ਲਚਕੀਲਾ ਅਤੇ ਪ੍ਰਭਾਵਸ਼ਾਲੀ ਬਣਾਉਂਦਾ ਹੈ।




ਕੈਨੇਡਾ 1976 ਵਿਚ ਜੀ-7 ਵਿੱਚ ਸ਼ਾਮਲ ਹੋਇਆ ਅਤੇ ਇਸ ਸਮੂਹ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਦੇ ਨਾਲ ਹੀ, ਕੈਨੇਡਾ ਟੋਰਾਂਟੋ ਯੂਨੀਵਰਸਿਟੀ ਦੇ ਜੀ-7 ਰਿਸਰਚ ਗਰੁੱਪ ਲਈ ਵੀ ਜਾਣਿਆ ਜਾਂਦਾ ਹੈ, ਜੋ ਇਸ ਗੱਲ ਦੀ ਨਿਗਰਾਨੀ ਕਰਦਾ ਹੈ ਕਿ ਮੈਂਬਰ ਦੇਸ਼ ਆਪਣੀਆਂ ਵਚਨਬੱਧਤਾਵਾਂ ਨੂੰ ਕਿਵੇਂ ਪੂਰਾ ਕਰਦੇ ਹਨ। ਜੀ-7 ਸ਼ੁਰੂਆਤੀ ਦੌਰ ਵਿੱਚ ਆਰਥਿਕ ਮਾਮਲਿਆਂ 'ਤੇ ਕੇਂਦਰਿਤ ਸੀ। ਹਾਲਾਂਕਿ, ਚੀਨ ਅਤੇ ਭਾਰਤ ਵਰਗੇ ਉਭਰਦੇ ਦੇਸ਼ਾਂ ਦੀ ਪ੍ਰਭਾਵਸ਼ਾਲੀ ਹਾਜ਼ਰੀ ਨੇ ਸਮੂਹ ਨੂੰ ਮਨੁੱਖੀ ਅਧਿਕਾਰਾਂ, ਕਾਨੂਨੀ ਰਾਜ ਅਤੇ ਜਲਵਾਯੂ ਬਦਲਾਅ ਜਿਵੇਂ ਵਿਸ਼ਵਸਤਰ ਦੇ ਮੁੱਦਿਆਂ 'ਤੇ ਧਿਆਨ ਕੇਂਦ੍ਰਿਤ ਕਰਨ ਲਈ ਪ੍ਰੇਰਿਤ ਕੀਤਾ ਹੈ। 1997 ਵਿੱਚ, ਰੂਸ ਨੂੰ ਵੀ ਇਸ ਸਮੂਹ ਵਿੱਚ ਸ਼ਾਮਲ ਕੀਤਾ ਗਿਆ ਅਤੇ ਇਸ ਨੂੰ ਜੀ-8 ਕਿਹਾ ਗਿਆ। ਪਰ 2014 ਵਿੱਚ, ਕ੍ਰੀਮੀਆ 'ਤੇ ਕਬਜ਼ੇ ਤੋਂ ਬਾਅਦ, ਰੂਸ ਨੂੰ ਇਸ ਸਮੂਹ ਤੋਂ ਬਾਹਰ ਕੱਢ ਦਿੱਤਾ ਗਿਆ।

ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
EYE GLASSES
CONTACT LENSES
SUNGLASSES
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।
ਸਾਡਾ ਐਡਰੈੱਸ ਨੋਟ ਕਰੋ
Abbotsford #103-2955 Gladwin Rd.
604-864-8803
Surrey (Kwantlen Square)
Unit # 105, 12568-72 Ave, Surrey
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Unit #105, 12568-72 Ave, Surrey

BHUPINDER OBEROI
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
FREE
SIGHT TEST

ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ

MONEY
BACK LIFE
INSURANCE
- ਲਾਇਫ਼ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰੀਟੀਕਲ ਇਲਨੈਂਸ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ


15 YEARS EXPERIENCE
ਬਰਿੰਦਰ ਸਿੰਘ ਗਿੱਲ
604-835-1212
insuranceresp@gmail.com
MOVE TO : Unit 148-32050 Cedar Lane, Abbotsford
301 - 8128, 128 St. Surrey, B.C.

ੴ

## ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ 8115 132 ਸਟਰੀਟ, ਸਰੀ, ਬੀ.ਸੀ. ਵਿਖੇ



# ਵਿਸ਼ੇਸ਼ ਗੁਰਮਤਿ ਸਮਾਗਮ

## 3, 4, 5 ਜਨਵਰੀ 2025 ਨੂੰ

ਬੜੀ ਸ਼ਰਧਾ ਨਾਲ ਕਰਵਾਏ ਜਾ ਰਹੇ ਹਨ।
3 ਜਨਵਰੀ ਨੂੰ ਭਾਈ ਬਲਵਿੰਦਰ ਸਿੰਘ ਸਰਾਂ ਪਰਿਵਾਰ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿੰਨਾਂ ਦੇ ਭੋਗ 5 ਜਨਵਰੀ ਦਿਨ ਐਤਵਾਰ 9:30 ਵਜੇ ਪੈਣਗੇ। ਉਪਰੰਤ ਗੁਰਮਤਿ ਦੀਵਾਨ ਸਜਣਗੇ, ਜਿਸ ਵਿੱਚ ਕਥਾ, ਕੀਰਤਨ, ਢਾਂਡੀ ਵਾਰਾਂ ਉਪਰੰਤ ਗੁਰੂ ਕਾ ਲੰਗਰ ਅਟੁੱਟ ਵਰਤੇਗਾ ਜੀ ।

4 ਜਨਵਰੀ ਦਿਨ ਸ਼ਨਿੱਚਰਵਾਰ ਸ਼ਾਮ 6 ਤੋਂ 8 ਵਜੇ ਤੱਕ ਬੱਚੇ ਤੰਤੀ ਸਾਜਾਂ ਨਾਲ ਕੀਰਤਨ ਦੁਆਰਾ ਨਿਹਾਲ ਕਰਨਗੇ।

ਆਪ ਜੀ ਪਰਿਵਾਰ ਸਮੇਤ ਦਰਸ਼ਨ ਦੇ ਕੇ ਅਤੇ ਤਨ, ਮਨ, ਧਨ ਨਾਲ ਸੇਵਾ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

### ਪਹੁੰਚ ਰਹੇ ਜਥੇ



ਭਾਈ ਅਸ਼ੋਕ ਸਿੰਘ ਜੀ
ਦਿੱਲੀ ਵਾਲੇ



ਭਾਈ ਜਸਵੰਤ ਸਿੰਘ ਜੀ
ਅੰਮ੍ਰਿਤਸਰ ਵਾਲੇ



ਕਥਾਵਾਚਕ
ਭਾਈ ਗੁਰਸ਼ਰਨ ਸਿੰਘ ਜੀ



ਕਥਾਵਾਚਕ
ਪ੍ਰਿੰਸੀਪਲ ਗੁਰਬਚਨ ਸਿੰਘ ਪੰਨਵਾ



ਢਾਡੀ
ਜਗਜੀਵਨ ਸਿੰਘ ਅਰਜਨਵਾਲ

SCAN TO WATCH

ਦਾਸਰੇ : ਗੁਰਦੁਆਰਾ ਪ੍ਰਬੰਧਕ ਕਮੇਟੀ
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ, ਬੀ.ਸੀ., ਕੈਨੇਡਾ
ਸੰਪਰਕ : +1 (604) 590-3232

# ਲੈਂਗਲੀ ਟਾਊਨਸ਼ਿਪ ਤੋਂ ਸਰੀ ਵੱਲ ਬਣੀ ਨਵੀਂ ਸੜਕ ਨਾ ਖੁੱਲ੍ਹਣ 'ਤੇ ਵਿਵਾਦ ਭਖਿਆ

## ਸਰੀ ਸਿਟੀ ਵਲੋਂ 24 ਐਵਨਿਊ ਤੱਕ ਸੜਕ ਦਾ ਕੰਮ ਮੁਕੰਮਲ ਪਰ ਲੈਂਗਲੀ ਟਾਊਨਸ਼ਿਪ ਵਲੋਂ ਅਜੇ ਵੀ ਕੰਮ ਅਧੂਰਾ

**ਸਰੀ, (ਸਿਮਰਨਜੀਤ ਸਿੰਘ):** ਲੈਂਗਲੀ ਟਾਊਨਸ਼ਿਪ ਅਤੇ ਸਰੀ ਸ਼ਹਿਰ ਦਰਮਿਆਨ ਇਕ ਨਵੀਂ ਸੜਕ ਜੋੜਨ ਦੀ ਯੋਜਨਾ ਨੂੰ ਲੈ ਕੇ ਵਿਵਾਦ ਖੜਾ ਹੋ ਗਿਆ ਹੈ। ਸਰੀ ਦੇ ਦੱਖਣੀ ਹਿੱਸੇ ਅਤੇ ਲੈਂਗਲੀ ਟਾਊਨਸ਼ਿਪ ਨੂੰ ਜੋੜਨ ਵਾਲੀ 24 ਐਵੇਨਿਊ ਦੀ ਨਵੀਂ ਸੜਕ ਸ਼ੁਰੂਆਤੀ ਦਿਨਾਂ ਵਿਚ ਹੀ ਨਹੀਂ ਖੁੱਲ ਸਕਦੀ, ਜੇਕਰ ਟਾਊਨਸ਼ਿਪ ਅਧਿਕਾਰੀ ਆਪਣੀ ਮਨ-ਮਨਾਈ 'ਤੇ ਕਾਇਮ ਰਹਿੰਦੇ ਹਨ।



ਸਰੀ ਨੇ 24 ਐਵੇਨਿਊ ਦੇ ਨਵੇਂ ਹਿੱਸੇ ਨੂੰ ਪੂਰਾ ਕਰ ਲਿਆ ਹੈ, ਜੋ ਕਿ 196 ਸਟਰੀਟ ਤੱਕ ਪਹੁੰਚਦੀ ਹੈ, ਜਿੱਥੇ ਸਰੀ ਅਤੇ ਲੈਂਗਲੀ ਦੀ ਹੱਦ ਮੌਜੂਦ ਹੈ। ਸਰੀ ਦੇ ਪਾਸੇ ਇਹ ਸੜਕ ਚਾਰ ਲੇਨ ਦੀ ਬਣਾਈ ਗਈ ਹੈ, ਜਿਸ 'ਚ ਲੇਨ ਡਿਵਾਈਡਰ ਅਤੇ ਨਵੇਂ ਫੁੱਟਪਾਥ ਸ਼ਾਮਲ ਹਨ। ਇਹ ਸੜਕ ਕੈਂਪਬਲ ਹਾਈਟਸ ਖੇਤਰ ਵਿੱਚੋਂ ਸਿੱਧੀ ਲੰਘਾਈ ਗਈ ਹੈ। ਦੂਜੇ ਪਾਸੇ, ਲੈਂਗਲੀ ਟਾਊਨਸ਼ਿਪ ਦੇ ਹਿੱਸੇ 'ਚ ਇਹ ਸੜਕ ਸਿਰਫ਼ ਦੋ ਲੇਨ ਦੀ ਹੈ ਅਤੇ ਸੜਕ ਦੇ ਕਿਨਾਰੇ ਨਾ ਫੁੱਟਪਾਥ ਹੈ, ਨਾ ਸਾਈਕਲ ਲੇਨ ਜਿਸ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਰਿਹਾ ਹੈ। 196 ਸਟਰੀਟ, ਜੋ ਕਿ 28 ਐਵੇਨਿਊ ਤੱਕ ਜਾਂਦੀ ਹੈ, ਇਸ 'ਤੇ ਪੀਲੇ ਰੰਗ ਦੀ ਮੱਧ ਰੇਖਾ ਵੀ ਨਹੀਂ ਹੈ। ਦੱਖਣ ਵੱਲ ਇਹ ਸੜਕ ਇੱਕ ਬੰਦ ਗਲੀ 'ਤੇ ਖ਼ਤਮ ਹੁੰਦੀ ਹੈ।

23 ਦਸੰਬਰ ਨੂੰ ਲੈਂਗਲੀ ਟਾਊਨਸ਼ਿਪ ਨਿਵਾਸੀਆਂ ਨੂੰ ਇਕ ਪੱਤਰ ਭੇਜਿਆ ਜਿਸ ਵਿੱਚ ਸਰੀ ਦੀ ਕਾਰਵਾਈ ਦੀ ਸੂਚਨਾ ਦਿੱਤੀ ਗਈ। ਪੱਤਰ ਵਿੱਚ ਕਿਹਾ ਗਿਆ ਕਿ ਸਰੀ ਨੇ ਆਪਣੀ ਹੱਦ ਵਿੱਚ 24 ਐਵੇਨਿਊ ਤੱਕ ਕੰਮ ਪੂਰਾ ਕਰਕੇ ਇਸ ਨੂੰ ਨਵੇਂ ਸਾਲ ਵਿੱਚ ਪੂਰੀ ਤਰ੍ਹਾਂ ਖੋਲ੍ਹਣ ਦੀ ਯੋਜਨਾ ਬਣਾਈ ਹੈ। ਇਸ 'ਤੇ ਟਾਊਨਸ਼ਿਪ ਨੇ ਜਵਾਬੀ ਕਾਰਵਾਈ ਕਰਦਿਆਂ ਆਪਣੀ ਹੱਦ ਦੇ ਅੰਦਰ ਰੋਕਾਂ ਦੁਬਾਰਾ ਲਗਾਉਣ ਦੀ ਯੋਜਨਾ ਦੱਸੀ ਹੈ।

ਲੋਕਲ ਨਿਵਾਸੀਆਂ ਨੇ ਨਵੀਂ ਰੋਕਾਂ ਦੀ ਸਥਿਤੀ 'ਤੇ ਨਾਰਾਜ਼ਗੀ ਜਤਾਈ ਹੈ। ਰੋਕਾਂ ਦੀ ਨਵੀਂ ਸਥਿਤੀ ਕਾਰਨ ਪੈਦਲ ਚਲਣ ਵਾਲੇ ਲੋਕਾਂ ਨੂੰ ਦੂਜੀ ਸਾਈਡ 'ਤੇ ਜਾਣ ਵਿੱਚ ਮੁਸ਼ਕਲਾਂ ਆ ਰਹੀਆਂ ਹਨ। ਸਿਰਫ ਇਹ ਹੀ ਨਹੀਂ, ਬਜ਼ੁਰਗ ਨਿਵਾਸੀ ਜੋ ਵਾਕਰ ਜਾਂ ਲਾਠੀਆਂ ਦੀ ਮਦਦ ਨਾਲ ਚਲਦੇ ਹਨ, ਉਨ੍ਹਾਂ ਲਈ ਇਹ ਹੋਰ ਵੀ ਦਿੱਕਤ ਆ ਰਹੀ ਹੈ। ਇਕ ਨਿਵਾਸੀ ਨੇ ਕਿਹਾ ਕਿ ਸਥਿਤੀ ਬਹੁਤ ਖਤਰਨਾਕ ਹੈ, ਖਾਸ ਕਰਕੇ 196 ਸਟਰੀਟ ਅਤੇ 24 ਐਵੇਨਿਊ ਦੇ ਕਿਨਾਰੇ ਜਿਥੇ ਵੱਡੇ ਡੰਪ ਟਰੱਕ ਮੁੜਦੇ ਹਨ। ਇਹ ਸਥਿਤੀ ਸੜਕ 'ਤੇ ਚਲਦੇ ਲੋਕਾਂ ਲਈ ਵੱਡਾ ਖ਼ਤਰਾ ਪੈਦਾ ਕਰ ਰਹੀ ਹੈ। ਹਾਲਾਂਕਿ ਲੈਂਗਲੀ ਟਾਊਨਸ਼ਿਪ ਨੇ ਇਸ ਮਸਲੇ ਨੂੰ ਲੈ ਕੇ ਸਰੀ ਸ਼ਹਿਰ ਨਾਲ ਸੰਪਰਕ ਕੀਤਾ ਹੈ, ਨਵੇਂ ਸਾਲ ਦੀਆਂ ਛੁੱਟੀਆਂ ਕਾਰਨ ਉਨ੍ਹਾਂ ਨੂੰ ਹਾਲੇ ਕੋਈ ਜਵਾਬ ਨਹੀਂ ਮਿਲਿਆ। ਹੁਣ ਇਹ ਦੇਖਣਾ ਹੋਵੇਗਾ ਕਿ ਦੋਨੋਂ ਪਾਸੇ ਕੀ ਸਮਝੌਤਾ ਹੁੰਦਾ ਹੈ ਅਤੇ ਸੜਕ ਖੋਲ੍ਹਣ ਲਈ ਕੀ ਕਦਮ ਚੁੱਕੇ ਜਾਂਦੇ ਹਨ। This report was written by Simranjit Singh as part of the Local Journalism Initiative.

# 2024 ਲਈ ਸਰੀ ਦੀ ਮੇਅਰ ਮੇਅਰ ਬ੍ਰੈਂਡਾ ਲੌਕ ਨੂੰ ਮਿਲਿਆ 'ਨਿਊਜ਼ ਮੇਕਰ' ਦਾ ਖਿਤਾਬ

**ਸਰੀ, (ਸਿਮਰਨਜੀਤ ਸਿੰਘ):** ਸਰੀ ਦੀ ਮੇਅਰ ਬ੍ਰੈਂਡਾ ਲਾਕ 2024 ਵਿੱਚ ਸਰੀ ਦੀ ਸਾਲ ਦੀ ਸਭ ਤੋਂ ਵੱਧ ਚਰਚਿਤ ਹਸਤੀ ਰਹੀ। ਮੇਅਰ ਬ੍ਰੈਂਡਾ ਲਾਕ ਨੇ ਪਿਛਲੇ ਇਸ ਲਈ ਮਸਲੇ 'ਤੇ ਲੰਬੀ ਬਹਿਸ ਕੀਤੀ ਸੀ ਕਿ ਸਰੀ ਰੋਇਲ ਕੈਨੇਡੀਅਨ ਮਾਊਂਟਿਡ ਪੁਲਿਸ (RCMP) ਨੂੰ ਹੀ ਪੁਲਿਸ ਫੋਰਸ ਦੇ ਤੌਰ 'ਤੇ ਬਣਾਈ ਰੱਖਣ ਦਾ ਫੈਸਲਾ ਸਹੀ ਹੈ, ਨਾ ਕਿ ਸਰੀ ਪੁਲਿਸ ਸਰਵਿਸ (SPS) ਨਾਲ ਬਦਲਾਅ ਕਰਨਾ।

ਜਨਵਰੀ 2024 ਵਿੱਚ, ਸਰੀ ਸ਼ਹਿਰ ਨੇ ਇਕ ਸਰਵੇਅ ਦੇ ਨਤੀਜੇ ਜਾਰੀ ਕੀਤੇ ਜਿਸਨੂੰ ਲੇਜਰ ਪੋਲਿੰਗ ਫਰਮ ਨੇ ਤਿਆਰ ਕੀਤਾ ਸੀ। ਇਸ ਸਰਵੇਅ 'ਚ ਦਰਸਾਇਆ ਗਿਆ ਕਿ 50% ਤੋਂ ਵੱਧ ਲੋਕ ਆਰ.ਸੀ.ਐਮ.ਪੀ. ਨੂੰ ਰੱਖਣ ਦੇ ਹੱਕ 'ਚ ਸਨ, ਜਦੋਂ ਕਿ ਸਿਰਫ਼ 29% ਨੇ ਐਸ.ਪੀ.ਐਸ. ਨਾਲ ਬਦਲਾਅ ਦੀ ਪਸੰਦ ਜਤਾਈ। ਇਸ ਦੇ ਉਲਟ, ਵਿਰੋਧੀ ਕੌਂਸਲਰਾਂ ਨੇ ਇਸਨੂੰ ਟੈਕਸਦਾਤਾਵਾਂ ਦੇ ਪੈਸਿਆਂ ਦੀ ਬਰਬਾਦੀ ਕਿਹਾ। ਬ੍ਰੈਂਡਾ ਲੌਕ ਨੇ ਇਸ ਨੂੰ "ਵਿਆਪਕ" ਸਰਵੇਅ ਕਹਿੰਦਿਆਂ ਦਾਅਵਾ ਕੀਤਾ ਕਿ ਸਰੀ ਦੇ ਵਾਸੀਆਂ ਦੀ ਬਹੁਮਤ ਐਸ.ਪੀ.ਐਸ. ਦੇ



ਖਿਲਾਫ਼ ਹੈ। ਪਰ ਬਾਅਦ ਵਿੱਚ ਕੋਰਟ ਦੇ ਫੈਸਲੇ ਤੋਂ ਬਾਅਦ ਸਰੀ 'ਚ ਆਖਰਕਾਰ ਐਸ.ਪੀ.ਐਸ. ਪਲਿਸ ਦੀ ਤਬਦੀਲੀ ਕਰ ਦਿੱਤੀ ਗਈ ਅਤੇ ਆਖਰ ਮੇਅਰ ਬੈਂਡਾਂ ਲੌਕ ਨੂੰ ਕੌੜਾ ਘੁੱਟ ਭਰ ਕੇ ਸਬਰ ਕਰਨਾ ਪਿਆ। ਅਪ੍ਰੈਲ ਵਿੱਚ, ਸੁਰੱਖਿਆ ਮੰਤਰੀ ਮਾਈਕ ਫਾਰਨਵਰਥ ਨੇ ਐਲਾਨ ਕੀਤਾ ਕਿ ਐਸ.ਪੀ.ਐਸ. 29 ਨਵੰਬਰ ਤੋਂ ਆਰ.ਸੀ.ਐਮ.ਪੀ. ਦੀ ਥਾਂ ਲਵੇਗੀ। ਬੈਂਡਾਂ ਲੌਕ ਨੇ ਇਸ ਫ਼ੈਸਲੇ ਨੂੰ ਸਰੀ ਦੇ ਵਾਸੀਆਂ ਦੇ ਵਿਰੁੱਧ ਕਹਿ ਕੇ ਖ਼ਾਰਜ ਕੀਤਾ। ਮੇਅਰ ਲੌਕ ਨੇ ਸਰੀ ਸੁਪਰੀਮ ਕੋਰਟ ਵਿੱਚ ਅਦਾਲਤੀ ਸਮੀਖਿਆ ਦੀ ਮੰਗ ਕੀਤੀ, ਪਰ ਮਈ ਵਿੱਚ ਨਤੀਜਾ ਮੇਅਰ ਦੇ ਵਿਰੁੱਧ ਹੀ ਗਿਆ।

ਬਾਅਦ ਵਿੱਚ ਇਹ ਵੀ ਵੇਖਣ ਨੂੰ ਮਿਲਿਆ ਕਿ ਇਹ ਵਿਵਾਦ ਸਰੀ ਵਿੱਚ ਐਨ.ਡੀਪੀ. ਲਈ ਚੋਣ ਨਤੀਜਿਆਂ ਤੇ ਅਸਰਦਾਰ ਸਾਬਤ ਹੋਇਆ। ਅਕਤੂਬਰ ਵਿੱਚ ਹੋਇਆਂ ਸੂਬਾਈ ਚੋਣਾਂ ਵਿੱਚ ਐਨ.ਡੀ.ਪੀ. ਨੂੰ ਸਰੀ 'ਚ ਤਿੰਨ ਅਹਿਮ ਸੀਟਾਂ 'ਤੇ ਮਿਲੀ ਹਾਰ ਵੀ ਇਸ ਦੇ ਕਾਰਨ ਦੱਸਿਆ ਗਿਆ ਹੈ। This report was written by Simranjit Singh as part of the Local Journalism Initiative.






# ਸੈਂਟ ਲਾਰੈਂਸ ਦਰਿਆ ਵਿੱਚ ਫਸੇ ਜਹਾਜ਼ ਨੂੰ ਕੱਢਣ ਲਈ ਪਹਿਲੀ ਕੋਸ਼ਿਸ਼ ਰਹੀ ਅਸਫ਼ਲ



**ਸਰੀ, (ਸਿਮਰਨਜੀਤ ਸਿੰਘ):** ਮੌਂਟਰੀਆਲ ਦੇ ਉੱਤਰ-ਪੂਰਬ ਸੈਂਟ ਲਾਰੈਂਸ ਦਰਿਆ ਵਿੱਚ ਫਸੇ ਜਹਾਜ਼ ਨੂੰ ਕੱਢਣ ਲਈ ਪਹਿਲੀ ਕੋਸ਼ਿਸ਼ ਅਸਫ਼ਲ ਰਹੀ ਹੈ। ਹੁਣ ਦੂਜੀ ਕੋਸ਼ਿਸ਼ ਐਤਵਾਰ ਨੂੰ ਕੀਤੀ ਜਾਵੇਗੀ। ਕੈਨੇਡਾ ਕੋਸਟ ਗਾਰਡ ਦੇ ਅਨੁਸਾਰ, ਮਕੂਆ ਜਹਾਜ਼ ਦੇ ਮਾਲਕ ਨੇ ਇਸਦਾ ਭਾਰ ਘਟਾਉਣ ਲਈ 3,000 ਮੈਟ੍ਰਿਕ ਟਨ ਮੱਕੀ ਉਤਾਰਨ ਦੀ ਯੋਜਨਾ ਬਣਾਈ ਹੈ।

ਕੋਸਟ ਗਾਰਡ ਨੇ ਪਹਿਲਾਂ ਕਿਹਾ ਸੀ ਕਿ ਇਹ ਕਾਰਵਾਈ 1 ਜਨਵਰੀ ਨੂੰ ਸ਼ੁਰੂ ਹੋ ਸਕਦੀ ਹੈ, ਪਰ ਪਹਿਲੀ ਕੋਸ਼ਿਸ਼ ਦੇ ਅਸਫਲ ਰਹਿਣ ਤੋਂ ਬਾਅਦ ਹੁਣ ਵੀਰਵਾਰ ਨੂੰ ਮੱਕੀ ਉਤਾਰਨ ਅਤੇ ਐਤਵਾਰ ਨੂੰ ਜਹਾਜ਼ ਨੂੰ ਫਿਰ ਲੀਹ 'ਤੇ ਲਿਆਉਣ ਦੀ ਯੋਜਨਾ ਹੈ।

ਉਧਰ ਅਗਲੇ ਦਿਨਾਂ ਵਿੱਚ ਮੀਂਹ ਦੀ ਸੰਭਾਵਨਾ ਕਾਰਨ ਕਾਰਵਾਈ 'ਚ ਦੇਰੀ ਹੋ ਸਕਦੀ ਹੈ, ਕਿਉਂਕਿ ਮੱਕੀ ਨੂੰ ਮੀਂਹ ਵਿੱਚ ਉਤਾਰਨਾ ਮੁਸ਼ਕਿਲ ਹੈ। ਇਸਦੇ ਬਾਵਜੂਦ, ਕੋਸਟ ਗਾਰਡ ਨੇ ਕਿਹਾ ਕਿ ਜਹਾਜ਼ ਦੀ ਸਥਿਤੀ ਸਥਿਰ ਹੈ। ਜਹਾਜ਼ 'ਤੇ 20 ਅਧਿਕਾਰੀਆਂ ਦੀ ਟੀਮ ਮੌਜੂਦ ਹੈ ਅਤੇ ਕਿਸੇ ਪ੍ਰਕਾਰ ਦੀ ਪ੍ਰਦੂਸ਼ਣ ਦੀ ਗੱਲ ਸਾਹਮਣੇ ਨਹੀਂ ਆਈ।

ਮੱਕੀ ਨੂੰ ਓਸ਼ਨ ਗਰੁੱਪ ਦੀਆਂ ਦੋ ਕਿਸ਼ਤੀਆਂ 'ਤੇ ਚੜ੍ਹਾਇਆ ਜਾਵੇਗਾ, ਜਿਨ੍ਹਾਂ ਦੀ ਭਾਰ ਲੈਣ ਦੀ ਸਮਰੱਥਾ 1,500 ਮੈਟ੍ਰਿਕ ਟਨ ਪ੍ਰਤੀ ਕਿਸ਼ਤੀ ਹੈ।

ਐਮ.ਵੀ. ਮਕੂਆ, ਜੋ 185 ਮੀਟਰ ਲੰਬਾ ਸਾਇਪ੍ਰਸ ਝੰਡੇ ਵਾਲਾ ਬਲਕ ਕੈਰੀਅਰ ਹੈ, 24 ਦਸੰਬਰ ਨੂੰ ਸਵੇਰ ਦੇ ਸਮੇਂ ਵਿਅਰਚੇਰੇਸ, ਕਿਊਬਕ ਨੇੜੇ ਪਾਵਰ ਫੇਲਯਰ ਕਾਰਨ ਦਰਿਆ ਵਿੱਚ ਫਸ ਗਿਆ ਸੀ।

ਜਹਾਜ਼ ਨੂੰ ਸੁਰੱਖਿਅਤ ਰੱਖਣ ਲਈ ਕੋਸਟ ਗਾਰਡ ਅਤੇ ਮਾਲਕ ਪੂਰੀ ਕੋਸਸ਼ਿ ਕਰ ਰਹੇ ਹਨ। ਉਮੀਦ ਹੈ ਕਿ ਐਤਵਾਰ ਤੱਕ ਇਹ ਜਹਾਜ਼ ਫਿਰ ਤੋਂ ਆਪਣੇ ਤੋਰ ਦਿੱਤਾ ਜਾਵੇਗਾ। This report was written by Simranjit Singh as part of the Local Journalism Initiative.

# ਅਸੀਂ 2025 ਵਿਚ ਚੁਣੌਤੀਆਂ ਦਾ ਹੱਲ ਕੱਢਣ ਲਈ ਵਚਨਬੱਧ: ਪ੍ਰੀਮੀਅਰ ਡੇਵਿਡ ਈਬੀ



**ਸਰੀ, (ਸਿਮਰਨਜੀਤ ਸਿੰਘ):** ਵਿਕਟੋਰੀਆ, ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਡੇਵਿਡ ਈਬੀ ਨੇ 2025 ਲਈ ਆਪਣੇ ਨਵੇਂ ਸਾਲ ਦੇ ਸੁਨੇਹੇ ਵਿੱਚ ਚੁਣੌਤੀਆਂ ਨੂੰ ਸਵੀਕਾਰਦੇ ਹੋਏ ਆਸ਼ਾਵਾਦੀ ਸੁਰ ਅਲਾਪਿਆ। ਉਹਨਾਂ ਨੇ ਕਿਹਾ ਕਿ ਕਈ ਵੱਡੀਆਂ ਮੁਸ਼ਕਲਾਂ ਸੂਬੇ ਦੇ ਸਾਹਮਣੇ ਹਨ, ਪਰ ਉਹਨਾਂ ਦੇ ਪ੍ਰਬੰਧ ਲਈ ਪੜਾਅ-ਦਰ-ਪੜਾਅ ਇੱਕਜੁਟ ਢੰਗ ਨਾਲ ਅੱਗੇ ਵਧਣ ਦੀ ਜ਼ਰੂਰਤ ਹੈ।

ਪ੍ਰੀਮੀਅਰ ਈਬੀ ਨੇ ਸਵੀਕਾਰਿਆ ਕਿ 2024 ਸਾਲ ਕਈ ਬ੍ਰਿਟਿਸ਼ ਕੋਲੰਬੀਆ ਵਾਸੀਆਂ ਲਈ ਔਖਾ ਅਤੇ ਅਨਿਸ਼ਚਿਤਤਾਪੂਰਨ ਰਿਹਾ। ਹਾਲਾਂਕਿ ਉਹਨਾਂ ਨੇ ਇਸ ਸਾਲ ਦੇ ਸਬਕਾਂ ਨੂੰ ਮਜ਼ਬੂਤੀ ਦਾ ਸਰੋਤ ਬਣਾਉਣ ਦੀ ਗੱਲ ਕੀਤੀ। ਹਾਲਾਂਕਿ ਉਹਨਾਂ ਨੇ ਆਪਣੀ ਪਾਰਟੀ ਦੇ ਚੋਣ ਨਤੀਜੇ ਅਤੇ ਇਕ ਸੀਟ ਦੀ ਬਹੁਮਤ ਨਾਲ ਮੁੜ ਚੁਣੇ ਜਾਣ ਦੀ ਗੱਲ ਸਿੱਧੇ ਤੌਰ 'ਤੇ ਨਹੀਂ ਕੀਤੀ, ਪਰ ਕਿਹਾ ਕਿ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੇ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਸਰਕਾਰ ਨੂੰ ਰੋਜ਼ਾਨਾ ਦੀਆਂ ਚਿੰਤਾਵਾਂ ਨੂੰ ਹੱਲ ਕਰਨ ਲਈ ਮਿਹਨਤ ਕਰਨੀ ਚਾਹੀਦੀ ਹੈ।

ਪ੍ਰੀਮੀਅਰ ਨੇ ਕਿਹਾ ਕਿ ਸਿਹਤ ਸੇਵਾਵਾਂ, ਘਰਾਂ ਅਤੇ ਚਾਇਲਡਕੇਅਰ ਦੇ ਖੇਤਰ ਵਿੱਚ ਕੁਝ ਤਰੱਕੀ ਹਾਸਿਲ ਕੀਤੀ ਹੈ, ਪਰ ਹੁਣ ਵੀ ਬਹੁਤ ਕੁਝ ਕਰਨਾ ਬਾਕੀ ਹੈ।

ਉਹਨਾਂ ਨੇ ਯਕੀਨ ਦਿਵਾਇਆ ਕਿ 2025 ਵਿੱਚ ਮਹਿੰਗਾਈ ਨਾਲ ਜੂਝ ਰਹੀਆਂ ਪਰਿਵਾਰਾਂ ਲਈ ਆਰਥਿਕ ਮਦਦ ਉਪਲਬਧ ਕਰਵਾਈ ਜਾਵੇਗੀ।

ਪ੍ਰੀਮੀਅਰ ਈਬੀ ਨੇ ਦਾਅਵਾ ਕੀਤਾ ਕਿ 2025 ਦੇ ਸ਼ੁਰੂ ਵਿੱਚ 90 ਪ੍ਰਤੀਸ਼ਤ ਪਰਿਵਾਰਾਂ ਨੂੰ $1,000 ਦੀ ਟੈਕਸ ਰਾਹਤ ਦਿੱਤੀ ਜਾਵੇਗੀ। ਇਹ ਪਹਿਲਾਂ ਰੀਬੇਟ ਦੇ ਤੌਰ 'ਤੇ ਸ਼ੁਰੂ ਹੋਵੇਗੀ ਅਤੇ ਫਿਰ ਸਥਾਈ ਟੈਕਸ ਛੂਟ ਵਿੱਚ ਬਦਲੀ ਜਾਵੇਗੀ। ਇਸ ਸੰਬੰਧੀ ਵਿਸਥਾਰ ਅਤੇ ਕਾਨੂੰਨ ਸਾਲ ਦੀ ਬਜਟ ਪ੍ਰਸਤਾਵ ਵਿੱਚ ਸ਼ਾਮਲ ਕੀਤੇ ਜਾਣਗੇ।

ਉਹਨਾਂ ਨੇ ਨਵੇਂ ਘਰ ਬਣਾਉਣ ਅਤੇ ਨਿਰਮਾਣ ਦੀਆਂ ਰੋਕਾਂ ਨੂੰ ਦੂਰ ਕਰਨ ਲਈ ਸਪੇਕੂਲੇਸ਼ਨ ਖ਼ਤਮ ਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਨ ਦਾ ਐਲਾਨ ਕੀਤਾ। ਪ੍ਰੀਮੀਅਰ ਨੇ ਵਾਅਦਾ ਕੀਤਾ ਕਿ ਨੌਜਵਾਨਾਂ ਨੂੰ ਆਪਣੇ ਸਮੁਦਾਇਕ ਖੇਤਰਾਂ ਤੋਂ ਬਾਹਰ ਜਾਣ ਲਈ ਮਜ਼ਬੂਰ ਨਹੀਂ ਹੋਣ ਦਿੱਤਾ ਜਾਵੇਗਾ। This report was written by Simranjit Singh as part of the Local Journalism Initiative.


Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170



JOB AND FAIR
owned by L.S Fair Enterprise

We Provide a reliable and Flexible Workforce,

Ready to meet your labor needs anywhere, Ensuring efficient and timely support across various Locations.

» Move In & Out Cleaning
» One Off Deep Cleaning
» After Builder Cleaning
» Appliances Cleaning Incl. Oven
» Commercial Cleaning
» Pressure Cleaning
» Professional Carpet Cleaning

JASVINDER SINGH

CELL : +1 236-632-6301 | +1 604-512-5001
Email: jobandfair@gmail.com | Web: jobandfair.ca
12844 - 66B Ave. Surrey, B.C.

## ਬ੍ਰਿਟਿਸ਼ ਕੋਲੰਬੀਆ 'ਚ ਨਵੇਂ ਸਾਲ ਤੋਂ ...

**ਮੱਧ-ਵਰਗ ਲਈ ਟੈਕਸ ਕਟੌਤੀ**

ਪ੍ਰੀਮੀਅਰ ਡੇਵਿਡ ਈਬੀ ਨੇ ਪਿਛਲੇ ਚੋਣ ਮੁਹਿੰਮ ਦੌਰਾਨ ਮੱਧ-ਵਰਗ ਲਈ ਟੈਕਸ ਰਾਹਤ ਦਾ ਵਾਅਦਾ ਕੀਤਾ ਸੀ। ਹੁਣ, ਉਨ੍ਹਾਂ ਨੇ ਦੱਸਿਆ ਹੈ ਕਿ ਇਹ ਕਟੌਤੀ 2025 ਦੇ ਸ਼ੁਰੂ ਵਿੱਚ ਰਿਫੰਡ ਰੂਪ ਵਿੱਚ ਆਵੇਗੀ। ਇਸ ਨਾਲ, ਹਰ ਸਾਲ $10,000 ਦੀ ਆਮਦਨੀ ਵਾਲਿਆਂ ਨੂੰ ਪ੍ਰੋਵਿੰਸਿਅਲ ਟੈਕਸ ਤੋਂ ਛੁਟਕਾਰਾ ਮਿਲੇਗਾ, ਜਿਸ ਨਾਲ ਘਰਲੂ ਪੱਧਰ 'ਤੇ $1,000 ਅਤੇ ਵਿਅਕਤੀਗਤ ਪੱਧਰ 'ਤੇ $500 ਦੀ ਬਚਤ ਹੋਵੇਗੀ।

ਡੇਵਿਡ ਈਬੀ ਨੇ ਕਿਹਾ, "ਮੈਂ ਸੁਣਿਆ ਹੈ ਕਿ ਤੁਹਾਡੇ ਪਰਿਵਾਰ ਲਈ ਅਫੋਰਡੇਬਿਲਿਟੀ ਮਹੱਤਵਪੂਰਨ ਹੈ। 2025 ਅਤੇ ਉਸ ਤੋਂ ਅੱਗੇ ਸਾਡੀ ਸਰਕਾਰ ਦਾ ਧਿਆਨ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ 'ਤੇ ਹੋਵੇਗਾ।"

**ਕਾਰਬਨ ਟੈਕਸ 'ਚ ਵਾਧਾ**

**ਅਪ੍ਰੈਲ 1 ਤੋਂ, ਬ੍ਰਿਟਿਸ਼ ਕੋਲੰਬੀਆ ਵਿੱਚ ਕਾਰਬਨ ਟੈਕਸ ਵਿੱਚ ਵਾਧਾ ਹੋਵੇਗਾ, ਜਿਸ ਨਾਲ ਪੈਟ੍ਰੋਲ ਦੀ ਕੀਮਤ 'ਤੇ 3.3 ਸੈਂਟ ਪ੍ਰਤੀ ਲੀਟਰ ਦਾ ਵਾਧਾ ਹੋਣ ਦੀ ਸੰਭਾਵਨਾ ਹੈ। ਇਸ ਨਾਲ, ਕਾਰਬਨ ਟੈਕਸ ਦੀ ਮੌਜੂਦਾ ਦਰ 18 ਸੈਂਟ ਤੋਂ ਵੱਧ ਕੇ 20 ਸੈਂਟ ਪ੍ਰਤੀ ਲੀਟਰ ਹੋ ਜਾਵੇਗੀ। ਕਾਰਬਨ ਵੱਧਣ ਨਾਲ ਘਰਾਂ ਵਿੱਚ ਪਾਈ ਗਈ ਨੈਚੁਰਲ ਗੈਸ ਦੇ ਬਿਲਾਂ 'ਚ ਵੀ ਵੱਡਾ ਵਾਧਾ ਹੋਵੇਗਾ।**

ਵਿਰੋਧੀ ਪਾਰਟੀ ਬੀ.ਸੀ. ਕੰਜ਼ਰਵੇਟਿਵ ਧਿਰ ਨੇ ਇਸ ਮਾਮਲੇ ਨੂੰ ਲੈ ਕੇ ਸਰਕਾਰ ਦੀ ਆਲੋਚਨਾ ਕੀਤੀ ਹੈ। ਪੀਟਰ ਮਿਲੋਬਾਰ ਨੇ ਕਿਹਾ, "ਡੇਵਿਡ ਈਬੀ ਨੇ ਜਲਦੀ ਰਾਹਤ ਦਾ ਵਾਅਦਾ ਕੀਤਾ ਸੀ, ਪਰ ਲੋਕ ਅਜੇ ਵੀ ਉਸਦੀ ਉਡੀਕ ਕਰ ਰਹੇ ਹਨ। ਅਪ੍ਰੈਲ ਵਿੱਚ ਹੋਣ ਵਾਲੇ ਕਾਰਬਨ ਟੈਕਸ ਵਾਧੇ ਨਾਲ ਲੋਕਾਂ ਲਈ ਜੀਵਨ ਮਹਿੰਗਾ ਹੋਵੇਗਾ।"

ਪ੍ਰੋਵਿੰਸ ਨੇ ਕਈ ਹੋਰ ਨਿਯਮਾਂ ਦਾ ਐਲਾਨ ਵੀ ਕੀਤਾ ਹੈ, ਜਿਨ੍ਹਾਂ ਵਿੱਚ:

ਮਿਥੇਨ ਗੈਸ ਦੇ ਰਿਸਾਅ ਨੂੰ ਘਟਾਉਣ ਲਈ ਨਵੇਂ ਨਿਯਮ, ਕਿਰਾਏ ਦੀਆਂ ਦਰਾਂ ਲਈ ਵੱਧ ਤੋਂ ਵੱਧ 3% ਤਕ ਦੇ ਵਾਧੇ ਦੀ ਆਗਿਆ। ਕੁਝ ਖਾਸ ਨਿਰਦੇਸ਼ਤ ਕਿਰਾਏ ਦੇ ਮਕਾਨਾਂ ਦੀ ਖਰੀਦ 'ਤੇ ਜਾਇਦਾਦ ਟੈਕਸ ਛੂਟ ਦੇ ਵੀ ਦਿੱਤੇ ਗਏ ਹਨ। ਜਨਵਰੀ ਵਿੱਚ ਕਲਾਈਮਟ ਐਕਸ਼ਨ ਟੈਕਸ ਕ੍ਰੈਡਿਟ ਦੇ ਤਹਿਤ ਚੈਕ ਜਨਤਾ ਨੂੰ ਦਿੱਤੇ ਜਾਣ ਦੀ ਉਮੀਦ ਹੈ। ਇਹਨਾਂ ਵਿੱਚ ਇੱਕ ਅਸਥਾਈ 25% ਲਾਗਤ-ਜੀਵਨ ਬੋਨਸ ਸ਼ਾਮਲ ਹੋਵੇਗਾ।

ਫਾਇਨੈਂਸ ਮੰਤਰੀ ਬਰੇਂਡਾ ਬੇਲੀ ਨੇ ਕਿਹਾ, "ਅਸੀਂ ਲੋਕਾਂ ਨੂੰ ਮਹਿੰਗਾਈ ਦੇ ਅਸਰਾਂ ਤੋਂ ਬਚਾਉਣ ਲਈ ਵਚਨਬੱਧ ਹਾਂ। ਜਦੋਂ ਫੈਡਰਲ ਸਰਕਾਰ ਨੇ ਕਾਰਬਨ ਟੈਕਸ ਦੀ ਲੋੜ ਜ਼ਰੂਰੀ ਬਣਾਈ ਹੈ, ਅਸੀਂ ਇਹ ਯਕੀਨੀ ਬਣਾਵਾਂਗੇ ਕਿ ਇਹਦਾ ਅਸਰ ਲੋਕਾਂ 'ਤੇ ਘੱਟ ਪਵੇ।"ਉਨ੍ਹਾਂ ਕਿਹਾ ਬ੍ਰਿਟਿਸ਼ ਕੋਲੰਬੀਆ ਵਿੱਚ ਨਵੇਂ ਨਿਯਮ ਰਾਜ ਦੀ ਮਜ਼ਬੂਤ ਢਾਂਚੇ ਅਤੇ ਲੋਕਾਂ ਲਈ ਜੀਵਨ ਸੁਖਦ ਬਣਾਉਣ ਦੇ ਵਾਅਦੇ ਦੀ ਝਲਕ ਦਿੰਦੇ ਹਨ। ਪਰ, ਵਿਰੋਧੀ ਧਿਰ ਦਾ ਮੰਨਣਾ ਹੈ ਕਿ ਲੋਕ ਅਜੇ ਵੀ ਟੈਕਸ ਰਾਹਤ ਦੀ ਉਡੀਕ ਕਰ ਰਹੇ ਹਨ ਤਾਂ ਜੋ ਉਨ੍ਹਾਂ ਦੀਆਂ ਦਿਨੋਂ ਦਿਨ ਵੱਧ ਰਹੀਆਂ ਰਹਿਣ -ਸਹਿਣ ਦੀਆਂ ਲਾਗਤਾਂ ਕੁਝ ਘਟ ਸਕਣ। This report was written by Simranjit Singh as part of the Local Journalism Initiative.

## ਕੈਨੇਡਾ ਵਿੱਚ ਫੂਡ ਬੈਂਕਾਂ...

'ਚ 32% ਦਾ ਵਾਧਾ ਦਰਜ ਕੀਤਾ ਗਿਆ ਹੈ। ਟੋਰਾਂਟੋ ਦੇ ਦਸ ਵਿੱਚੋਂ ਇੱਕ ਨਿਵਾਸੀ ਆਪਣੀ ਜਰੂਰਤਾਂ ਪੂਰੀ ਕਰਨ ਲਈ ਫੂਡ ਬੈਂਕ ਦੀ ਸਹਾਇਤਾ ਲੈ ਰਿਹਾ ਹੈ। ਇਸ ਸਾਲ 1,20,000 ਤੋਂ ਵੱਧ ਲੋਕ ਪਹਿਲੀ ਵਾਰ ਫੂਡ ਬੈਂਕ 'ਤੇ ਪਹੁੰਚੇ। ਨਵੇਂ ਗਾਹਕਾਂ ਵਿੱਚੋਂ ਅੱਧੇ ਤੋਂ ਵੱਧ ਉਹ ਪਰਿਵਾਰ ਹਨ, ਜਿਨ੍ਹਾਂ ਦੇ ਘਰ ਵਿੱਚ ਕਮਾਉਣ ਵਾਲਾ ਇੱਕ ਹੀ ਵਿਅਕਤੀ ਹੈ।

ਜਾਣਕਾਰੀ ਅਨੁਸਾਰ 2019 ਵਿੱਚ 9,35,000 ਲੋਕਾਂ ਫੂਡ ਬੈਂਕਾਂ ਤੋਂ ਜ਼ਰੂਰਤ ਦਾ ਸਮਾਨ ਲੈਂਦੇ ਸਨ। 2020 ਇਹ ਗਿਣਤੀ 1.5 ਮਿਲੀਅਨ, 2021 ਵਿੱਚ 2.12 ਮਿਲੀਅਨ, 2022 ਵਿੱਚ 2.65 ਮਿਲੀਅਨ (53% ਦਾ ਵਾਧਾ) ਅਤੇ 2023 ਵਿੱਚ 3.49 ਮਿਲੀਅਨ (ਰਿਕਾਰਡ ਦਰਜਾ) ਹੋ ਚੁੱਕੀ ਹੈ। ਰਿਪੋਰਟ ਮੁਤਾਬਕ, ਪਿਛਲੇ ਵਿਤੀਅ ਸਾਲ ਵਿੱਚ ਓਂਟਾਰੀਓ ਦੇ ਫੂਡ ਬੈਂਕਾਂ ਵਿੱਚ 5.8 ਮਿਲੀਅਨ ਲੋਕ ਰਜਿਸਟਰਡ ਕੀਤੇ ਗਏ ਜੋ 47% ਵਾਧਾ ਹੈ।

ਫੂਡ ਬੈਂਕ ਵਰਤਣ ਵਾਲੇ ਬਹੁਤ ਸਾਰੇ ਲੋਕ ਕਿਰਾਏ ਅਤੇ ਯੂਟਿਲਿਟੀ ਬਿੱਲਾਂ ਭਰਨ ਤੋਂ ਬਾਅਦ ਰੋਜ਼ਾਨਾ ਕੁਝ ਹੀ ਡਾਲਰ ਬਚਾ ਪਾਉਂਦੇ ਹਨ।

ਇਹ ਵਧ ਰਹੀ ਮੰਗ ਭੋਜਨ ਸੁਰੱਖਿਆ ਲਈ ਵੱਡੀ ਚੁਣੌਤੀ ਨੂੰ ਦਰਸਾਉਂਦੀ ਹੈ। ਰਿਪੋਰਟ ਮੁਤਾਬਕ, 2025 ਵਿੱਚ ਇਸ ਸਥਿਤੀ ਨੂੰ ਸੰਭਾਲਣ ਲਈ ਤੁਰੰਤ ਹਲ ਲੱਭਣ ਦੀ ਲੋੜ ਹੈ। This report was written by Simranjit Singh as part of the Local Journalism Initiative.

# ਨਿਊਟਨ ਦੇ ਪੱਬ ਵਿੱਚ ਹੋਈ ਗੋਲੀਬਾਰੀ, ਦੋ ਜਖਮੀ

**ਸਰੀ, (ਸਿਮਰਨਜੀਤ ਸਿੰਘ):** ਨਿਊਟਨ ਵਿਖੇ ਬੀਤੇ ਦਿਨੀਂ ਹੋਈ ਗੋਲੀਬਾਰੀ ਵਿੱਚ ਦੋ ਵਿਅਕਤੀ ਜਖਮੀ ਹੋ ਗਏ। ਸਰੀ ਪੁਲਿਸ ਸਰਵਿਸ ਅਤੇ ਬੀ.ਸੀ. ਆਰ.ਸੀ.ਐਮ.ਪੀ. ਦੇ ਸਰੀ ਪ੍ਰੋਵਿੰਸ਼ੀਅਲ ਓਪਰੇਸ਼ਨਲ ਸਪੋਰਟ ਯੂਨਿਟ ਵੱਲੋਂ ਘਟਨਾ ਦੀ ਜਾਂਚ ਜਾਰੀ ਹੈ। ਇਹ ਗੋਲੀਬਾਰੀ 29 ਦਸੰਬਰ ਸਵੇਰੇ 2:30 ਵਜੇ 132 ਸਟਰੀਟ ਦੇ 8500 ਬਲਾਕ ਵਿੱਚ ਇੱਕ ਪੱਬ ਦੇ ਬਾਹਰ ਹੋਈ।

ਸਰੀ ਪੁਲਿਸ ਸਰਵਿਸ ਦੇ ਬਿਆਨ ਅਨੁਸਾਰ, ਦੋ ਵਿਅਕਤੀਆਂ ਨੂੰ ਗੋਲੀ ਲੱਗਣ ਕਾਰਨ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਨ੍ਹਾਂ ਦੀ ਸਥਿਤੀ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ।

ਜਾਣਕਾਰੀ ਅਨੁਸਾਰ ਪੱਬ ਦੇ ਕਿਸੇ ਮਾਮੂਲੀ ਤਕਰਾਰ ਤੋਂ ਬਾਅਦ ਲੜਾਈ ਹਿੰਸਕ ਰੂਪ ਧਾਰ ਗਈ ਅਤੇ ਦੋ ਵਿਅਕਤੀਆਂ ਨੂੰ ਗੋਲੀਆਂ ਮਾਰੀ ਗਈਆਂ। ਮੌਕੇ 'ਤੇ ਮੌਜੂਦ ਲੋਕਾਂ ਵੱਲੋਂ ਕਈ ਕਾਲਾਂ ਕੀਤੀਆਂ ਗਈਆਂ, ਜਿਸ ਤੋਂ ਬਾਅਦ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕੀਤੀ।

ਅਧਿਕਾਰੀਆਂ ਅਨੁਸਾਰ ਦੋ ਸ਼ੱਕੀਆਂ ਦੀ ਭਾਲ ਕੀਤੀ ਜਾ ਰਹੀ ਹੈ ਜੋ ਦੱਖਣੀ ਏਸ਼ੀਆਈ ਦੱਸੇ ਜਾ ਰਹੇ ਹਨ ਅਤੇ ਉਹ ਘਟਨਾ ਨੂੰ ਅੰਜ਼ਾਮ ਦੇ ਕੇ ਇੱਕ ਡਾਰਕ ਰੰਗ ਦੀ ਸਡੈਨ ਕਾਰ ਵਿੱਚ ਫਰਾਰ ਹੋ ਗਏ। ਪੁਲਿਸ ਨੇ ਸਥਾਨਕ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਘਟਨਾ ਨਾਲ ਸਬੰਧਤ ਕੋਈ ਜਾਣਕਾਰੀ ਹੈ ਤਾਂ ਉਹ 604-599-0502 'ਤੇ ਸੰਪਰਕ ਕਰ ਸਕਦੇ ਹਨ। This report was written by Simranjit Singh as part of the Local Journalism Initiative.

# ਤਲਾਸ਼ੀ ਦੌਰਾਨ 'ਗੋਸਟ ਗਨ' ਮਿਲਣ 'ਤੇ ਔਰਤ ਗ੍ਰਿਫ਼ਤਾਰ

**ਸਰੀ, (ਸਿਮਰਨਜੀਤ ਸਿੰਘ):** ਬ੍ਰਿਟਿਸ਼ ਕੋਲੰਬੀਆ ਵਿੱਚ ਇੱਕ ਮਹਿਲਾ ਨੂੰ ਉਸਦੇ ਕਾਰ ਵਿੱਚੋਂ ਗੈਰਕਾਨੂੰਨੀ 'ਗੋਸਟ ਗਨ' ਬਰਾਮਦ ਹੋਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਹੈ। ਮਿਲੀ ਜਾਣਕਾਰੀ ਅਨੁਸਾਰ ਬੀ.ਸੀ. ਹਾਈਵੇ ਪੈਟਰੋਲ ਮੁਤਾਬਕ ਫੋਰਟ ਸੇਂਟ ਜਾਨ ਵਿੱਚ ਜਦੋਂ ਇੱਕ ਅਧਿਕਾਰੀ ਨੇ 39 ਸਾਲਾ ਮਹਿਲਾ ਨੂੰ ਨਸ਼ੇ ਵਿੱਚ ਗੱਡੀ ਚਲਾਉਣ ਦੀ ਚੈਕਿੰਗ ਲਈ ਰੋਕਿਆ। ਜਾਂਚ ਦੌਰਾਨ, ਮਹਿਲਾ ਨੇ ਅਧਿਕਾਰੀ ਨੂੰ ਆਪਣਾ ਨਾਮ ਯਾਦ ਨਾ ਹੋਣ ਦੀ ਗੱਲ ਕਹੀ, ਜਿਸ ਤੋਂ ਬਾਅਦ ਕਾਰ ਦੀ ਤਲਾਸ਼ੀ ਲਈ ਗਈ।



ਤਲਾਸ਼ੀ ਦੌਰਾਨ ਅਧਿਕਾਰੀ ਨੇ ਗੈਰ-ਕਾਨੂੰਨੀ 'ਘੋਸਟ ਗਨ' ਬਰਾਮਦ ਕੀਤੀ। ਇਹ ਇਕ ਐਸੀ ਨਿੱਜੀ ਤੌਰ 'ਤੇ ਬਣਾਈ ਗਈ ਬੰਦੂਕ ਹੁੰਦੀ ਹੈ ਜੋ ਗੈਰਕਾਨੂੰਨੀ ਹੈ। ਇਸ ਤੋਂ ਇਲਾਵਾ, ਮਹਿਲਾ ਦੀ ਗੱਡੀ ਵਿੱਚੋਂ ਮਿਰਚਾਂ ਵਾਲਾ ਸਪ੍ਰੇ, ਸ਼ੱਕੀ ਨਸ਼ੀਲੇ ਪਦਾਰਥ ਅਤੇ ਲਗਭਗ 2,000 ਡਾਲਰ ਨਕਦੀ ਵੀ ਮਿਲੀ। ਮਹਿਲਾ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਪਰ ਬਾਅਦ ਵਿੱਚ ਰਿਹਾ ਕਰ ਦਿੱਤਾ ਗਿਆ। ਪੁਲਿਸ ਨੇ ਕਿਹਾ ਹੈ ਕਿ ਮਾਮਲੇ ਵਿੱਚ ਦੋਸ਼ਾਂ ਅਜੇ ਤਹਿ ਕੀਤੇ ਜਾਣਗੇ। This report was written by Simranjit Singh as part of the Local Journalism Initiative.













SINCE : 2007
ਕੈਨੇਡੀਅਨ
ਪੰਜਾਬ ਟਾਈਮਜ਼
Canadian Punjab Times

Funded by the Government of Canada | Financé par le gouvernement du Canada | Canada

- Brar Bhagta Bhai Ka
  604-751-1113
- Karamjit Singh Buttar
  Journalist
- Simranjit Singh
  Journalist
- Dr. Puran Singh
  Writer
- Gora Sandhu Khurd
  News Reporter (Punjab)
- Paramjit Singh
  Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

**ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।**

# ਕੀ ਅਮਰੀਕਾ ਕੈਨੇਡਾ ਨੂੰ ਆਪਣੇ ਅਧੀਨ ਕਰਨ ਦੀ ਕੋਸ਼ਿਸ਼ 'ਚ ਹੈ?




**ਲੇਖਕ : ਦਰਬਾਰਾ ਸਿੰਘ ਕਾਹਲੋਂ**
**ਸੰਪਰਕ: +1-289-829-2929**

ਕੈਨੇਡਾ ਖੇਤਰਫਲ ਪੱਖੋਂ ਵਿਸ਼ਵ ਦਾ ਦੂਸਰਾ ਵੱਡਾ ਦੇਸ਼ ਹੈ। ਨੰਬਰ ਇੱਕ ਰੂਸ ਹੈ। ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਜੋ 20 ਜਨਵਰੀ 2025 ਨੂੰ ਮੁਲਕ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਰਹੇ ਹਨ, ਆਪਣੀਆਂ ਰਾਜਨੀਤਕ, ਡਿਪਲੋਮੈਟਿਕ ਅਤੇ ਹੋਰ ਬੇਤੁਕੀਆਂ ਮਾਰਨ ਲਈ ਮਸ਼ਹੂਰ ਹਨ। ਇਹ ਸੱਚ ਹੈ ਕਿ ਅਮਰੀਕਾ ਆਪਣੇ ਦੋ ਗੁਆਂਢੀ ਮੁਲਕਾਂ- ਉੱਤਰ ਵਿੱਚ ਕੈਨੇਡਾ ਅਤੇ ਦੱਖਣ ਵਿੱਚ ਮੈਕਸਿਕੋ ਦੀਆਂ ਸਰਹੱਦਾਂ ਰਾਹੀਂ 70 ਦੇਸ਼ਾਂ ਦੇ ਹਜ਼ਾਰਾਂ ਗੈਰ-ਕਾਨੂੰਨੀ ਪਰਵਾਸੀ ਘੁਸਣ ਅਤੇ ਮਾਰੂ ਨਸ਼ੀਲੇ ਪਦਾਰਥਾਂ ਦੇ ਪੁੱਜਣ ਤੋਂ ਬੇਜ਼ਾਰ ਹੈ। ਕੈਨੇਡਾ ਤੋਂ ਇਸ ਸਾਲ 19000 ਪਰਵਾਸੀ ਘੁਸੇ।

ਟਰੰਪ ਇਹ ਘੁਸਪੈਠ ਅਤੇ ਸਪਲਾਈ ਬੰਦ ਕਰਨਾ ਚਾਹੁੰਦੇ ਹਨ। ਉਹ ਸਰਹੱਦਾਂ 'ਤੇ ਚੌਕਸੀ ਮਜ਼ਬੂਤ ਕਰਨ ਲਈ ਕਹਿ ਰਹੇ ਹਨ। ਵਿਸ਼ਵੀਕਰਨ, ਕਾਰਪੋਰੇਟ ਸਰਦਾਰੀ ਦੇ ਇਸ ਦੌਰ ਵਿਚ ਜਦੋਂ ਵੱਡੇ ਮਗਰਮੱਛ ਛੋਟੇ ਨੂੰ ਨਿਗਲਣ ਕਾਹਲੇ ਹਨ ਤਾਂ ਟਰੰਪ ਨੇ ਕੈਨੇਡਾ ਅਤੇ ਮੈਕਸਿਕੋ ਨੂੰ ਧਮਕੀ ਦਿੱਤੀ ਹੈ ਕਿ ਜੇ ਇਨ੍ਹਾਂ ਦੋਹਾਂ ਦੇਸ਼ਾਂ ਨੇ ਆਪਣੀਆਂ ਸਰਹੱਦਾਂ ਰਾਹੀਂ ਗੈਰ-ਕਾਨੂੰਨੀ ਪਰਵਾਸੀ ਘੁਸਪੈਠ ਅਤੇ ਨਸ਼ੀਲੇ ਪਦਾਰਥਾਂ ਦੀ ਸਪਲਾਈ ਨਾ ਰੋਕੀ ਤਾਂ ਉਹ ਉਨ੍ਹਾਂ ਦੇਸ਼ਾਂ ਵੱਲੋਂ ਕੀਤੀਆਂ ਜਾਂਦੀਆਂ ਸਭ ਬਰਾਮਦ ਵਸਤਾਂ 'ਤੇ 25 ਪ੍ਰਤੀਸ਼ਤ ਟੈਰਿਫ ਠੋਕ ਦੇਵੇਗਾ; ਭਾਵ, ਉਨ੍ਹਾਂ ਨੂੰ ਆਰਥਿਕ ਤੌਰ 'ਤੇ ਬਰਬਾਦ ਕਰ ਦੇਵੇਗਾ।

ਇੱਥੇ ਹੀ ਬੱਸ ਨਹੀਂ, ਜਦੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ, ਟਰੰਪ ਦੇ ਧਮਕੀ ਭਰੇ ਵੇਗ ਨੂੰ ਠੰਢਾ ਕਰਨ ਲਈ ਉਸ ਦੀ ਰਿਹਾਇਸ਼ (ਫਲੋਰੀਡਾ) ਪੁੱਜੇ ਤਾਂ ਉਨ੍ਹਾਂ ਨਾਲ ਕੋਝਾ ਵਿਹਾਰ ਕੀਤਾ ਗਿਆ। ਆਪਣੀ ਟਰੁੱਥ ਸੋਸ਼ਲ 'ਤੇ ਉਸ ਨੂੰ ਮਹਾਨ ਕੈਨੇਡਾ ਦਾ ਗਵਰਨਰ ਕਹਿ ਕੇ ਤਨਜ਼ ਕੀਤਾ। ਇਹ ਵੀ ਕਿਹਾ ਕਿ ਉਹ ਬਹੁਤ ਛੇਤੀ ਮੁੜ ਗਵਰਨਰ ਕੈਨੇਡਾ ਨੂੰ ਮਿਲਣ ਦੀ ਤਾਂਘ ਵਿਚ ਹੈ। ਕਿਸੇ ਪ੍ਰਭੂਤਾ ਵਾਲੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਇਸ ਤੋਂ ਵੱਡੀ ਹੋਰ ਕਿਹੜੀ ਬੇਇਜ਼ਤੀ ਹੋ ਸਕਦੀ ਹੈ?

ਦਰਅਸਲ ਕੈਨੇਡਾ 75 ਪ੍ਰਤੀਸ਼ਤ ਬਰਾਮਦ ਅਮਰੀਕਾ ਨੂੰ ਕਰਦਾ ਹੈ। ਕੈਨੇਡਾ ਦੀ ਕੁੱਲ ਸਾਲਾਨਾ ਬਰਾਮਦ ਇੱਕ ਟ੍ਰਿਲੀਅਨ ਡਾਲਰ ਦੀ ਹੁੰਦੀ ਹੈ। ਕੈਨੇਡਾ ਦਾ ਵੱਡੇ ਪੱਧਰ 'ਤੇ ਵਪਾਰ, ਕਾਰੋਬਾਰ, ਰੁਜ਼ਗਾਰ ਅਤੇ ਆਰਥਿਕਤਾ ਦਾ ਸੋਮਾ ਇਸ ਵੇਲੇ ਅਮਰੀਕਾ ਹੈ। ਦੋਹਾਂ ਦੇਸ਼ਾਂ ਦੇ ਲੋਕ ਵਿਆਹ ਸ਼ਾਦੀਆਂ ਅਤੇ ਕਾਰੋਬਾਰ ਕਰ ਕੇ ਇੱਕ ਦੂਸਰੇ 'ਤੇ ਨਿਰਭਰ ਕਰਦੇ ਹਨ। ਫਲੋਰੀਡਾ ਵਿਚ ਟਰੰਪ ਦੇ ਘਰ ਖਾਣੇ ਦੇ ਮੇਜ਼ 'ਤੇ ਜਦੋਂ ਜਸਟਿਨ ਟਰੂਡੋ ਨੇ ਕਿਹਾ ਕਿ ਜੇ ਤੁਸੀਂ ਸਾਡੇ ਬਰਾਮਦ 'ਤੇ 25 ਪ੍ਰਤੀਸ਼ਤ ਟੈਰਿਫ ਲਗਾ ਦੇਵੋਗੇ ਤਾਂ ਇਸ ਨਾਲ ਕੈਨੇਡੀਅਨ ਆਰਥਿਕਤਾ ਬਰਬਾਦ ਹੋ ਜਾਵੇਗੀ ਤਾਂ ਟਰੰਪ ਨੇ ਜਵਾਬ ਵਿਚ ਸੁਝਾਅ ਦਿੱਤਾ ਕਿ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣ ਜਾਣਾ ਚਾਹੀਦਾ ਹੈ। ਟਰੰਪ ਚੁਟਕੀ ਲੈਣੋਂ ਇਥੇ ਹੀ ਬੰਦ ਨਹੀਂ ਹੋਇਆ, ਉਸ ਨੇ ਟਰੂਡੋ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਚੰਗਾ ਰੁੱਤਬਾ ਹੈ, ਫਿਰ ਵੀ ਉਹ 51ਵੇਂ ਸੂਬੇ ਦਾ ਗਵਰਨਰ ਬਣ ਸਕਦਾ ਹੈ। ਟਰੰਪ ਨੇ ਇਹੀ ਗੱਲ ਕੁਝ ਦਿਨ ਬਾਅਦ ਦੁਹਰਾਈ ਵੀ।

ਅਮਰੀਕਾ ਦੀ ਕੈਨੇਡਾ ਨੂੰ ਹਥਿਆਉਣ ਦੀ ਲਲਕ ਪੁਰਾਣੀ ਹੈ। ਜਦੋਂ ਅਮਰੀਕਾ ਨੇ ਬ੍ਰਿਟਿਸ਼ ਸਾਮਰਾਜ ਤੋਂ 4 ਜੁਲਾਈ 1776 ਨੂੰ ਆਜ਼ਾਦੀ ਦਾ ਐਲਾਨ ਕੀਤਾ ਤਾਂ ਅਮਰੀਕੀ ਕਾਂਟੀਨੈਂਟਲ ਕਾਂਗਰਸ ਨੇ ਕੈਨੇਡਾ ਨੂੰ ਅਮਰੀਕਾ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਸੀ। 1812 ਵਿਚ ਅਮਰੀਕਾ ਨੇ ਬ੍ਰਿਟਿਸ਼ ਸਾਮਰਾਜ ਵਿਰੁੱਧ ਜੰਗ ਦਾ ਐਲਾਨ ਕਰ ਦਿਤਾ। ਸਭ ਤੋਂ ਪਹਿਲਾਂ ਉਸ ਨੇ ਉਸ ਦੀ ਕੈਨੇਡੀਅਨ ਬਸਤੀ 'ਤੇ ਹਮਲਾ ਕੀਤਾ ਲੇਕਿਨ ਮੂੰਹ ਦੀ ਖਾਧੀ ਅਤੇ ਸਮਝੌਤਾ ਕਰ ਲਿਆ। ਵੈਸੇ ਜਿਵੇਂ ਪਾਕਿਸਤਾਨੀ ਸ਼ਾਸਕ ਜਨਰਲ ਅਯੂਬ ਨੂੰ ਭਾਰਤ 'ਤੇ 1965 ਦੇ ਹਮਲੇ ਵੇਲੇ ਭਰਮ ਸੀ ਕਿ ਉਹ ਟਹਿਲਦੇ-ਟਹਿਲਦੇ ਦਿੱਲੀ ਪੁੱਜ ਜਾਣਗੇ, ਵਾਂਗ ਅਮਰੀਕੀ ਰਾਸ਼ਟਰਪਤੀ ਮੈਡੀਸਨ ਨੂੰ ਵੀ ਭਰਮ ਸੀ ਕਿ ਉਹ ਕੁਝ ਦਿਨਾਂ ਵਿਚ ਕੈਨੇਡਾ 'ਤੇ ਕਬਜ਼ਾ ਕਰ ਲਵੇਗਾ। ਕੈਨੇਡੀਅਨ ਇਤਿਹਾਸ ਵਿਚ 1988 ਦੀਆਂ ਫੈਡਰਲ ਚੋਣਾਂ ਦਾ ਦਿਲਚਸਪ ਕਿੱਸਾ ਸਾਹਮਣੇ ਆਉਂਦਾ ਹੈ ਜਦੋਂ ਤਤਕਾਲੀ ਕੰਜ਼ਰਵੇਟਿਵ ਪ੍ਰਧਾਨ ਮੰਤਰੀ ਬ੍ਰਾਈਨ ਮੁਲਰੋਨੀ ਵੱਲੋਂ ਅਮਰੀਕਾ ਨਾਲ ਖੁੱਲ੍ਹਾ ਵਪਾਰ ਸੰਧੀ ਦੇ ਮੁੱਦੇ 'ਤੇ ਚੋਣਾਂ ਲੜਨ ਸਮੇਂ ਲਿਬਰਲ ਪਾਰਟੀ ਆਗੂ ਜੌਹਨ ਟਰਨਰ ਵੱਲੋਂ ਕੈਨੇਡਾ ਨੂੰ ਅਮਰੀਕਾ ਕੋਲ ਵੇਚੇ ਜਾਣ ਦਾ ਦੋਸ਼ ਲਗਾਇਆ ਸੀ। ਇਹ ਦੋਸ਼ ਇੰਨਾ ਸੰਜੀਦਾ ਸੀ ਕਿ 25 ਅਕਤੂਬਰ 1988 ਨੂੰ ਦੋਹਾਂ ਦਰਮਿਅਨ ਕੌਮੀ ਬਹਿਸ ਬਾਅਦ ਜੋ ਲਿਬਰਲ ਤੀਸਰੇ ਨੰਬਰ 'ਤੇ ਸਨ, ਨੂੰ 48 ਘੰਟੇ ਵਿਚ 75 ਪ੍ਰਤੀਸ਼ਤ ਕੈਨੇਡੀਅਨ ਵੋਟਰਾਂ ਦੀ ਹਮਾਇਤ ਹਾਸਿਲ ਹੋ ਗਈ ਸੀ।

ਜੌਹਨ ਟਰਨਰ ਨੇ ਬਹਿਸ ਦੌਰਾਨ ਪ੍ਰਧਾਨ ਮੰਤਰੀ ਵੱਲ ਉਂਗਲ ਕਰਦੇ ਹੋਏ ਦੋਸ਼ ਲਗਾਏ ਕਿ ਤੁਸਾਂ ਸਾਡੀ ਐਨਰਜੀ ਵੇਚ ਦਿੱਤੀ, ਤੁਸਾਂ ਸਾਡਾ ਨਿਵੇਸ਼ ਵੇਚ ਦਿਤਾ ਹੈ, ਤੁਸੀਂ ਸਾਡਾ ਸਪਲਾਈ ਪ੍ਰਬੰਧ ਅਤੇ ਖੇਤੀ ਵੇਚ ਦਿਤੀ ਹੈ; ਹਜ਼ਾਰਾਂ ਕਾਮੇ ਵਿਹਲੇ ਕਰ ਕੇ ਰੱਖ ਦਿਤੇ ਹਨ। ਤੁਸਾਂ ਸਾਨੂੰ (ਕੈਨੇਡੀਅਨਾਂ ਨੂੰ) ਵੇਚ ਦਿਤਾ ਹੈ। ਇਸ ਦੇਸ਼ ਦੀ ਆਜ਼ਾਦ ਹੋਂਦ ਗੁਆ ਦਿੱਤੀ ਹੈ ਤੇ ਚੋਣਾਂ ਦਾ ਮੁੱਖ ਮੁੱਦਾ ਇਹੀ ਹੈ। ਅਸਾਂ ਦੇਸ਼ ਦਾ ਪੂਰਬ, ਪੱਛਮ, ਉੱਤਰ ਵਿਚ ਨਿਰਮਾਣ ਕੀਤਾ। ਇਸ ਦਾ ਮੂਲ ਢਾਂਚਾ ਖੜ੍ਹਾ ਕੀਤਾ। ਅਮਰੀਕੀ ਦਬਾਅ ਝੱਲਿਆ। ਅਸੀਂ ਇਹ ਦਬਾਅ 120 ਸਾਲਾਂ ਤੋਂ ਝੱਲ ਰਹੇ ਹਾਂ। ਤੁਸਾਂ ਇੱਕ ਦਸਤਖ਼ਤ ਰਾਹੀਂ ਸਭ ਕੁਝ ਖ਼ਤਮ ਕਰ ਕੇ ਕੈਨੇਡਾ ਨੂੰ ਅਮਰੀਕਾ ਦੀ ਬਸਤੀ ਬਣਾਉਣਾ ਚਾਹੁੰਦੇ ਹੋ।

ਪ੍ਰਧਾਨ ਮੰਤਰੀ ਮੁਲਰੋਨੀ ਦੇ ਸਲਾਹਕਾਰਾਂ, ਅਮਰੀਕੀ ਪ੍ਰਸ਼ਾਸਨ, ਕਾਰਪੋਰੇਟਰਾਂ ਅਤੇ ਵਪਾਰੀਆਂ ਨੇ ਮੀਂਹ ਵਾਂਗ ਧਨ ਵਰਸਾਇਆ। ਉਸ ਸਮੇਂ ਚੋਣ ਮੁਹਿੰਮ 'ਤੇ ਇੱਕ ਮਿਲੀਅਨ ਡਾਲਰ ਖ਼ਰਚੇ। ਟਰਨਰ ਦੀ ਸਚਾਈ ਨੂੰ ਗੁਮਰਾਹਕੁਨ ਪ੍ਰਚਾਰ ਕਰਾਰ ਦਿਤਾ। 21 ਨਵੰਬਰ 1988 ਨੂੰ ਹੈਰਾਨਕੁਨ ਨਤੀਜੇ ਸਾਹਮਣੇ ਆਏ। ਪ੍ਰਧਾਨ ਮੰਤਰੀ ਮੁਲਰੋਨੀ ਦੀ ਕੰਜ਼ਰਵੇਟਿਵ ਪਾਰਟੀ ਨੂੰ 169, ਟਰਨਰ ਦੀ ਲਿਬਰਲ ਪਾਰਟੀ ਨੂੰ 83, ਨਿਊ ਡੈਮੋਕ੍ਰੈਟਿਕ ਪਾਰਟੀ ਨੂੰ 43 ਸੀਟਾਂ ਹਾਸਿਲ ਹੋਈਆਂ। 1989 ਦੇ ਪਹਿਲੇ ਦਿਨ ਅਮਰੀਕਾ ਨਾਲ ਖੁੱਲ੍ਹਾ ਵਪਾਰ ਸਮਝੌਤਾ ਕੀਤਾ ਗਿਆ। ਇਉਂ ਅਮਰੀਕਾ ਦੀ ਵਪਾਰਕ, ਕਾਰੋਬਾਰੀ ਅਤੇ ਆਰਥਿਕ ਸਰਦਾਰੀ ਹੋ ਗਈ। ਕੈਨੇਡਾ ਉਸ ਦੀ ਆਰਥਿਕ ਬਸਤੀ ਕਰ ਕੇ ਰਹਿ ਗਿਆ। ਸਚਾਈ ਇਹੀ ਹੈ। ਇਸੇ ਕਰ ਕੇ ਡੋਨਲਡ ਟਰੰਪ ਨੇ ਇਸ ਨੂੰ 51ਵਾਂ ਸੂਬਾ ਕਹਿਣ ਦੀ ਹਮਾਕਤ ਕੀਤੀ ਹੈ।

ਸਾਮਰਾਜਵਾਦੀਆਂ ਅਤੇ ਅਜੋਕੇ ਕਾਰਪੋਰੇਟਵਾਦੀਆਂ ਦੀ ਮੂਲ ਨੀਤੀ ਪ੍ਰਸਾਰਵਾਦ ਦੀ ਹੈ। ਅਮਰੀਕਾ ਨੇ ਵੀ ਉਹੀ ਬ੍ਰਿਟਿਸ਼ ਸਾਮਰਾਜਵਾਦੀ ਪ੍ਰਸਾਰਵਾਦੀ ਨੀਤੀ ਅਪਣਾਈ ਹੈ। ਇਹ ਅੱਜ ਵੀ ਵਿਸ਼ਵ ਥਾਣੇਦਾਰੀ ਕਰਨੋਂ ਨਹੀਂ ਟਲਦਾ। 30 ਮਾਰਚ 1867 ਵਿਚ ਇਸ ਨੇ ਅਲਾਸਕਾ ਖੇਤਰ ਰੂਸ ਤੋਂ ਖਰੀਦ ਲਿਆ। 1845 ਵਿਚ ਟੈਕਸਸ ਹਥਿਆ ਲਿਆ। ਇਸੇ ਪ੍ਰਸਾਰਵਾਦੀ ਨੀਤੀ ਕਰ ਕੇ ਇਸ ਦੀ ਅੱਖ ਕੈਨੇਡਾ 'ਤੇ ਰਹਿੰਦੀ ਹੈ।

ਕੈਨੇਡਾ ਦੀ ਫੈਡਰਲ ਸਰਕਾਰ ਨੇ ਅਮਰੀਕਾ ਨਾਲ ਆਪਣੀਆਂ ਸਰਹੱਦਾਂ ਮਜ਼ਬੂਤ ਕਰਨ ਲਈ 13 ਬਿਲੀਅਨ ਡਾਲਰ ਦਾ ਸੁਰੱਖਿਆ ਪੈਕੇਜ ਤਿਆਰ ਕੀਤਾ ਹੈ। ਗੈਰ-ਕਾਨੂੰਨੀ ਪਰਵਾਸ ਅਤੇ ਨਸ਼ੀਲੇ ਪਦਾਰਥ ਰੋਕਣ ਲਈ ਚਾਲੂ ਮਾਲੀ ਸਾਲ ਵਿਚ 81 ਬਿਲੀਅਨ ਡਾਲਰ , 2025-26 ਵਿਚ 144, 2026-27 ਵਿਚ 278, 2027-28 ਵਿਚ 275, 2028-29 ਵਿਚ 282 ਅਤੇ 2029-30 ਵਿਚ 241 ਬਿਲੀਅਨ ਡਾਲਰ ਖ਼ਰਚੇ ਜਾਣਗੇ। ਸਰਹੱਦ 'ਤੇ ਪੁਲੀਸ ਅਤੇ ਫੌਜੀ ਨਫਰੀ ਵਧਾਈ ਜਾਵੇਗੀ।

16 ਦਸੰਬਰ ਨੂੰ ਹਾਊਸਿੰਗ ਮੰਤਰੀ ਸੀਨ ਫਰੇਜ਼ਰ ਦੇ ਅਸਤੀਫੇ ਦੇ ਕੁਝ ਘੰਟੇ ਬਾਅਦ ਵਿੱਤ ਮੰਤਰੀ ਅਤੇ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਦੇ ਅਸਤੀਫੇ ਬਾਅਦ ਪ੍ਰਧਾਨ ਮੰਤਰੀ ਟਰੂਡੋ ਦੀ ਹਾਲਤ ਹੋਰ ਖਰਾਬ ਹੋ ਗਈ ਹੈ, ਭਾਵੇਂ ਕ੍ਰਿਸਟੀਆ ਦਾ ਆਪਣਾ ਰਿਕਾਰਡ ਚੰਗਾ ਨਹੀਂ ਰਿਹਾ ਪਰ ਪ੍ਰਧਾਨ ਮੰਤਰੀ 'ਤੇ ਅਸਤੀਫਾ ਦੇਣ ਲਈ ਪਾਰਟੀ ਅੰਦਰੋਂ ਦਬਾਅ ਵਧ ਰਿਹਾ ਹੈ। ਅਜਿਹੀ ਮੰਗ ਕਰਨ ਵਾਲੇ ਸੰਸਦ ਮੈਂਬਰਾਂ ਦੀ ਗਿਣਤੀ 25 ਤੋਂ ਵੱਧ ਕੇ 45 ਹੋਣ ਦੀ ਚਰਚਾ ਹੈ।

ਅਜਿਹੇ ਹਾਲਾਤ ਦੌਰਾਨ ਸੂਬਾਈ ਲੀਡਰਸ਼ਿਪ ਨੇ ਓਂਟਾਰੀਓ ਸੂਬੇ ਦੇ ਪ੍ਰੀਮੀਅਰ ਡਗਫੋਰਡ ਦੀ ਅਗਵਾਈ ਵਿਚ ਕਮਾਨ ਸੰਭਾਲੀ ਹੈ। ਪ੍ਰਧਾਨ ਮੰਤਰੀ ਨਾਲ ਮੀਟਿੰਗ ਬਾਅਦ 16 ਦਸੰਬਰ ਨੂੰ ਉਨ੍ਹਾਂ ਟੋਰਾਂਟੋ ਦੇ ਹਿਲਟਨ ਹੋਟਲ ਵਿਚ ਕੌਂਸਲ ਆਫ ਫੈਡਰੇਸ਼ਨ ਨੇ ਮੀਟਿੰਗ ਕੀਤੀ। ਟਰੰਪ ਨੂੰ ਕਰਾਰਾ ਜਵਾਬ ਦਿੰਦਿਆਂ ਓਂਟਾਰੀਓ ਦੇ ਪ੍ਰੀਮੀਅਰ ਡਗਫੋਰਡ ਨੇ ਆਪਣੇ ਰਾਜ ਵੱਲੋਂ 5 ਅਮਰੀਕੀ ਰਾਜਾਂ ਨੂੰ ਦਿਤੀ ਜਾਣ ਵਾਲੀ ਬਿਜਲੀ ਬੰਦ ਕਰਨ ਦੀ ਧਮਕੀ ਦਿੱਤੀ ਹੈ।

ਅਮਰੀਕਾ ਨੂੰ 60 ਪ੍ਰਤੀਸ਼ਤ ਤੇਲ ਦੇਣ ਵਾਲੇ ਅਲਬਰਟਾ, ਬਿਜਲੀ ਦੇਣ ਵਾਲੇ ਕਿਊਬੈਕ ਤੇ ਕੁਝ ਹੋਰ ਸੂਬਿਆਂ ਦੇ ਪ੍ਰੀਮੀਅਰ, ਡਗਫੋਰਡ ਦੀ ਜਵਾਬੀ ਕਾਰਵਾਈ ਨਾਲ ਸਹਿਮਤ ਨਾ ਹੋਏ ਪਰ ਕੈਨੇਡਾ ਦੀ ਆਜ਼ਾਦੀ, ਸੁਰੱਖਿਆ ਅਤੇ ਇੱਕਜੁਟਤਾ ਦਾ ਅਹਿਦ ਕੀਤਾ। ਉਨ੍ਹਾਂ ਦੀ ਕੈਨੇਡਾ ਟੀਮ ਮਿਸ਼ਨ ਅਮਰੀਕੀ ਰਾਜਧਾਨੀ ਵਾਸ਼ਿੰਗਟਨ ਜਾਵੇਗੀ। ਸੈਨੇਟਰਾਂ, ਕਾਂਗਰਸ ਮੈਂਬਰਾਂ, ਗਵਰਨਰਾਂ ਅਤੇ ਉੱਚ ਅਧਿਕਾਰੀਆਂ ਨਾਲ ਵਪਾਰ ਅਤੇ ਆਪਸੀ ਸਬੰਧਾਂ ਬਾਰੇ ਗੱਲਬਾਤ ਕਰੇਗੀ। ਕੈਨੇਡਾ ਦੀ ਫੌਜ ਨੂੰ ਮਜ਼ਬੂਤ ਕਰਨ ਦਾ ਫੈਸਲਾ ਵੀ ਕੀਤਾ ਗਿਆ ਹੈ ਤਾਂ ਕਿ ਫੈਡਰਲ ਸਰਕਾਰ ਨਾਲ ਮਿਲ ਕੇ ਸਰਹੱਦਾਂ ਦੀ ਰਾਖੀ ਕੀਤੀ ਜਾ ਸਕੇ।

ਅੱਜ ਲੋੜ ਸਮੂਹ ਕੈਨੇਡੀਅਨਾਂ ਦੀ ਏਕਤਾ ਦੀ ਹੈ। ਅੰਗਸ ਰੀਡ ਪੋਲ ਅਨੁਸਾਰ, 94 ਪ੍ਰਤੀਸ਼ਤ ਕੈਨੇਡੀਅਨ ਅਮਰੀਕਾ ਵਿਚ ਸ਼ਾਮਿਲ ਹੋਣ ਦੇ ਖ਼ਿਲਾਫ਼ ਹਨ। ਕੈਨੇਡਾ ਨੂੰ ਅਮਰੀਕਾ, ਰੂਸ, ਚੀਨ, ਭਾਰਤ ਆਦਿ ਦੇਸ਼ਾਂ ਵਾਂਗ ਆਪਣੇ ਕੁਦਰਤੀ ਸਾਧਨਾਂ, ਤਕਨੀਕ, ਹੁਨਰ ਦੇ ਬਲਬੂਤੇ ਤਾਕਤਵਰ ਮੁਲਕ ਬਣਨਾ ਚਾਹੀਦਾ ਹੈ। ਇਜ਼ਰਾਈਲ ਵਾਂਗ ਫੌਜੀ ਸ਼ਕਤੀ ਮਜ਼ਬੂਤ ਕਰਨੀ ਚਾਹੀਦੀ ਹੈ। ਮਜ਼ਬੂਤ ਰਾਜਨੀਤਕ ਲੀਡਰਸਿਪ ਪੈਦਾ ਕਰਨੀ ਚਾਹੀਦੀ ਹੈ ਤਾਂ ਕਿ ਭਵਿੱਖ ਵਿਚ ਕੋਈ ਟਰੰਪ ਜਾਂ ਅਮਰੀਕੀ ਰਾਸ਼ਟਰਪਤੀ ਕੈਨੇਡਾ ਨੂੰ 51ਵਾਂ ਸੂਬਾ ਬਣਾਉਣ ਬਾਰੇ ਨਾ ਸੋਚ ਸਕੇ।

# ਡੋਨਾਲਡ ਟਰੰਪ ਨੇ ਉੱਚ ਹੁਨਰਮੰਦ ਵਿਦੇਸ਼ੀ ਕਾਮਿਆਂ ਲਈ ਐਚ-1ਬੀ ਵੀਜ਼ਾ ਪ੍ਰੋਗਰਾਮ ਦਾ ਕੀਤਾ ਸਮਰਥਨ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਨੇ ਉੱਚ ਹੁਨਰਮੰਦ ਵਿਦੇਸ਼ੀ ਕਾਮਿਆਂ ਲਈ ਵੀਜ਼ਾ ਪ੍ਰੋਗਰਾਮ ਦਾ ਸਮਰਥਨ ਕਰਦਿਆਂ ਵਿਦੇਸ਼ੀ ਕਾਮਿਆਂ ਨੂੰ ਅਮਰੀਕਾ ਦੇ ਆਰਥਿਕ ਵਿਕਾਸ ਲਈ ਅਹਿਮ ਹਿੱਸਾ ਕਰਾਰ ਦਿੱਤਾ ਹੈ। ਚੋਣ ਜਿੱਤਣ ਤੋਂ ਬਾਅਦ ਪ੍ਰਵਾਸੀ ਮੁੱਦਿਆਂ 'ਤੇ ਆਪਣੀ ਪਹਿਲੀ ਟਿੱਪਣੀ ਕਰਦਿਆਂ ਟਰੰਪ ਨੇ ਕਿਹਾ ਕਿ ਉਨ੍ਹਾਂ ਦੀ ਯੋਜਨਾ ਉੱਚ ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਗ੍ਰੈਜੂਏਟ ਕਰਨ ਵਾਲੇ ਵਿਦੇਸ਼ੀ ਕਾਮਿਆਂ ਲਈ ਵੱਡੇ ਮੌਕੇ ਸਿਰਜਣ ਦੀ ਹੈ।




ਟਰੰਪ ਨੇ ਅਖਬਾਰ 'ਦ ਨਿਊਯਾਰਕ ਪੋਸਟ' ਨਾਲ ਗੱਲਬਾਤ ਦੌਰਾਨ ਕਿਹਾ ਕਿ ਉਹ ਹਮੇਸ਼ਾਂ ਹੀ ਐਚ-1ਬੀ ਵੀਜ਼ਾ ਪ੍ਰੋਗਰਾਮ ਦੇ ਸਮਰਥਕ ਰਹੇ ਹਨ। ਉਨ੍ਹਾਂ ਕਿਹਾ, "ਇਹ ਪ੍ਰੋਗਰਾਮ ਅਮਰੀਕਾ ਦੀ ਪ੍ਰਗਤੀ ਲਈ ਅਹਿਮ ਹੈ। ਮੈਂ ਵਿਸ਼ਵਾਸ ਰੱਖਦਾ ਹਾਂ ਕਿ ਇਹ ਪ੍ਰੋਗਰਾਮ ਹੁਨਰਮੰਦ ਵਿਦੇਸ਼ੀਆਂ ਨੂੰ ਅਮਰੀਕਾ ਦੇ ਸਪਨੇ ਦੀ ਸਾਖੀ ਬਣਨ ਦਾ ਮੌਕਾ ਦਿੰਦਾ ਹੈ।"

ਟਰੰਪ ਨੇ ਸੰਕੇਤ ਦਿੱਤਾ ਕਿ ਉਹਨਾਂ ਦੀਆਂ ਤਰਜੀਹਾਂ ਵਿੱਚ ਹਮੇਸ਼ਾ ਉੱਚ ਵਿਦਿਅਕ ਪੱਧਰ ਵਾਲੇ ਵਿਦੇਸ਼ੀ ਵਰਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਨਵੇਂ ਕਾਰਜਕਾਲ ਵਿੱਚ ਐਚ-1ਬੀ ਵੀਜ਼ਾ ਪ੍ਰੋਗਰਾਮ ਨੂੰ ਸੁਧਾਰਨ ਅਤੇ ਮਜ਼ਬੂਤ ਕਰਨ ਲਈ ਕੰਮ ਕਰਨਗੇ। ਇਹ ਟਿੱਪਣੀਆਂ ਉਸ ਸਮੇਂ ਆਈਆਂ ਹਨ ਜਦੋਂ ਅਮਰੀਕਾ ਵਿੱਚ ਪ੍ਰਵਾਸੀ ਨੀਤੀਆਂ ਉੱਤੇ ਚਰਚਾ ਹੋ ਰਹੀ ਹੈ।

ਅਮਰੀਕੀ ਉਦਯੋਗਪਤੀ ਏਲਨ ਮਸਕ ਵੀ ਇਸ ਪ੍ਰੋਗਰਾਮ ਦਾ ਸਮਰਥਨ ਕਰਦੇ ਹਨ। ਮਸਕ ਨੇ ਕਿਹਾ, "ਮੈਂ ਆਪ ਹੀ ਇੱਕ ਐਚ-1ਬੀ ਵੀਜ਼ਾ ਧਾਰਕ ਸੀ। ਇਹ ਪ੍ਰੋਗਰਾਮ ਕਈ ਹੋਰ ਲੋਕਾਂ ਲਈ ਅਮਰੀਕਾ ਵਿੱਚ ਵੱਡੇ ਮੌਕੇ ਲਿਆਉਣ ਦਾ ਜਰੀਆ ਬਣਿਆ ਹੈ। ਇਸ ਨੂੰ ਖਤਮ ਕਰਨਾ ਅਮਰੀਕਾ ਦੇ ਆਰਥਿਕ ਹਿੱਤਾਂ ਵਿਰੁੱਧ ਹੋਵੇਗਾ।"

ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਐਚ-1ਬੀ ਵੀਜ਼ਾ ਪ੍ਰੋਗਰਾਮ ਦੀ ਅਲੋਚਨਾ ਕੀਤੀ ਸੀ ਅਤੇ ਕਈ ਕਾਵਾਂ ਲਗਾਈਆਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਪ੍ਰੋਗਰਾਮ ਅਮਰੀਕੀ ਨੌਕਰੀਆਂ ਨੂੰ ਖ਼ਤਰੇ ਵਿੱਚ ਪਾ ਸਕਦਾ ਹੈ। ਪਰ 2024 ਦੀ ਚੋਣ ਮੁਹਿੰਮ ਦੌਰਾਨ, ਉਨ੍ਹਾਂ ਨੇ ਆਪਣੇ ਮਤਭੇਦ ਸਪਸ਼ਟ ਕੀਤੇ ਅਤੇ ਕਿਹਾ ਕਿ ਉਨ੍ਹਾਂ ਦੀ ਪ੍ਰਧਾਨਤਾ ਹੁਨਰਮੰਦ ਵਿਦੇਸ਼ੀ ਵਰਕਰਾਂ ਨੂੰ ਮੌਕੇ ਦੇਣ ਦੀ ਹੋਵੇਗੀ।

ਟਰੰਪ ਨੇ ਕਿਹਾ ਕਿ ਉਹਨਾਂ ਦੀ ਯੋਜਨਾ ਅਮਰੀਕੀ ਯੂਨੀਵਰਸਿਟੀਆਂ ਤੋਂ ਗ੍ਰੈਜੂਏਟ ਹੋਏ ਵਿਦੇਸ਼ੀ ਵਿਦਿਆਰਥੀਆਂ ਨੂੰ ਕਾਨੂੰਨੀ ਦਰਜਾ ਦੇਣ ਦੀ ਹੈ। ਟਰੰਪ ਨੇ ਕਿਹਾ "ਅਮਰੀਕਾ ਨੇ ਵਿਸ਼ਵ ਦੇ ਸਭ ਤੋਂ ਚੋਟੀ ਦੇ ਮਸਤੀਸ਼ਕਾਂ ਨੂੰ ਸਵਾਗਤ ਦਿੱਤਾ ਹੈ, ਅਤੇ ਇਹ ਪ੍ਰੋਗਰਾਮ ਇਸ ਸਬੰਧ ਵਿੱਚ ਬਹੁਤ ਮਦਦਗਾਰ ਹੈ।"

ਇਸ ਟਿੱਪਣੀ ਤੋਂ ਬਾਅਦ ਟਰੰਪ ਦੇ ਸਮਰਥਕ ਵੀ ਦੋ ਹਿੱਸਿਆਂ ਵਿੱਚ ਵੰਡੇ ਹੋਏ ਦਿੱਖ ਰਹੇ ਹਨ। ਜਦੋਂ ਕੁਝ ਸਮਰਥਕਾਂ ਨੇ ਉਨ੍ਹਾਂ ਦੇ ਸਪਸ਼ਟ ਰਵਈਏ ਦੀ ਸਾਲਾਹ ਦੇਂਦੀ, ਹੋਰਾਂ ਨੇ ਉਨ੍ਹਾਂ ਦੇ ਪਿਛਲੇ ਰੁਖ ਨੂੰ ਵਾਪਸ ਲਿਆਉਣ ਦੀ ਮੰਗ ਕੀਤੀ। ਟਰੰਪ ਦੀ ਹਾਲੀਆ ਟਿੱਪਣੀ ਨੇ ਵਿਦੇਸ਼ੀ ਕਾਮਿਆਂ ਅਤੇ ਪ੍ਰਵਾਸੀ ਨੀਤੀਆਂ ਉੱਤੇ ਨਵੀਂ ਚਰਚਾ ਛੇੜ ਦਿੱਤੀ ਹੈ। ਹੁਣ ਇਹ ਦੇਖਣਾ ਹੋਵੇਗਾ ਕਿ ਟਰੰਪ ਆਪਣੇ ਦੂਜੇ ਕਾਰਜਕਾਲ ਵਿੱਚ ਇਸ ਪ੍ਰੋਗਰਾਮ ਨੂੰ ਕਿਵੇਂ ਅਮਲ ਵਿੱਚ ਲਿਆਉਂਦੇ ਹਨ। ਟਰੰਪ ਨੇ ਅਖੀਰ ਵਿੱਚ ਕਿਹਾ "ਸਾਫ ਨੀਤੀਆਂ ਅਤੇ ਸਪਸ਼ਟ ਯੋਜਨਾਵਾਂ ਦੇ ਨਾਲ, ਅਸੀਂ ਅਮਰੀਕਾ ਨੂੰ ਵਿਸ਼ਵ ਦਾ ਨੰਬਰ ਵਨ ਮੁਲਕ ਬਣਾਉਣ ਲਈ ਸਮਰਪਿਤ ਹਾਂ,"।

## ਸਾਨ ਫਰਾਂਸਿਸਕੋ ਵਿੱਚ ਭਾਰਤੀ-ਅਮਰੀਕੀ ਟੈਕਨੀਸ਼ੀਅਨ ਸੁਚਿਰ ਬਾਲਾਜੀ ਦੀ ਮੌਤ 'ਤੇ ਪਰਿਵਾਰ ਨੇ ਹੱਤਿਆ ਦਾ ਦੋਸ਼ ਲਾਇਆ




ਸਾਨ ਫਰਾਂਸਿਸਕੋ : ਭਾਰਤੀ-ਅਮਰੀਕੀ ਤਕਨੀਸ਼ੀਅਨ ਸੁਚਿਰ ਬਾਲਾਜੀ, ਜੋ ਕਿ 14 ਦਸੰਬਰ ਨੂੰ ਆਪਣੇ ਅਪਾਰਟਮੈਂਟ ਵਿੱਚ ਮ੍ਰਿਤ ਪਾਇਆ ਗਿਆ ਸੀ, ਦੇ ਮਾਪਿਆਂ ਨੇ ਉਸ ਦੀ ਮੌਤ ਨੂੰ ਖੁਦਕੁਸ਼ੀ ਕਰਾਰ ਦੇਣ ਦੇ ਅਧਿਕਾਰਤ ਫੈਸਲੇ ਨੂੰ ਚੁਣੌਤੀ ਦਿੰਦਿਆਂ ਦੋਸ਼ ਲਗਾਇਆ ਹੈ ਕਿ ਉਸ ਦੀ ਹੱਤਿਆ ਕੀਤੀ ਗਈ ਹੈ।

ਸੁਚਿਰ, ਜੋ ਕਿ ਓਪਨਏ.ਆਈ. ਦੇ ਸਾਬਕਾ ਕਰਮਚਾਰੀ ਰਹੇ ਹਨ, ਜਨਰੇਟਿਵ ਏ.ਆਈ. ਨਾਲ ਜੁੜੇ ਨੈਤਿਕ ਮੁੱਦਿਆਂ 'ਤੇ ਆਪਣੇ ਵ੍ਹਿਸਲਬਲੋਇੰਗ ਖੁਲਾਸਿਆਂ ਕਾਰਨ ਖ਼ਬਰਾਂ ਵਿੱਚ ਰਹੇ ਸਨ। ਉਸ ਦੇ ਮਾਪਿਆਂ ਨੇ ਦਾਅਵਾ ਕੀਤਾ ਹੈ ਕਿ ਦੂਜੀ ਪੋਸਟਮਾਰਟਮ ਰਿਪੋਰਟ 'ਚ ਸਿਰ 'ਤੇ ਸੱਟਾਂ ਅਤੇ ਸੰਘਰਸ਼ ਦੇ ਨਿਸ਼ਾਨ ਮਿਲੇ ਹਨ, ਜਿਹੜੇ ਖੁਦਕੁਸ਼ੀ ਦੇ ਦਾਅਵੇ ਦਾ ਖੰਡਨ ਕਰਦੇ ਹਨ।

ਸੁਚਿਰ ਦੀ ਮਾਂ ਪੂਰਨਿਮਾ ਰਾਮਾਰਾਓ ਨੇ ਕਿਹਾ ਕਿ, "ਸੁਚਿਰ ਦੇ ਕੋਲੋਂ ਕੋਈ ਖੁਦਕੁਸ਼ੀ ਨੋਟ ਨਹੀਂ ਮਿਲਿਆ। ਉਸ ਦੇ ਵਿਵਹਾਰ ਵਿੱਚ ਵੀ ਕਦੇ ਖੁਦਕੁਸ਼ੀ ਵਾਲੇ ਸੰਕੇਤ ਨਹੀਂ ਦਿਖੇ ਗਏ। ਇਹ ਮੌਤ ਸਧਾਰਣ ਨਹੀਂ ਲੱਗਦੀ।"

ਸੁਚਿਰ ਦੇ ਪਰਿਵਾਰ ਨੇ ਅਮਰੀਕੀ ਅਧਿਕਾਰੀਆਂ ਤੋਂ ਪੂਰੀ ਜਾਂਚ ਦੀ ਮੰਗ ਕੀਤੀ ਹੈ। ਉਹ ਕਹਿੰਦੇ ਹਨ ਕਿ ਸੱਚਾਈ ਸਾਹਮਣੇ ਆਉਣ ਲਈ ਇਹ ਮਾਮਲਾ ਗਹਿਰਾਈ ਨਾਲ ਵੇਖਣ ਦੀ ਲੋੜ ਹੈ।

ਸੁਚਿਰ ਦੀ ਮੌਤ ਨੇ ਜਨਰੇਟਿਵ ਏ.ਆਈ. ਦੇ ਖੇਤਰ ਵਿੱਚ ਨੈਤਿਕ ਮੁੱਦਿਆਂ 'ਤੇ ਚਰਚਾ ਤੇਜ਼ ਕਰ ਦਿੱਤੀ ਹੈ। ਉਹਨਾਂ ਦੇ ਮਾਪਿਆਂ ਦਾ ਕਹਿਣਾ ਹੈ ਕਿ ਸੁਚਿਰ ਨੂੰ ਆਪਣੀ ਸੱਚਾਈ ਬੋਲਣ ਦੀ ਕੀਮਤ ਚੁਕਾਣੀ ਪਈ।

ਮਾਮਲੇ ਦੀ ਜਾਂਚ ਹਾਲੇ ਵੀ ਜਾਰੀ ਹੈ ਅਤੇ ਸੱਚਾਈ ਸਾਹਮਣੇ ਆਉਣ ਦੀ ਉਮੀਦ ਹੈ।

# ਅਮਰੀਕਾ ਵਿੱਚ 24 ਘੰਟਿਆਂ ਦਰਮਿਆਨ ਗੋਲੀਬਾਰੀ ਦੀਆਂ ਘਟਨਾਵਾਂ ਵਾਪਰੀਆਂ, ਨਿਊਯਾਰਕ ਅਤੇ ਨਿਊ ਓਰਲੀਨਜ਼ ਵਿਚ ਹਾਲਾਤ ਤਣਾਅਪੂਰਨ

ਨਿਊਯਾਰਕ : ਅਮਰੀਕਾ ਵਿੱਚ 24 ਘੰਟਿਆਂ ਦਰਮਿਆਨ ਤਿੰਨ ਗੋਲੀਬਾਰੀ ਦੀਆਂ ਘਟਨਾਵਾਂ ਵਾਪਰੀਆਂ ਜਿਸ ਕਾਰਨ ਅਮਰੀਕਾ 'ਚ ਕਈ ਥਾਵਾਂ 'ਤੇ ਨਵੇਂ ਸਾਲ ਦੇ ਜਸ਼ਨ ਵੀ ਫਿੱਕੇ ਰਹੇ ਨਿਊਯਾਰਕ ਵਿੱਚ ਅਮਜ਼ੁਰਾ ਨਾਈਟ ਕਲੱਬ ਵਿੱਚ ਹੋਈ ਅੰਨ੍ਹੇਵਾਹ ਗੋਲੀਬਾਰੀ ਨਾਲ ਹਲਚਲ ਮਚੀ ਹੋਈ ਹੈ। ਹਮਲਾਵਰ ਨੇ ਬੀਤੀ ਰਾਤ 11:45 ਵਜੇ ਕਲੱਬ ਦੇ ਅੰਦਰ ਗੋਲੀਆਂ ਚਲਾਈਆਂ, ਜਿਸ ਵਿੱਚ ਕਈ ਲੋਕ ਜ਼ਖ਼ਮੀ ਹੋ ਗਏ।

ਪੁਲਿਸ ਦੇ ਮੁਤਾਬਕ, ਹਮਲੇ ਤੋਂ ਤੁਰੰਤ ਬਾਅਦ ਜਮਾਇਕਾ ਲੌਂਗ ਆਈਲੈਂਡ ਰੇਲ ਰੋਡ ਸਟੇਸ਼ਨ ਦੇ ਨੇੜੇ ਸੁਰੱਖਿਆ ਵਧਾ ਦਿੱਤੀ ਗਈ ਅਤੇ ਸ਼ੱਕੀ ਦੀ ਪਛਾਣ ਲਈ ਕਾਰਵਾਈ ਜਾਰੀ ਹੈ। ਹਾਲਾਂਕਿ, ਹਮਲਾਵਰ ਦੀ ਪਛਾਣ ਹੋਣ ਬਾਰੇ ਅਜੇ ਤੱਕ ਕੋਈ ਪੁਸ਼ਟੀ ਨਹੀਂ ਹੋਈ। ਸਥਾਨਕ ਮੀਡੀਆ ਦੇ ਰਿਪੋਰਟਾਂ ਅਨੁਸਾਰ ਜ਼ਖ਼ਮੀਆਂ ਦੀ ਹਾਲਤ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਰਹੀ ਹੈ।




ਇਸ ਦੌਰਾਨ, ਨਿਊ ਓਰਲੀਨਜ਼ ਵਿੱਚ ਨਵੇਂ ਸਾਲ ਦਾ ਜਸ਼ਨ ਅਚਾਨਕ ਖ਼ਤਮ ਹੋ ਗਿਆ ਜਦੋਂ ਬੋਰਬਨ ਸਟ੍ਰੀਟ 'ਤੇ ਇੱਕ ਤੇਜ਼ ਰਫ਼ਤਾਰ ਵਾਲੇ ਪਿਕਅੱਪ ਟਰੱਕ ਨੇ ਭੀੜ ਵਿੱਚ ਗੱਡੀ ਦੌੜਾ ਦਿੱਤੀ। ਇਸ ਹਾਦਸੇ ਵਿੱਚ 15 ਲੋਕ ਮਾਰੇ ਗਏ ਅਤੇ 30 ਹੋਰ ਜ਼ਖ਼ਮੀ ਹੋ ਗਏ।

ਪੁਲਿਸ ਅਤੇ ਐਫਬੀਆਈ ਨੇ ਇਸ ਹਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਂਚ ਦੌਰਾਨ ਪਤਾ ਲੱਗਾ ਕਿ ਟਰੱਕ ਚਲਾਉਣ ਵਾਲਾ ਵਿਅਕਤੀ ਸ਼ਮਸੁਦੀਨ ਜੱਬਾਰ ਸੀ, ਜੋ ਕਿ ਇੱਕ ਸਾਬਕਾ ਯੂਐਸ ਆਰਮੀ ਸਿਪਾਹੀ ਰਿਹਾ ਹੈ। ਉਸ ਦੇ ਟਰੱਕ ਉੱਤੇ ਅੱਤਵਾਦੀ ਸੰਗਠਨ ਦਾ ਝੰਡਾ ਲਗਾਇਆ ਹੋਇਆ ਸੀ।

ਇੱਕ ਵਾਇਰਲ ਵੀਡੀਓ ਵਿੱਚ ਜੱਬਾਰ ਦੇ ਚਿੱਟੇ ਪਿਕਅੱਪ ਟਰੱਕ ਨੂੰ ਟੈਕਸਾਸ ਪਲੇਟਾਂ ਦੇ ਨਾਲ ਬੋਰਬਨ ਸਟ੍ਰੀਟ ਵੱਲ ਦੌੜਦਾ ਹੋਇਆ ਦਿਖਾਇਆ ਗਿਆ। ਗੱਡੀ ਦੀ ਰਫ਼ਤਾਰ ਨੇ ਜਸ਼ਨ ਮਨਾਉਣ ਆਏ ਲੋਕਾਂ ਵਿੱਚ ਦਹਿਸ਼ਤ ਫੈਲਾ ਦਿੱਤੀ। ਜੱਬਾਰ ਨੇ ਅਸਥਾਈ ਬੈਰੀਕੇਡਾਂ ਨੂੰ ਤੋੜਦੇ ਹੋਏ ਆਪਣੀ ਗੱਡੀ ਭੀੜ ਵਿੱਚ ਦੌੜਾ ਦਿੱਤੀ।

ਇਸ ਹਮਲੇ ਨੇ ਸਥਾਨਕ ਅਧਿਕਾਰੀਆਂ ਅਤੇ ਅਮਰੀਕੀ ਜਨਤਾ ਵਿੱਚ ਗੁੱਸਾ ਅਤੇ ਚਿੰਤਾ ਪੈਦਾ ਕੀਤੀ ਹੈ। ਹੁਣ ਇਸ ਮਾਮਲੇ ਨੂੰ ਜ਼ਿਆਦਾ ਗੰਭੀਰਤਾ ਨਾਲ ਵੇਖਦੇ ਹੋਏ, ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ ਹਨ। ਸਰਕਾਰ ਅਤੇ ਸੁਰੱਖਿਆ ਏਜੰਸੀਆਂ ਨੇ ਹਮਲਾਵਰਾਂ ਦੇ ਖਿਲਾਫ਼ ਸਖ਼ਤ ਕਾਰਵਾਈ ਦਾ ਭਰੋਸਾ ਦਿੱਤਾ ਹੈ।

Diamond
Sweets & Restaurant
3 LOCATIONS
» SURREY
#102-15933 Fraser Hwy, Surrey, BC
604-593-5566
» LANGLEY
#102-7228 192 St. Langley, BC
604-372-4949
» DELTA
#160-8047 120St. Delta, BC
604-5917277
Specialised in all kinds of Indian Sweets & Foods
We do Catering for all Occassions
Open 7 days a Week
10:00am to 10:00pm



ਘਾਹ ਕੱਟਣ ਵਾਲੀ ਮਸ਼ੀਨ,
(lawnmower)
ਵਾਸ਼ਰ ਡਰਾਇਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ

REPAIR & SERVICES
ਸੰਪਰਕ ਕਰੋ
604-773-7258 (ਸਰੀ)

# ਕਿਸਾਨਾਂ ਦੇ ਮੁੱਦਿਆਂ ਦੇ ਹੱਲ ਲਈ ਜਲਦ ਗੱਲਬਾਤ ਸ਼ੁਰੂ ਹੋਣੀ ਜ਼ਰੂਰੀ

**ਲੇਖਕ : ਸਤਨਾਮ ਸਿੰਘ ਮਾਣਕ**

ਪੰਜਾਬ ਵਿਚ ਤਿੰਨ ਮੁੱਦੇ ਇਸ ਸਮੇਂ ਵਿਸ਼ੇਸ਼ ਤੌਰ 'ਤੇ ਲੋਕਾਂ ਦੇ ਧਿਆਨ ਦਾ ਕੇਂਦਰ ਬਣੇ ਹੋਏ ਹਨ। ਇਹ ਹਨ ਕਿਸਾਨ ਅੰਦੋਲਨ ਅਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਬੀਤੇ ਦਿਨ ਹੋਈ ਮੀਟਿੰਗ ਦੇ ਫ਼ੈਸਲੇ ਅਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਸਮਾਰਕ ਬਣਾਉਣ ਸੰਬੰਧੀ ਛਿੜਿਆ ਵਿਵਾਦ। ਇਨ੍ਹਾਂ ਤਿੰਨਾਂ ਮੁੱਦਿਆਂ 'ਤੇ ਆਪਣੇ ਦ੍ਰਿਸ਼ਟੀਕੋਣ ਮੁਤਾਬਿਕ ਅਸੀਂ ਆਪਣੇ ਪਾਠਕਾਂ ਨਾਲ ਚਰਚਾ ਕਰਨਾ ਜ਼ਰੂਰੀ ਸਮਝਦੇ ਹਾਂ। ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਸੰਯੁਕਤ ਕਿਸਾਨ ਮੋਰਚਾ (ਗ਼ੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਸੰਘਰਸ਼ ਮੋਰਚਾ ਵਲੋਂ ਖੇਤੀ ਜਿਣਸਾਂ ਦੇ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਅਤੇ ਹੋਰ ਕਿਸਾਨੀ ਮੰਗਾਂ ਸੰਬੰਧੀ ਆਰੰਭ ਕੀਤੇ ਗਏ ਅੰਦੋਲਨ ਦੀ।

ਕਿਸਾਨੀ ਅੰਦੋਲਨ ਦੀ ਵਰਤਮਾਨ ਸਥਿਤੀ ਇਹ ਹੈ ਕਿ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ 37ਵੇਂ ਦਿਨ ਵਿਚ ਪਹੁੰਚ ਗਿਆ ਹੈ ਅਤੇ ਪਿਛਲੇ ਕਈ ਦਿਨਾਂ ਤੋਂ ਦੇਸ਼ ਦੀ ਸਰਬਉੱਚ ਅਦਾਲਤ ਸੁਪਰੀਮ ਕੋਰਟ ਵਲੋਂ ਇਸ ਮੁੱਦੇ 'ਤੇ ਵਾਰ-ਵਾਰ ਸੁਣਵਾਈ ਕੀਤੀ ਜਾ ਰਹੀ ਹੈ। ਸੁਪਰੀਮ ਕੋਰਟ ਵਲੋਂ ਇਸ ਗੱਲ 'ਤੇ ਵਿਸ਼ੇਸ਼ ਤੌਰ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ, ਕਿ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਉਣ ਲਈ ਪੰਜਾਬ ਸਰਕਾਰ ਤੁਰੰਤ ਦਖਲ ਦੇ ਉਨ੍ਹਾਂ ਨੂੰ ਡਾਕਟਰੀ ਸਹਾਇਤਾ ਮੁਹੱਈਆ ਕਰੇ। ਸੁਪਰੀਮ ਕੋਰਟ ਨੇ ਜਗਜੀਤ ਸਿੰਘ ਡੱਲੇਵਾਲ ਨੂੰ ਵੀ ਇਹ ਕਿਹਾ ਸੀ ਕਿ ਉਹ ਭਾਵੇਂ ਆਪਣਾ ਅੰਦੋਲਨ ਜਾਰੀ ਰੱਖਣ ਪਰ ਕੁਝ ਸਮੇਂ ਲਈ ਡਾਕਟਰੀ ਸਹਾਇਤਾ ਜ਼ਰੂਰ ਲੈਣ,ਆਪਣਾ ਮਰਨ ਵਰਤ ਮੁੜ ਤੋਂ ਸ਼ੁਰੂ ਕਰ ਲੈਣ। ਦੂਜੇ ਪਾਸੇ ਸੁਪਰੀਮ ਕੋਰਟ ਦੀਆਂ ਹਿਦਾਇਤਾਂ ਨੂੰ ਮੁੱਖ ਰੱਖਦਿਆਂ ਪੰਜਾਬ ਸਰਕਾਰ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਅਤੇ ਕਈ ਮੰਤਰੀਆਂ ਨੇ ਖਨੌਰੀ ਜਾ ਕੇ ਜਗਜੀਤ ਸਿੰਘ ਡੱਲੇਵਾਲ ਨੂੰ ਆਪਣਾ ਮਰਨ ਵਰਤ ਛੱਡਣ ਅਤੇ ਡਾਕਟਰੀ ਸਹਾਇਤਾ ਲੈਣ ਦੀਆਂ ਕਈ ਵਾਰ ਅਪੀਲਾਂ ਕੀਤੀਆਂ ਹਨ। ਪਰ ਉਨ੍ਹਾਂ ਨੇ ਨਾ ਮਰਨ ਵਰਤ ਛੱਡਣ 'ਤੇ ਸਹਿਮਤੀ ਦਿੱਤੀ ਹੈ ਨਾ ਹੀ ਉਹ ਡਾਕਟਰੀ ਸਹਾਇਤਾ ਲੈਣ ਲਈ ਤਿਆਰ ਹੋਏ ਹਨ। ਪੰਜਾਬ ਸਰਕਾਰ ਦੀ ਇਸ ਅਸਫ਼ਲਤਾ ਨੂੰ ਮੁੱਖ ਰੱਖਦਿਆਂ 31 ਦਸੰਬਰ, 2024 ਨੂੰ ਸੁਪਰੀਮ ਕੋਰਟ ਨੇ ਪੰਜਾਬ ਦੇ ਮੁੱਖ ਸਕੱਤਰ ਅਤੇ ਪੁਲਿਸ ਮੁਖੀ ਨੂੰ ਸਰਬਉੱਚ ਅਦਾਲਤ ਦਾ ਆਦੇਸ਼ ਲਾਗੂ ਨਾ ਕਰਵਾ ਸਕਣ ਕਾਰਨ ਮਾਣਹਾਨੀ ਦਾ ਨੋਟਿਸ ਵੀ ਦਿੱਤਾ ਹੈ। ਪੰਜਾਬ ਸਰਕਾਰ ਨੇ ਇਸ ਸੰਬੰਧੀ ਸੁਪਰੀਮ ਕੋਰਟ ਵਿਚ ਇਹ ਕਿਹਾ ਹੈ ਕਿ ਜਗਜੀਤ ਸਿੰਘ ਡੱਲੇਵਾਲ ਤਾਂ ਹੀ ਆਪਣਾ ਮਰਨ ਵਰਤ ਛੱਡਣ ਅਤੇ ਡਾਕਟਰੀ ਸਹਾਇਤਾ ਲੈਣ ਲਈ ਰਾਜ਼ੀ ਹੋ ਸਕਦੇ ਹਨ ਜੇਕਰ ਕੇਂਦਰ ਸਰਕਾਰ ਕਿਸਾਨੀ ਮੰਗਾਂ ਸੰਬੰਧੀ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਤਿਆਰ ਹੋਵੇ।

ਇਸ ਸੰਬੰਧ ਵਿਚ ਸਾਡੀ ਇਹ ਰਾਇ ਹੈ ਕਿ ਸੁਪਰੀਮ ਕੋਰਟ ਵਲੋਂ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਵਿਗੜ ਗਈ ਸਿਹਤ ਨੂੰ ਮੁੱਖ ਰੱਖਦਿਆਂ ਉਸ ਸੰਬੰਧੀ ਚਿੰਤਾ ਜ਼ਾਹਿਰ ਕਰਨਾ ਅਤੇ ਪੰਜਾਬ ਸਰਕਾਰ ਨੂੰ ਉਨ੍ਹਾਂ ਨੂੰ ਡਾਕਟਰੀ ਸਹਾਇਤਾ ਮੁਹੱਈਆ ਕਰਨ ਲਈ ਵਾਰ-ਵਾਰ ਕਹਿਣਾ ਮਾਨਵੀ ਆਧਾਰ 'ਤੇ ਤਾਂ ਠੀਕ ਹੈ ਪਰ ਦਲੀਲ ਦੇ ਪਹਿਲੂ ਤੋਂ ਸੁਪਰੀਮ ਕੋਰਟ ਦਾ ਇਹ ਦ੍ਰਿਸ਼ਟੀਕੋਣ ਬਹੁਤਾ ਵਾਜਿਬ ਨਹੀਂ ਲਗਦਾ, ਕਿਉਂਕਿ ਅੰਦੋਲਨਕਾਰੀ ਕਿਸਾਨਾਂ ਦੀਆਂ ਮੰਗਾਂ ਦਾ ਸੰਬੰਧ ਕੇਂਦਰ ਸਰਕਾਰ ਨਾਲ ਹੈ। ਜੇਕਰ ਕੇਂਦਰ ਸਰਕਾਰ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਅੱਗੇ ਨਹੀਂ ਆਉਂਦੀ ਤਾਂ ਕਿਸਾਨਾਂ ਦਾ ਅੰਦੋਲਨ ਖ਼ਤਮ ਹੋਣ ਦੀਆਂ ਸੰਭਾਵਨਾਵਾਂ ਨਹੀਂ ਹਨ। ਜੇਕਰ ਸੁਪਰੀਮ ਕੋਰਟ ਦੀਆਂ ਹਿਦਾਇਤਾਂ ਨੂੰ ਮੰਨਦਿਆਂ ਪੰਜਾਬ ਸਰਕਾਰ ਪੁਲਿਸ ਕਾਰਵਾਈ ਕਰ ਕੇ ਇਕ ਵਾਰ ਫਿਰ ਜਗਜੀਤ ਸਿੰਘ ਡੱਲੇਵਾਲ ਨੂੰ ਖਨੌਰੀ ਦੀ ਸਰਹੱਦ ਤੋਂ ਜਬਰੀ ਚੁੱਕਣ ਦੀ ਕੋਸ਼ਿਸ਼ ਕਰਦੀ ਹੈ, ਤਾਂ ਇਸ ਦਾ ਪਹਿਲਾ ਸਿੱਟਾ ਸਰਕਾਰ ਅਤੇ ਕਿਸਾਨਾਂ ਦੇ ਟਕਰਾਅ ਦੇ ਰੂਪ ਵਿਚ ਨਿਕਲੇਗਾ। ਇਹ ਟਕਰਾਅ ਕੋਈ ਵੀ ਰੂਪ ਧਾਰ ਸਕਦਾ ਹੈ। ਦੂਜੀ ਗੱਲ ਇਹ ਵੀ ਹੋ ਸਕਦੀ ਹੈ ਕਿ ਜਗਜੀਤ ਸਿੰਘ ਡੱਲੇਵਾਲ ਨੂੰ ਲਿਜਾ ਕੇ ਜੇਕਰ ਪੰਜਾਬ ਪੁਲਿਸ ਵਲੋਂ ਪਹਿਲਾਂ ਦੀ ਤਰ੍ਹਾਂ ਕਿਸੇ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ ਜਾਂਦਾ ਹੈ ਤਾਂ ਇਸ ਬਾਰੇ ਵੀ ਕੁਝ ਯਕੀਨ ਨਾਲ ਨਹੀਂ ਕਿਹਾ ਜਾ ਸਕਦਾ ਕਿ ਉਹ ਡਾਕਟਰੀ ਸਹਾਇਤਾ ਲੈਣ ਲਈ ਤਿਆਰ ਹੋਣਗੇ ਜਾਂ ਨਹੀਂ? ਇਹ ਵੀ ਹੋ ਸਕਦਾ ਹੈ ਕਿ ਜਗਜੀਤ ਸਿੰਘ ਡੱਲੇਵਾਲ ਨੂੰ ਹਿਰਾਸਤ ਵਿਚ ਲੈਣ ਤੋਂ ਬਾਅਦ ਕਿਸਾਨ ਸੰਗਠਨ ਕਿਸੇ ਹੋਰ



ਆਗੂ ਨੂੰ ਮਰਨ ਵਰਤ 'ਤੇ ਬਿਠਾ ਦੇਣ, ਜਿਵੇਂ ਕਿ ਉਨ੍ਹਾਂ ਨੇ ਪਹਿਲਾਂ ਕੀਤਾ ਸੀ। ਇਸ ਲਈ ਸੁਪਰੀਮ ਕੋਰਟ ਵਲੋਂ ਕਰਨਾ ਇਹ ਬਣਦਾ ਹੈ ਕਿ ਉਹ ਕੇਂਦਰ ਸਰਕਾਰ ਨੂੰ ਹਿਦਾਇਤਾਂ ਜਾਰੀ ਕਰੇ ਕਿ ਉਹ ਕਿਸਾਨਾਂ ਨਾਲ ਗੱਲਬਾਤ ਕਰ ਕੇ ਕਿਸਾਨੀ ਮੰਗਾਂ ਦਾ ਕੋਈ ਕੋਈ ਵਾਜਿਬ ਹੱਲ ਕੱਢਣ ਲਈ ਅੱਗੇ ਆਵੇ। ਸੁਪਰੀਮ ਕੋਰਟ ਵਲੋਂ ਸਿਰਫ਼ ਪੰਜਾਬ ਸਰਕਾਰ 'ਤੇ ਦਬਾਅ ਪਾ ਕੇ ਕਿਸਾਨੀ ਅੰਦੋਲਨ ਜਾਂ ਕਿਸਾਨੀ ਮੰਗਾਂ ਦਾ ਹੱਲ ਨਹੀਂ ਲੱਭਿਆ ਜਾ ਸਕਦਾ। ਇਹ ਵੀ ਹੈਰਾਨੀ ਵਾਲੀ ਗੱਲ ਹੈ ਕਿ ਹਰਿਆਣਾ 10 ਮਹੀਨੇ ਤੋਂ ਪੰਜਾਬ ਦਾ ਦੇਸ਼ ਦੀ ਕੌਮੀ ਰਾਜਧਾਨੀ ਦਿੱਲੀ ਨੂੰ ਜਾਣ ਵਾਲਾ ਰਾਹ ਰੋਕ ਕੇ ਬੈਠਾ ਹੈ। ਲੋਕ ਦਿੱਲੀ ਆਉਣ-ਜਾਣ ਲਈ ਨਿੱਤ ਛੋਟੀਆਂ ਸੜਕਾਂ 'ਤੇ ਧੱਕੇ ਖਾ ਰਹੇ ਹਨ। ਸਨਅਤਕਾਰਾਂ ਤੇ ਵਪਾਰੀਆਂ ਦਾ ਅਰਬਾਂ ਦਾ ਨੁਕਸਾਨ ਹੋ ਚੁੱਕਾ ਹੈ ਤੇ ਸੁਪਰੀਮ ਕੋਰਟ ਇਸ ਸੰਬੰਧੀ ਕੋਈ ਨੋਟਿਸ ਨਹੀਂ ਲੈ ਰਿਹਾ।

ਕਈ ਵਾਰ ਮੁਲਤਵੀ ਕੀਤੇ ਜਾਣ ਤੋਂ ਬਾਅਦ 31 ਦਸੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਅੰਮ੍ਰਿਤਸਰ ਵਿਚ ਮੀਟਿੰਗ ਹੋਈ ਹੈ ਜਿਸ ਵਿਚ ਖਾੜਕੂ ਪਿਛੋਕੜ ਵਾਲੇ ਨਰਾਇਣ ਸਿੰਘ ਚੌੜਾ ਨੂੰ ਪੰਥ ਵਿਚੋਂ ਕੱਢਣ ਲਈ ਪਿਛਲੀ ਮੀਟਿੰਗ ਵਿਚ ਪਾਸ ਕੀਤੇ ਗਏ ਮਤੇ ਦੀ ਅੱਗੇ ਪੁਸ਼ਟੀ ਨਹੀਂ ਕੀਤੀ ਗਈ, ਜਿਸ ਕਾਰਨ ਇਹ ਮਤਾ ਆਪਣੇ-ਆਪ ਹੀ ਰੱਦ ਹੋ ਗਿਆ ਹੈ। ਇਥੇ ਇਹ ਵਰਣਨਯੋਗ ਹੈ ਕਿ ਨਰਾਇਣ ਸਿੰਘ ਚੌੜਾ ਨੇ ਸੁਖਬੀਰ ਸਿੰਘ ਬਾਦਲ 'ਤੇ ਹਰਿਮੰਦਰ ਸਾਹਿਬ ਸਮੂਹ ਦੇ ਸਾਹਮਣੇ ਉਸ ਸਮੇਂ ਜਾਨਲੇਵਾ ਹਮਲਾ ਕਰਨ ਦੀ ਅਸਫ਼ਲ ਕੋਸ਼ਿਸ਼ ਕੀਤੀ ਸੀ, ਜਦੋਂ ਉਹ ਸਿੰਘ ਸਾਹਿਬਾਨ ਵਲੋਂ ਲਗਾਈ ਗਈ ਧਾਰਮਿਕ ਸੇਵਾ ਨਿਭਾਅ ਰਹੇ ਸਨ। ਇਸ ਤੋਂ ਬਾਅਦ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਆਪਣੀ ਇਕ ਮੀਟਿੰਗ ਵਿਚ ਸ. ਨਰਾਇਣ ਸਿੰਘ ਚੌੜਾ ਨੂੰ ਪੰਥ ਵਿਚੋਂ ਛੇਕਣ ਦੀ ਮੰਗ ਕਰਦਾ ਇਕ ਮਤਾ ਪਾਸ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਭੇਜਿਆ ਸੀ। ਇਸ ਮਤੇ ਸੰਬੰਧੀ ਸਿੱਖ ਪੰਥ ਵਿਚ ਕਈ ਤਰ੍ਹਾਂ ਦੇ ਵਿਵਾਦ ਉੱਭਰੇ ਸਨ। ਬਹੁਤੇ ਪੰਥਕ ਹਲਕਿਆਂ ਦਾ ਵਿਚਾਰ ਸੀ ਕਿ ਨਰਾਇਣ ਸਿੰਘ ਚੌੜਾ ਨੇ ਸੁਖਬੀਰ ਸਿੰਘ ਬਾਦਲ 'ਤੇ ਜੋ ਹਮਲਾ ਕੀਤਾ ਹੈ, ਉਹ ਨਿੰਦਾਜਨਕ ਹੈ, ਇਸ ਲਈ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਪਰ ਉਸ ਨੂੰ ਪੰਥ ਵਿਚੋਂ ਛੇਕਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਮਤਾ ਪਾਸ ਕਰ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਕਾਰਵਾਈ ਲਈ ਭੇਜਣਾ ਉੱਚਿਤ ਨਹੀਂ ਸੀ। ਭਾਵੇਂ ਅਸੀਂ ਕਿਸੇ ਵੀ ਆਗੂ ਜਾਂ ਕਿਸੇ ਵੀ ਵਿਅਕਤੀ ਨੂੰ ਦੂਜਿਆਂ ਵਲੋਂ ਕਿਸੇ ਵੀ ਆਧਾਰ 'ਤੇ ਆਪਣੀ ਹਿੰਸਾ ਦਾ ਨਿਸ਼ਾਨਾ ਬਣਾਉਣ ਦੇ ਸਮਰਥਕ ਨਹੀਂ ਹਾਂ ਅਤੇ ਨਰਾਇਣ ਸਿੰਘ ਚੌੜਾ ਵਲੋਂ ਕੀਤੇ ਗਏ ਹਮਲੇ ਦੀ ਵੀ ਸਖ਼ਤ ਨਿੰਦਾ ਕਰਦੇ ਹਾਂ ਪਰ ਫਿਰ ਵੀ ਇਸ ਮੁੱਦੇ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪਾਸ ਕੀਤਾ ਗਿਆ ਮਤਾ ਕਿਸੇ ਵੀ ਤਰ੍ਹਾਂ ਉੱਚਿਤ ਨਹੀਂ ਸੀ। ਇਸ ਲਈ ਇਸ ਮਤੇ ਦੀ ਅੱਗੇ ਪੁਸ਼ਟੀ ਨਾ ਕਰਕੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸਹੀ ਫ਼ੈਸਲਾ ਲਿਆ ਹੈ। ਉਕਤ ਵਿਅਕਤੀ ਵਿਰੁੱਧ ਕਾਨੂੰਨੀ ਕਾਰਵਾਈ ਹੀ ਹੋਣੀ ਚਾਹੀਦੀ ਹੈ। ਇਹ ਵੀ ਹੈਰਾਨੀ ਵਾਲੀ ਗੱਲ ਹੈ ਕਿ ਨਰਾਇਣ ਸਿੰਘ ਚੌੜਾ ਵਿਰੁੱਧ ਨਾ ਤਾਂ ਸ਼੍ਰੋਮਣੀ ਕਮੇਟੀ ਨੇ ਸ਼ਿਕਾਇਤ ਪੁਲਿਸ ਕੋਲ ਦਰਜ ਕਰਵਾਈ ਸੀ ਤੇ ਨਾ ਹੀ ਸ਼੍ਰੋਮਣੀ ਅਕਾਲੀ ਦਲ ਨੇ। ਸ਼੍ਰੋਮਣੀ ਕਮੇਟੀ ਵਲੋਂ ਮਤਾ ਪਾਸ ਕਰ ਕੇ ਸਿੰਘ ਸਾਹਿਬਾਨ ਨੂੰ ਜ਼ਰੂਰ ਭੇਜਿਆ ਗਿਆ ਸੀ।

ਜਿਥੋਂ ਤੱਕ ਅੰਤ੍ਰਿੰਗ ਕਮੇਟੀ ਵਲੋਂ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਜਾਂਚ ਲਈ ਬਣਾਈ ਗਈ ਤਿੰਨ ਮੈਂਬਰੀ ਕਮੇਟੀ ਦੀ ਮਿਆਦ ਅੱਗੇ ਇਕ ਮਹੀਨਾ ਹੋਰ ਵਧਾਏ ਜਾਣ ਦੀ ਗੱਲ ਹੈ। ਇਸ ਸੰਬੰਧੀ ਸਾਡੀ ਇਹ ਰਾਇ ਕਿ 18-20 ਸਾਲ ਪੁਰਾਣੇ ਇਕ ਪਰਿਵਾਰਕ ਮੁੱਦੇ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਜਾਂਚ ਲਈ ਅੰਤ੍ਰਿੰਗ ਕਮੇਟੀ ਵਲੋਂ ਆਪਣੀ ਪਿਛਲੀ ਮੀਟਿੰਗ ਵਿਚ ਜਾਂਚ ਕਮੇਟੀ ਦਾ ਗਠਨ ਕਰਨਾ ਹੀ ਇਕ ਉੱਚਿਤ ਫ਼ੈਸਲਾ ਨਹੀਂ ਸੀ, ਕਿਉਂਕਿ ਇਸ ਪੁਰਾਣੇ ਵਿਵਾਦ ਦੀ ਜਾਂਚ ਸ਼੍ਰੋਮਣੀ ਕਮੇਟੀ ਉਨ੍ਹਾਂ ਦੀ ਨਿਯੁਕਤੀ ਵੇਲੇ ਹੀ ਕਰ ਚੁੱਕੀ ਸੀ। ਇਸ ਸੰਬੰਧੀ ਮੀਡੀਆ ਵਿਚ ਭਾਈ ਮਨਜੀਤ ਸਿੰਘ ਨੇ ਇਕ ਬਿਆਨ ਵੀ ਦਿੱਤਾ ਸੀ। ਦੂਜੀ ਗੱਲ ਇਹ ਵੀ ਹੈ ਕਿ ਜੇਕਰ ਕਿਸੇ ਸਿੰਘ ਸਾਹਿਬਾਨ ਦੇ ਖ਼ਿਲਾਫ਼ ਕੋਈ ਗੰਭੀਰ ਦੋਸ਼ ਲਗਦੇ ਹਨ ਤਾਂ ਸ਼੍ਰੋਮਣੀ ਕਮੇਟੀ ਦੀ ਪੁਰਾਣੀ ਪਰੰਪਰਾ ਅਨੁਸਾਰ ਇਸ ਦੀ ਜਾਂਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੋਂ ਹੀ ਕਰਵਾਈ ਜਾਂਦੀ ਰਹੀ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਦੇ ਸਮੇਂ ਵੀ ਇਸੇ ਤਰ੍ਹਾਂ ਦੀ ਵਿਵਸਥਾ ਕੀਤੀ ਗਈ ਸੀ। ਇਸ ਸੰਦਰਭ ਵਿਚ ਗਿਆਨੀ ਹਰਪ੍ਰੀਤ ਸਿੰਘ ਵਾਰ-ਵਾਰ ਇਹ ਗੱਲ ਦੁਹਰਾਅ ਰਹੇ ਹਨ ਕਿ ਉਨ੍ਹਾਂ ਨੂੰ 2 ਦਸੰਬਰ ਨੂੰ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਸ਼ਾਮਿਲ ਹੋ ਕੇ ਅਕਾਲੀ ਆਗੂਆਂ ਨੂੰ ਲਗਾਈ ਗਈ ਸਜ਼ਾ ਕਾਰਨ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਵਲੋਂ ਸ਼੍ਰੋਮਣੀ ਕਮੇਟੀ ਦੇ ਰਾਹੀਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸਿੱਖ ਪੰਥ ਦੇ ਬਹੁਤੇ ਹਲਕੇ ਵੀ ਇਸੇ ਤਰ੍ਹਾਂ ਦੀ ਹੀ ਰਾਇ ਰੱਖਦੇ ਹਨ। ਸਾਡਾ ਇਸ ਸੰਬੰਧ ਵਿਚ ਮਤ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਪਿਛਲੇ ਲੰਮੇ ਸਮੇਂ ਤੋਂ ਧਾਰਮਿਕ ਸੇਵਾਵਾਂ ਦਿੰਦੇ ਆ ਰਹੇ ਹਨ। ਸਿੱਖ ਪੰਥ ਅਤੇ ਪੰਜਾਬੀ ਜਗਤ ਵਿਚ ਉਨ੍ਹਾਂ ਦਾ ਵਿਸ਼ੇਸ਼ ਸਥਾਨ ਹੈ। ਇਸ ਲਈ ਉਨ੍ਹਾਂ ਨੂੰ ਸਿੰਘ ਸਾਹਿਬਾਨ ਵਲੋਂ 2 ਦਸੰਬਰ ਨੂੰ ਕੀਤੇ ਗਏ ਫ਼ੈਸਲਿਆਂ ਨੂੰ ਮੁੱਖ ਰੱਖਦਿਆਂ ਜਾਂ ਕਿਸੇ ਹੋਰ ਕਾਰਨ, ਕਿਸੇ ਵੀ ਸੂਰਤ ਵਿਚ ਨਿਸ਼ਾਨਾ ਬਣਾਉਣਾ ਸਹੀ ਨਹੀਂ ਹੈ। ਉਨ੍ਹਾਂ ਵਿਰੁੱਧ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਬਣਾਈ ਗਈ ਜਾਂਚ ਕਮੇਟੀ ਨੂੰ ਸਮਾਪਤ ਕਰ ਦੇਣਾ ਚਾਹੀਦਾ ਹੈ ਅਤੇ ਗਿਆਨੀ ਹਰਪ੍ਰੀਤ ਸਿੰਘ ਦਾ ਮਾਣ-ਸਨਮਾਨ ਪਹਿਲਾਂ ਦੀ ਤਰ੍ਹਾਂ ਹੀ ਕਾਇਮ ਕੀਤਾ ਜਾਣਾ ਚਾਹੀਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੂੰ ਇਸ ਕੌੜੀ ਹਕੀਕਤ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਨਵੀਆਂ ਗ਼ਲਤੀਆਂ ਨਾ ਕਰਨ, ਅਜੇ ਤੱਕ ਉਨ੍ਹਾਂ ਪੁਰਾਣੀਆਂ ਗ਼ਲਤੀਆਂ ਨੂੰ ਹੀ ਪੰਥ ਨਹੀਂ ਭੁੱਲਿਆ।

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ 15 ਸਾਲ ਦੇ ਲਗਭਗ ਵਿੱਤ ਮੰਤਰੀ ਅਤੇ ਪ੍ਰਧਾਨ ਮੰਤਰੀ ਵਜੋਂ ਦੇਸ਼ ਦੀ ਵੱਡੀ ਸੇਵਾ ਕੀਤੀ ਹੈ। ਇਸ ਤੋਂ ਪਹਿਲਾਂ ਵੀ ਉਹ ਭਾਰਤ ਦੇ ਰਿਜ਼ਰਵ ਬੈਂਕ ਦੇ ਗਵਰਨਰ ਵਜੋਂ ਅਤੇ ਯੋਜਨਾ ਕਮਿਸ਼ਨ ਦੇ ਉੱਪ ਪ੍ਰਧਾਨ ਵਜੋਂ ਦੇਸ਼ ਨੂੰ ਵਡਮੁੱਲੀਆਂ ਸੇਵਾਵਾਂ ਦੇ ਚੁੱਕੇ ਸਨ। ਉਨ੍ਹਾਂ ਨੂੰ ਦੇਸ਼ ਵਿਚ ਆਰਥਿਕ ਸੁਧਾਰਾਂ ਦਾ ਬਾਨੀ ਮੰਨਿਆ ਜਾਂਦਾ ਹੈ। ਜੇਕਰ ਕੌਮਾਂਤਰੀ ਤੌਰ 'ਤੇ ਉਨ੍ਹਾਂ ਦੀ ਕਿਸੇ ਨਾਲ ਤੁਲਨਾ ਹੋ ਸਕਦੀ ਹੈ ਤਾਂ ਉਹ ਚੀਨ ਦੇ ਆਗੂ ਤੇਂਗ ਸਿਉਂ ਪਿੰਗ ਹਨ, ਜਿਨ੍ਹਾਂ ਨੇ ਚੀਨ ਦੀ ਆਰਥਿਕਤਾ ਵਿਚ ਵੱਡੇ ਸੁਧਾਰ ਲਿਆ ਕੇ ਚੀਨ ਨੂੰ ਇਕ ਵੱਡੀ ਸ਼ਕਤੀ ਬਣਨ ਦੇ ਰਾਹ 'ਤੇ ਤੋਰਿਆ ਸੀ। ਉਨ੍ਹਾਂ ਦੇ ਯੋਗਦਾਨ ਨੂੰ ਮੁੱਖ ਰੱਖਦਿਆਂ ਡਾ. ਮਨਮੋਹਨ ਸਿੰਘ ਦਾ ਅੰਤਿਮ ਸੰਸਕਾਰ ਰਾਜ ਘਾਟ ਜਾਂ ਉਸ ਦੇ ਨੇੜੇ ਕਿਸੇ ਹੋਰ ਸਥਾਨ 'ਤੇ, ਜਿਥੇ ਪਹਿਲਾਂ ਪ੍ਰਧਾਨ ਮੰਤਰੀਆਂ ਜਾਂ ਰਾਸ਼ਟਰਪਤੀਆਂ ਦੇ ਸਸਕਾਰ ਹੋਏ ਹਨ, ਉਥੇ ਹੀ ਪੂਰੀਆਂ ਸਰਕਾਰੀ ਰਸਮਾਂ ਨਾਲ ਹੋਣਾ ਚਾਹੀਦਾ ਸੀ। ਭਾਵੇਂ ਸਾਬਕਾ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ. ਤਰਲੋਚਨ ਸਿੰਘ ਨੇ ਕਿਹਾ ਹੈ ਕਿ ਸਿੱਖ ਧਰਮ ਵਿਚ ਕਿਸੇ ਦੀ ਵੀ ਸਮਾਧੀ ਬਣਾਉਣ ਦੀ ਇਜਾਜ਼ਤ ਨਹੀਂ ਹੈ, ਫਿਰ ਵੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਉੱਚਿਤ ਯਾਦਗਾਰ ਜ਼ਰੂਰ ਬਣਨੀ ਚਾਹੀਦੀ ਹੈ। ਇਸ ਸਮੇਂ ਸਿੱਖ ਪੰਥ ਅਤੇ ਦੇਸ਼ ਦੇ ਹੋਰ ਬਹੁਤ ਸਾਰੇ ਲੋਕ ਇਹ ਮਹਿਸੂਸ ਕਰ ਰਹੇ ਹਨ ਕਿ ਦੇਸ਼ ਵਿਚ ਜੋ ਬਹੁਗਿਣਤੀਵਾਦ ਦੀ ਪ੍ਰਚੰਡ ਰਾਜਨੀਤੀ ਚਲ ਰਹੀ ਹੈ, ਉਸ ਨੂੰ ਮੁੱਖ ਰੱਖਦਿਆਂ ਹੀ ਡਾ. ਮਨਮੋਹਨ ਸਿੰਘ ਦਾ ਰਾਜਘਾਟ ਦੇ ਨੇੜੇ ਦੀ ਕਿਸੇ ਥਾਂ 'ਤੇ ਸਸਕਾਰ ਨਹੀਂ ਕੀਤਾ ਗਿਆ। ਬੋਧਘਾਟ ਦੇ ਸ਼ਮਸ਼ਾਨਘਾਟ ਵਿਚ ਜਿਥੇ ਉਨ੍ਹਾਂ ਦਾ ਸਰਕਾਰੀ ਤੌਰ 'ਤੇ ਸਸਕਾਰ ਕੀਤਾ ਗਿਆ, ਉਥੇ ਵੀ ਪ੍ਰਬੰਧ ਦੀਆਂ ਵੱਡੀਆਂ ਘਾਟਾਂ ਨਜ਼ਰ ਆਈਆਂ ਹਨ, ਜਿਨ੍ਹਾਂ ਨਾਲ ਲੋਕਾਂ ਵਿਚ ਹੋਰ ਵੀ ਰੋਸ ਫੈਲਿਆ ਹੈ। ਕੇਂਦਰ ਸਰਕਾਰ ਨੂੰ ਫੌਰੀ ਪਹਿਲਕਦਮੀ ਕਰ ਕੇ ਡਾ. ਮਨਮੋਹਨ ਸਿੰਘ ਦੇ ਕੱਦ ਦੇ ਬਰਾਬਰ ਉੱਚਿਤ ਯਾਦਗਾਰ ਬਣਾਉਣ ਅਤੇ ਉਨ੍ਹਾਂ ਦੀ ਯਾਦ ਵਿਚ ਕੋਈ ਵੱਡਾ ਵਿੱਦਿਅਕ ਅਦਾਰਾ ਕਾਇਮ ਕਰਨ ਦਾ ਐਲਾਨ ਕਰਨਾ ਚਾਹੀਦਾ ਹੈ ਤਾਂ ਜੋ ਲੋਕਾਂ ਦੀਆਂ ਭਾਵਨਾਵਾਂ ਨੂੰ ਜੋ ਠੇਸ ਲੱਗੀ ਹੈ, ਉਸ ਨੂੰ ਸੁਖਦ ਅਹਿਸਾਸ ਵਿਚ ਬਦਲਿਆ ਜਾ ਸਕੇ।

SINCE : 2007
ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
ਪਾਠਕਾਂ ਦੇ ਵਿਸ਼ਵਾਸ਼ ਦਾ 18 ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ
ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ
It's Time To Grow Your Business
Advertise with us...
ਕੈਨੇਡੀਅਨ ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
: canadianpunjabtimes@gmail.com
Contact : 604-338-7310

# ਸਿੱਖ ਜਵਾਨੀ ਨੂੰ ਵੰਗਾਰ, ਆਪਣਾ ਵਿਰਸਾ, ਪਰੰਪਰਾਵਾਂ, ਧਰਮ ਤੇ ਰਾਜਨੀਤੀ ਸੰਭਾਲੋ

**ਲੇਖਕ : ਗੁਰਤੇਜ ਸਿੰਘ ਆਈਏਐਸ**



ਜਿਹੜੇ ਉਮਰ ਦੇ ਓਸ ਪੜਾਅ ਉਤੇ ਹਨ,ਜਿਸ ਉਤੇ ਪੰਥ ਦੀ ਚੜ੍ਹਦੀਕਲਾ ਦੀ ਕਨਸੋਅ ਸੁਣਕੇ ਜਾਣ ਨੂੰ ਜੀਅ ਤਰਸਦਾ ਹੈ,ਉਹਨਾਂ ਨੂੰ ਵਧਾਈ।ਸੱਚੇ ਤੇ ਸੁੱਚੇ ਤਖਤ ਤੋਂ ਸੁਣੇ ਹੱਕ -ਸੱਚ ਤ, ਨਿੱਗਰ ਤੇ ਸਾਊ ਬੋਲ ਉਹਨਾਂ ਲਈ ਪਹਿਲੀ ਕਨਸੋਅ ਹਨ।

ਜਿਹੜੇ ਸਾਡੇ ਪਰਉਪਕਾਰੀ ਵੀਰ ਅੱਧੀ ਸਦੀ ਤੋਂ ਅੰਨੇ ਕਨੂੰਨ ਦੀਆਂ ਸਲਾਖਾਂ,ਸਰਹੰਦ ਦੀਆਂ ਕੰਧਾਂ ਵਿਚ ਦਫਨ ਹਨ ,ਉਹਨਾਂ ਲਈ ਵੀ ਏਸ ਕਨਸੋਅ ਵਿਚ ਖੁਸ਼ਖਬਰੀ ਹੈ ਕਿ ਉਹਨਾਂ ਦੇ ਹਮਦਰਦ ਨੀਂਦ ਤੋਂ ਜਾਗ ਪਏ ਹਨ।ਹੁਣ ਸਲਾਖਾਂ ਗਲ ਜਾਣਗੀਆਂ, ਕੰਧਾਂ ਢਹਿਣਗੀਆਂ, ਸਰਹੰਦ ਦੀ ਤਰਜ਼ ਉਤੇ ਇੱਟ ਨਾਲ ਇੱਟ ਖੜਕੇਗੀ।ਜਿਹੜੇ ਪਿਤਾ ਪੁਰਖੀ ਜਾਇਦਾਦਾਂ ਨਾਲੋਂ ਧਾਹਾਂ ਮਾਰਕੇ ਵਿਛੜੇ ਹਨ,ਜਿੰਨ੍ਹਾਂ ਗੈਰਾਂ ਦੀ ਧਰਤਿ ਉਤੇ ਜਾ ਆਲ੍ਹਣੇ ਪਾਏ ਹਨ,ਉਹਨਾਂ ਨੂੰ ਵੀ ਏਸ ਵਰਤਾਰੇ ਨੂੰ ਠੱਲ ਪਾਉਣ ਤੇ ਪਰਤ ਆਉਣ ਦੇ ਭਰੋਸੇ ਦਾ ਸੋਹਣਾ ਮੁਖੜਾ ਇਹਨਾਂ ਕਨਸੋਆਂ ਵਿਚੋਂ ਦੀਦਾਰ ਦੇਵੇਗਾ।

ਅੰਨਦਾਤਾ ਹੁੰਦਿਆਂ ਮੰਡੀਆਂ ਵਿਚ ਆਪਣੀ ਅਣਮੁਲੀ ਦਾਤ ਨੂੰ ਭੁੱਖੇ ਮੂੰਹਾਂ ਤਕ ਪਹੁੰਚਾਉਣ ਲਈ ਚਿੱਲੇ ਕਟਦਿਆਂ ਨੂੰ ਵੀ ਹੱਕ- ਸੱਚ ਦੇ ਬੋਲ ਧਰਵਾਸ ਦੇਣਗੇ।ਪਹਿਲਾਂ ਖਰੂਦੀ,ਨਕਸਲੀ, ਅੱਤਵਾਦੀ, ਵੱਖਵਾਦੀ,ਦੇਸ- ਧ੍ਰੋਹੀ ਆਖਕੇ ਗੋਲੀਆਂ ਨਾਲ ਨਿਸ਼ਾਨਾ ਬਣਾਉਣ ਦੀ ਪ੍ਰਕਿਰਿਆ ਹੁਣ ਬੰਦ ਹੋਵੇਗੀ।ਮਾਵਾਂ ਦੇ ਪੁੱਤ ਗੋਦੀਆਂ ਸੁੱਨੀਆਂ ਨਹੀਂ ਕਰਨਗੇ,ਸ਼ੇਰਾਂ ਵਰਗੇ ਗਭਰੂ ਨਸ਼ਿਆਂ ਨਾਲ ਨਿਢਾਲ ਨਹੀਂ ਹੋਣਗੇ।ਤਖਤਾਂ-ਤਾਜਾਂ ਵਾਲੇ ਨਚਾਰ ਬਣਕੇ ਤਖਤਾਂ ਸਾਹਮਣੇ ਨਹੀਂ ਨੱਚਣਗੇ,ਨਹੀਂ ਗਾਉਣਗੇ।ਅਣਖਾਂ ਜਾਗਣਗੀਆਂ,ਭੈਣਾਂ ਦੀ,ਬੇਟੀਆਂ ਦੀ ਇਜ਼ਤ ਨਹੀਂ ਰੁਲੇਗੀ।

ਗੁਰੂ ਗ੍ਰੰਥ ਦੇ ਸਾਵੇਂ ਤੇ ਸਾਦੇ ਬੋਲਾਂ ਵਿਚ ਮਾਨਵਤਾ ਦੀ ਹੂਕ ਹੈ,ਚੜ੍ਹਦੀਕਲਾ ਦਾ ਸੁਨੇਹਾ ਹੈ,ਪਰ ਸਭ ਤੋਂ ਵਧ ਆਪਣੀ ਅਜ਼ਾਦ ਹਸਤੀ ਕਾਇਮ ਰੱਖਣ ਲਈ ਆਪਣੇ ਆਪ ਉਤੇ ਸਿੱਖੀ ਦਾ ਜ਼ਾਬਤਾ ਦ੍ਰਿੜਤਾ ਨਾਲ ਲਾਉਣ ਦਾ ਅਟਲ ਹੁਕਮ ਹੈ।ਕੋਈ ਕੌਮ ਆਪਣੀ ਜਮਾਤ ਦੀਆਂ ਵਾਗਾਂ ਗਦਾਰਾਂ ਦੇ ਹੱਥ ਦੇਕੇ ਅਣਖ ਦਾ ਜੀਵਨ ਨਹੀਂ ਜੀਉ ਸਕਦੀ।ਇਹ ਸਬਕ ਤਾਂ ਅਸੀਂ ਫੇਰੂ ਸ਼ਹਿਰ ਤੇ ਸਭਰਾਵਾਂ ਦੀ ਜੰਗ ਤੋਂ ਹੀ ਸਿਖ ਲਿਆ ਸੀ।ਕਿਹੜੀ ਮਜਬੂਰੀ ਵਿਚ ਅਸੀਂ ਧੁਰ ਤੋਂ ਗੁਰੂ ਦੇ ਅਜ਼ਾਦ ਕੀਤੇ ਬੰਦਿਆਂ ਨੇ ਆਪਣੇ ਨੱਕ ਵਿਚ ਆਪੇ ਨਕੇਲ ਪਾਈ ਤੇ ਆਪਣੇ ਹੱਥੀ ਆਪਣੀ ਮੁਹਾਰ ਨਵੇਂ ਡੋਗਰਿਆਂ ਦੇ ਹੱਥ ਫੜਾਈ।ਸ਼ਹੀਦ ਸਾਧੂ ਕੂਕਦਾ ਗਿਆ,ਅਸੀਂ ਕਿਉਂ ਸਾਵਧਾਨ ਨਾ ਹੋ ਸਕੇ।ਕਿਉਂ ਅਸੀਂ ਜ਼ੁਲਮ ,ਤਸ਼ੱਦਦ,ਕਤਲੇਆਮ ਨੂੰ ਸੱਦੇ ਦਿੱਤੇ।

ਆਗੇ ਸਮਝ ਚਲੋ ਨੰਦ ਲਾਲਾ, ਜੋ ਬੀਤੀ ਸੋ ਬੀਤੀ।

ਗੁਰੂ ਕਲਗੀਧਰ ਅੱਜ ਦੇ ਨੌਜਵਾਨਾਂ ਨੂੰ ਸੱਦਾ ਦੇ ਰਿਹਾ ਹੈ।ਕੰਨ ਲਾਕੇ ਸੁਣੋ। ਨੱਚਣਾ ,ਟੱਪਣਾ,ਗਾਉਣਾ ਹਰ ਸ਼ੁਹਦਾਪਣ ਤੁਰੰਤ ਤਿਆਗੋ।ਜਿਸਨੇ ਤੁਹਾਡੇ ਉਪਰ ਚਾਰ ਪੁੱਤ ਵਾਰੇ ਸਨ ਓਸਨੂੰ ਹਲੇਮੀ ਨਾਲ ਤੇ ਕਰਮ ਨਾਲ ਸੁਨੇਹਾ ਦਿਉ ਕਿ ਅਸੀਂ ਕਈ ਹਜ਼ਾਰ ਜਿਉਂਦੇ ਹਾਂ,ਉਹਨਾਂ ਵਾਂਗ ਹੀ

ਆਪਣੇ ਅਕਾਲ ਰੂਪ ਬਾਪ ਦੇ ਸਾਹਮਣੇ ਹੱਕ - ਸੱਚ ਲਈ ਜੂਝਣ ਨੂੰ ਤਿਆਰ ਹਾਂ।ਹਥਿਆਰਾਂ ਤੋਂ ਬਿਨਾਂ ਵੀ ਸੱਚ,ਧਰਮ ,ਨਿਆਂ ਦੇ ਆਸਰੇ ਨੰਗੇ ਧੜ ਲੜਨ ਦਾ ਯਕੀਨ ਦਿਵਾਓ।ਆਪਣੇ ਸਿਰਾਂ ਉਤੇ ਸਭ ਤੋਂ ਪਹਿਲਾਂ ਗੁਰੂ ਕਲਗੀਧਰ ਬਾਪਦਾ ਬਖਸ਼ਿਆ ਤਾਜ਼ ਰਖੋ,ਜਿਸਨੂੰ ਉਤਾਰਨ ਲਈ ਖੂਣਸੀਆਂ ਤੇ ਨਸਲਵਾਦੀਆਂ ਦੀਆਂ ਫੌਜਾਂ ਹਰਲ- ਹਰਲ ਕਰਦੀਆਂ ਫਿਰਦੀਆਂ ਹਨ।ਉਹਨਾਂ ਕੇਸ ਦਾਹੜੀਆਂ ਨੂੰ ਧਾਰੋ,ਜਿਹਨਾਂ ਵਿਚੋਂ ਹਰੇਕ ਦੀ ਕੀਮਤ ਦੋ ਜਹਾਨ ਹੈ।ਅੰਮ੍ਰਿਤ ਦੀ ਦਾਤ ਲਈ ਅਜੇ ਚੁਲੇ ਤਿਆਰ ਕਰੋ।ਬੀਰ ਆਸਣ ਹੋਣ ਦਾ ਅਭਿਆਸ ਕਰੋ।ਪਰ ਛਕਣਾ ਓਸ ਦਿਨ ਜਿਸ ਮੁਬਾਰਕ ਦਿਨ ਤੁਹਾਡੇ ਮਨਾਂ ,ਬਚਨਾਂ ਤੇ ਕਰਮਾਂ ਵਿਚੋਂ ਅੰਮ੍ਰਿਤ ਦੀ ਖੁਸ਼ਬੂ ਆਉਣ ਲਗ ਜਾਵੇ।ਅੰਮ੍ਰਿਤ ਸ਼ੇਰਨੀ ਦਾ ਦੁੱਧ ਹੈ,ਇਹ ਸੋਨੇ ਦੇ ਭਾਂਡੇ ਵਿਚ ਹੀ ਸਮਾ ਸਕਦਾ ਹੈ।

ਗੁਰੂ ਕਲਗੀਧਰ ਦਾ ਰੂਪ ਧਾਰੋ।ਸੁਚੱਜੇ ਪ੍ਰਚਾਰਕਾਂ,ਜਿਹਨਾਂ ਦੀ ਅਜੇ ਵੀ ਘਾਟ ਨਹੀਂ,ਦੇ ਅੱਖਰ ਬੋਲ ਸੁਣੋ,ਆਪਣੇ ਆਪ ਨੂੰ ਪਰਖ ਦੀ ਘੜੀ ਲਈ ਸਾਧੋ।

ਗੁਰੂ ਗ੍ਰੰਥ ਦਾ ਹੁਕਮ ਹੈ ਕਿ ਸਭ ਧੜੇ ਤਿਆਗ ਕੇ ਨਿਰਵੈਰ ਸਤਿਗੁਰੂ ਦੇ ਧੜੇ ਵਿਚ ਸ਼ਾਮਲ ਹੋਵੋ,ਸੱਚੀ ਬਾਣੀ ਗਾਉ।ਸੁੱਚਾ ਆਚਰਣ ਬਣਾਉ।ਸਿੱਖੇ ਤਿੱਤਰਾਂ ਦੇ ਤਿੱਖੇ ਬੋਲ ਨਾ ਸੁਣੋ,ਇਹਨਾਂ ਦੀਆਂ ਲਾਈਆਂ ਫਾਹੀਆਂ ਵਿਚ ਫਸਕੇ ਭੋਲੇ ਪੰਛੀਆਂ ਵਾਂਗ ਛੁਰੀਆਂ ਹੇਠ ਨਾ ਆਉ।

ਜਮਾਨਾ ਤੁਹਾਡਾ ਅਕਾਲੀ ਜਲਾਲ ਵੇਖਣ ਨੂੰ ਅੱਖਾਂ ਵਿਛਾਈ ਬੈਠਾ ਹੈ।ਸਤਿਗੁਰੂ ਨੇ ਜਿਹਨਾਂ ਦੇ ਪੈਰਾਂ ਦੀ ਬੇੜੀ ਕੱਟੀ ਹੈ,ਉਹ ਆਪਣੀ ਸੁਰੱਖਿਆ ਢਾਲ ਨੂੰ ਚਾਵਾਂ,ਮਲ੍ਹਾਰਾਂ ਨਾਲ ਉਡੀਕ ਰਹੇ ਹਨ।ਬੇਗਮਪੁਰਾ ,ਹਲੇਮੀ ਰਾਜ ਦੀਆਂ ਨਉਬਤਾਂ ਦੇ ਸੰਘਾਂ ਵਿਚ ਸੁਰਾਂ ਸੁਕੀਆਂ ਪਈਆਂ ਹਨ।ਆਉ ਸੁਰਜੀਤ ਕਰੀਏ।

ਸਚੇ ਤਖਤ ਦੇ ਸੁਨੇਹੇ ਅਨੁਸਾਰ ਪਹਿਲੇ ਹਲੇ ਨਵਾਂ ਨਰੋਆ ਅਕਾਲੀ ਦਲ ਸਿਰਜੋ ਜੋ ਅਕਾਲ ਦੇ ਜਗਤ ਕਲਿਆਣਕਾਰੀ ਉਪਦੇਸ਼ ਨਾਲ ਇਕਸੁਰ ਹੋਵੋ।ਬੜੀ ਮੁਦਤ ਬਾਅਦ ਅਕਾਲ ਦਾ ਸੁਨੇਹਾ ਅਕਾਲ ਤਖਤ ਤੋਂ ਆਇਆ ਹੈ।ਏਸ ਨੂੰ ਬੰਜਰ ਧਰਤੀ ਉੱਤੇ ਨਾ ਡਿੱਗਣ ਦੇਵੋ।ਆਪਣੇ ਜਰਖੇਜ਼ ਮਨਾਂ ਵਿਚ ਸੰਭਾਲੋ ਤੇ ਦਸ ਪਾਤਸ਼ਾਹੀਆਂ ਦੇ ਕਉਲ ਨੂੰ ਪਾਲੋ,ਜਿਸ ਦਾ ਜਸ ਕਵੀਆਂ,ਉਚੀਆਂ ਹਸਤੀਆਂ ਨੇ 'ਸਭ ਧਰਤੀ ਕੀਨੀ ਗੁਲਜ਼ਾਰੇ ਆਖਕੇ ਗਾਇਆ ਹੈ।

ਕਬ ਤਕਾਜਾ ਹੈ ਫਕਤੁ ਮੇਰੇ
ਦਿਲੇ ਸ਼ਰਸ਼ਾਰ ਕਾ
ਮੁੰਤਜਿਰ ਹੈ ਇਕ ਜਮਾਨਾ
ਸੁਬਹ ਪੁਰ ਅਨਵਾਰ ਕਾ
ਆ ਰਹਾ ਹੈ ਬਹਾਰੋਂ ਕਾ
ਮੌਸਮ ਕਰੀਬ
ਗੁੰਚਾ ਗੁੰਚਾ ਹਸ ਪੜ੍ਹੇਗਾ
ਜਬ ਮੇਰੀ ਗੁਲਜਾਰ ਕਾ।

# ਜੋ ਬੋਲੇ ਸੋ ਨਿਹਾਲ

## "ਗਾਥਾ ਗੂੜ ਅਪਾਰੰ"

**ਲੇਖਕ : ਗੁਰਤੇਜ ਸਿੰਘ**

ਜੋਜ਼ਫ ਸਟੈਲਿਨ ਅਤੇ ਮਾਓ ਜ਼ੇ ਤੁੰਗ ਸੋਵੀਅਤ ਯੂਨੀਅਨ ਅਤੇ ਚੀਨ ਦੇ ਵੱਡੇ ਸਿਆਸੀ ਆਗੂ ਹੋਏ ਹਨ। ਇਹਨਾਂ ਨੇ ਕਾਰਲ ਮਾਰਕਸ ਦੇ ਮਨੁੱਖਤਾ ਲਈ ਸਿਰਜੇ ਵੱਡੇ ਸੁਪਨਿਆਂ ਨੂੰ ਸੰਸਾਰ ਦੀ ਧਰਾਤਲ ਉੱਤੇ ਉਤਾਰਨਾ ਸੀ। ਇਹਨਾਂ ਉਹ ਸੁਰਗ ਦਾ ਨਕਸ਼ਾ ਜਿਸ ਵਿੱਚ 'ਹਰ ਇੱਕ ਬੰਦਾ ਸ਼ਾਹ ਦੁਨੀਆ ਦਾ ਹਰ ਇੱਕ ਤੀਵੀਂ ਰਾਣੀ' ਹੋਵੇ, ਧਰਤੀ ਉੱਤੇ ਵਾਹੁਣਾ ਸੀ। ਅਨੇਕਾਂ ਬੋਲੀਆਂ ਵਿੱਚ ਹਿੰਦੋਸਤਾਨ ਵਿੱਚ ਤਕਰੀਬਨ ਮੁਫ਼ਤ ਵੰਡੇ ਜਾਂਦੇ ਸੋਵੀਅਤ ਰਸਾਲੇ ਵਿੱਚ ਦਿਓ-ਕੱਦ ਜੋੜੇ ਦੀ ਤਸਵੀਰ ਜ਼ਰੂਰ ਹੁੰਦੀ ਸੀ। ਔਰਤ ਦੇ ਹੱਥ ਵਿੱਚ ਕਣਕ ਦੀਆਂ ਬੱਲੀਆਂ ਅਤੇ ਮਰਦ ਦੇ ਹੱਥ ਦਾਤ-ਨੁਮਾ ਦਾਤਰੀ ਹੁੰਦੀ ਸੀ। ਬਰਾਬਰਤਾ, ਖ਼ੁਸ਼ਹਾਲੀ ਉਹਨਾਂ ਦੇ ਚਿਹਰਿਆਂ ਤੋਂ ਝਲਕਦੀ ਹੁੰਦੀ ਸੀ। ਇਹੋ ਜਿਹੇ ਮੁਜੱਸਮੇ ਵੇਖ ਕੇ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਸੋਹਣ ਸਿੰਘ ਜੋਸ਼ ਤੇ ਸੰਤ ਸਿੰਘ ਸੇਖੋਂ ਆਦਿ ਨੇ ਸਿੱਖਾਂ ਦੀ ਬੌਧਿਕ ਅਗਵਾਈ ਦੇ ਪਰ ਕੱਟ ਕੇ, ਉਸ ਨੂੰ ਸਾਮਵਾਦੀ ਦਲਦਲ ਵਿੱਚ ਧੱਕ ਕੇ ਸਿੱਖ ਕੌਮ ਨੂੰ ਦਿਸ਼ਾਹੀਣ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ ਸੀ। ਚੰਗੇ ਭ਼ਲੇ ਨਿੱਤ ਨੇਮੀ, ਅੰਮ੍ਰਿਤਧਾਰੀ, ਗ਼ਦਰੀ ਬਾਬਿਆਂ ਨੂੰ ਵੀ ਤਰਾਸ਼ ਕੇ ਕੌਮਿਊਨਿਜ਼ਮ ਦੇ ਚੌਖਟੇ ਵਿੱਚ ਕੱਸ ਦਿੱਤਾ ਸੀ।

ਇਹ ਤਾਂ ਸਰਬੀਆ ਵਿੱਚ ਦਫ਼ਨਾਏ ਲੱਖਾਂ ਲੋਕਾਂ ਦੀਆਂ ਕਬਰਾਂ ਅਤੇ ਚੀਨ ਦੀ 'ਅਗਾਂਹ ਨੂੰ ਵੱਡੀ ਛਾਲ' ਇਨਕਲਾਬ ਵਿੱਚ ਕਤਲ ਕੀਤਿਆਂ ਦੀਆਂ ਗਿਣਤੀਆਂ ਦੇ ਬਾਅਦ ਪਤਾ ਲੱਗਿਆ ਕਿ ਚੀਨ, ਰੂਸ ਨੇ ਕਿਹੋ ਜਿਹਾ ਸੁਰਗ ਸਾਜਿਆ ਸੀ। ਮਾਓ ਨੇ 1958 ਤੋਂ 1962 ਤੱਕ 450 ਤੋਂ 600 ਲੱਖ ਨਿਹੱਥੇ, ਨਿਮਾਣੇ, ਨਿਤਾਣੇ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ। ਇਨ੍ਹਾਂ ਵਿੱਚ ਹੁਨਾਨ ਸੂਬੇ ਦਾ ਇੱਕ ਭੁੱਖ ਦਾ ਸਤਾਇਆ ਬੱਚਾ ਵੀ ਸੀ ਜਿਸ ਨੇ ਇੱਕ ਮੁੱਠੀ ਅਨਾਜ ਚੋਰੀ ਕਰ ਲਿਆ ਸੀ ਅਤੇ ਉਸ ਦੇ ਬਾਪ ਨੂੰ ਮਜਬੂਰ ਕਰ ਕੇ ਉਸ ਨੂੰ ਜਿਊਂਦੇ ਨੂੰ ਦਫ਼ਨ ਕਰਵਾ ਦਿੱਤਾ ਸੀ। ਇੱਕ ਉਹ ਵੀ ਸੀ ਜਿਸ ਨੂੰ ਇੱਕ ਆਲੂ ਪੁੱਟਣ ਦੀ ਸਜ਼ਾ ਵਜੋਂ ਗਰਮ ਲੋਹੇ ਨਾਲ ਦਾਗ਼ ਦਿੱਤਾ ਸੀ। ਸਟੈਲਿਨ ਨੇ 400 ਲੱਖ ਕੂਲਕ ਲੋਕਾਂ ਨੂੰ ਨਕਲੀ ਕਾਲ ਪਾ ਕੇ ਭੁੱਖਿਆਂ ਮਾਰ ਦਿੱਤਾ ਸੀ। ਇਹ ਸਾਰੇ ਇਹਨਾਂ ਦੇ ਆਪਣੇ ਦੇਸ਼-ਵਾਸੀ ਸਨ।

ਧੰਨ ਹਨ ਸਾਡੇ ਆਗੂ ਜਿਹੜੇ ਅਜੇ ਵੀ ਸਮਰਾਜਵਾਦ ਦੇ ਗੁਣਗਾਣ ਦਾ ਰਿਆਜ਼ ਮੁਕਤ-ਕੰਠ ਕਰ ਰਹੇ ਹਨ।

ਸਟੈਲਿਨ ਨੇ ਦਾਅਵਾ ਕੀਤਾ ਸੀ ਕਿ ਕੁੱਲ ਮਨੁੱਖੀ ਸਮਾਜ ਦੀ ਭਲਾਈ ਲਈ, ਅਸੂਲਾਂ ਉੱਤੇ ਟੇਕ ਰੱਖਦੀ, ਸੰਸਾਰ ਦੀ ਪਹਿਲੀ ਸਿਆਸੀ ਤਨਜ਼ੀਮ ਉਸ ਦੀ ਕੌਮਿਊਨਿਸਟ ਪਾਰਟੀ ਹੈ। ਦੁਨੀਆ ਭਰ ਦੇ ਸਮਾਜਕ ਅਤੇ ਸਿਆਸੀ ਢਾਂਚਿਆਂ ਦੇ ਵੱਡੇ ਜਾਣਕਾਰ ਆਰਨਲਡ ਟੋਇਨਬੀ ਨੇ ਇਸ ਦਾਅਵੇ ਨੂੰ ਨਕਾਰਦਿਆਂ ਨਿਰਣਾ ਦਿੱਤਾ ਕਿ ਗੁਰੂ ਗੋਬਿੰਦ ਸਿੰਘ ਦਾ ਖ਼ਾਲਸਾ ਹੀ ਅਜਿਹੀ ਪਹਿਲੀ ਸਿਆਸੀ ਤਨਜ਼ੀਮ ਹੈ। ਸਿੱਖ ਪੰਥ ਦੀ ਇਹ ਕਮਜ਼ੋਰੀ ਹੈ ਕਿ ਇਸ ਨੇ ਅਜੇ ਤੱਕ ਖ਼ਾਲਸੇ ਦੇ ਸਿਆਸੀ ਰੁਤਬੇ ਅਤੇ ਕਰਤਬ ਬਾਰੇ ਚਰਚਾ ਨਾ ਕਰ ਕੇ ਕੇਵਲ ਉਸ ਦੇ ਧਾਰਮਕ ਪੱਖ ਨੂੰ ਹੀ ਉਜਾਗਰ ਕੀਤਾ ਹੈ। ਅੱਜ, ਖ਼ਾਸ ਤੌਰ ਉੱਤੇ ਕੋਵਿਡ ਦੇ ਜ਼ਮਾਨੇ ਵਿੱਚ, ਹਰ ਕਿਸਮ ਦੇ ਸਿਆਸੀ ਪ੍ਰਬੰਧ ਢਹਿ-ਢੇਰੀ ਹੋ ਚੁੱਕੇ ਹਨ। ਲੋਕਾਂ ਦਾ ਯਕੀਨ ਮੌਜੂਦਾ ਕਿਸਮ ਦੇ ਸਿਆਸੀ ਆਗੂਆਂ ਤੋਂ ਉੱਠ ਚੁੱਕਾ ਹੈ। ਹੁਣ ਪਰਗਟ ਹੋਇਆ ਹੈ ਕਿ ਹਰ ਕਿਸਮ ਦੀ ਰਾਜ-ਪ੍ਰਣਾਲੀ ਹਾਕਮ ਜਮਾਤ ਦੀ ਲੁੱਟ, ਚਾਲੀ ਗੰਜ ਜੋੜਨ ਦੀ ਹਵਸ ਅਤੇ ਹੁਕਮ ਚਲਾਉਣ ਦੇ ਝੱਸ ਪੂਰਾ ਕਰਨ ਦਾ ਕੇਵਲ ਸਾਧਨ ਬਣ ਕੇ ਹੀ ਰਹਿ ਗਈ ਹੈ।

ਮਨੁੱਖਤਾ ਦੀ ਆਤਮਾ ਆਪਣੀਆਂ ਨਸਲਾਂ ਦੇ ਭਵਿੱਖ ਨੂੰ ਲੈ ਕੇ ਡੂੰਘੇ ਫ਼ਿਕਰ ਵਿੱਚ ਹੈ। ਅੱਜ ਦੀ ਪੀੜ੍ਹੀ ਨੇ ਧਰਮ ਨੂੰ ਅਤੇ ਸਿਆਸਤ ਨੂੰ, ਇੱਕ ਦੂਜੇ ਤੋਂ ਵਧ ਕੇ, ਆਮ ਲੋਕਾਂ ਦਾ ਹਰ ਪੱਖੋਂ ਸ਼ੋਸ਼ਣ ਕਰਦਿਆਂ ਵੇਖਿਆ ਹੈ ਠੀਕ ਉਵੇਂ ਜਿਵੇਂ ਸੱਚੇ ਸਾਹਿਬ ਨੇ ਸਦੀਆਂ ਪਹਿਲਾਂ ਫੁਰਮਾਇਆ ਸੀ: "ਰਾਜ ਕਪਟੰ ਰੂਪ ਕਪਟੰ ਧਨ ਕਪਟੰ ਕੁਲ ਗਰਬਤਹ॥ ਸੰਚੰਤਿ ਬਿਖਿਆ ਛਲੰ ਛਿਦ੍ਰੰ ਨਾਨਕ ਬਿਨੁ ਹਰਿ ਸੰਗਿ ਨ ਚਾਲਤੇ॥੧॥" ਜਦੋਂ ਮਨੁੱਖਤਾ ਦੀ ਉੱਤਮ ਚੇਤਨਾ ਵਿੱਚ ਲੇਖਾ-ਜੋਖਾ ਹੁੰਦਾ ਹੈ ਤਾਂ ਮਾਓ, ਹਿਟਲਰ, ਸਟੈਲਿਨ ਦਾ ਅਤੇ ਉਨ੍ਹਾਂ ਦੀਆਂ ਰਾਜ-ਪ੍ਰਣਾਲੀਆਂ ਦਾ ਕੌਡੀ ਮੁੱਲ ਨਹੀਂ ਪੈਂਦਾ। "ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ॥ ਅਢੁ ਨ ਲਹਦੜੋ ਮੁਲੁ ਨਾਨਕ ਸਾਥਿ ਨਾ ਜੁਲਈ ਮਾਇਆ॥"

"ਸਾਥਿ" ਜਾਂਦੀ ਹੈ ਬਾਬਾ ਬੰਦਾ ਸਿੰਘ ਬਹਾਦਰ ਵਰਗਿਆਂ ਦੀ ਸੁੱਚੀ ਘਾਲਣਾ ਜਿਸ ਤੋਂ ਪ੍ਰੇਰਨਾ ਲੈ ਕੇ 25 ਸਿਪਾਹੀਆਂ ਨੇ ਪੰਜ ਤੀਰਾਂ ਦੀ ਵਿਰਾਸਤ ਨਾਲ ਜ਼ਮਾਨੇ ਦੀ ਸਭ ਤੋਂ ਤਾਕਤਵਰ ਅਤੇ ਸਭ ਤੋਂ ਜ਼ਾਲਮ ਹਕੂਮਤ ਉੱਤੇ ਫ਼ਤਿਹ ਪਾਈ। ਫਿਰ ਦੁਨੀਆਂ ਦਾ ਸਭ ਤੋਂ ਪਹਿਲਾ ਲੋਕ-ਰਾਜ ਸਥਾਪਤ ਕੀਤਾ ਜਿਸ ਵਿੱਚ ਊਚ-ਨੀਚ ਦੇ ਭੇਦ-ਭਾਵ ਮਿਟ ਗਏ। ਜੁੱਤੀਆਂ ਗੰਢਣ ਵਾਲੇ ਸਿਰ ਉੱਤੇ ਕਲਗੀਆਂ ਸਜਾ ਕੇ ਰਾਜੇ ਬਣੇ। ਓਸ ਨੇ ਆਖਿਆ ਅਸੀਂ 'ਸਤਿਜੁਗ ਵਰਤਾਇਆ ਹੈ।' ਜ਼ਮਾਨੇ ਨੇ ਇੱਕ ਜ਼ੁਬਾਨ ਹੋ ਸ਼ਾਹਦੀ ਭਰੀ। ਤੇਗ਼ ਅਤੇ ਦੇਗ਼ ਪਹਿਲੀ ਵਾਰ ਨਪੀੜਿਆਂ-ਲਤਾੜਿਆਂ ਦੇ ਹੱਕ ਵਿੱਚ ਚੱਲੀ। ਬਰਕਤ ਵਾਲੀ ਨਾਨਕ ਦੀ ਤੇਗ਼ ਨੇ ਸਭ ਸਤਾਇਆਂ ਦੇ ਉੱਤੇ ਛਾਂ ਕੀਤੀ: 'ਤੇਗੇ ਨਾਨਕ ਵਾਹਬ ਅਸਤ।' ਖਰੇ ਸੌਦੇ ਵਾਲੀ ਦੇਗ਼ ਫਿਰ ਚੜ੍ਹੀ ਅਤੇ ਨਾ ਕੋਈ ਭੁੱਖਾ ਸੁੱਤਾ ਨਾ ਦੁਖੀ। ਲੋਕਾਂ ਦਾ ਕਤਲੇਆਮ ਕਰਨ ਦੀ ਬਜਾਏ, ਸਮਾਂ ਆਉਣ ਉੱਤੇ, ਹਾਕਮਾਂ ਨੇ ਆਪਣੇ ਬੱਚਿਆਂ ਦੇ ਕਾਲਜੇ ਮੂੰਹ ਪਵਾਏ ਅਤੇ ਆਪਣੇ ਸਰੀਰਾਂ ਨੂੰ ਮਨੁੱਖ-ਮਾਤਰ ਦੀ ਢਾਲ ਬਣਾਇਆ; ਸਾਰੇ ਵਾਰ ਹੱਸ-ਹੱਸ ਝੱਲੇ। ਸਾਰੀ ਸਦੀ ਇਹ ਵਰਤਾਰਾ ਰਿਹਾ।

ਰਣਜੀਤ ਸਿੰਘ ਦੇ ਸਮੇਂ ਦਾ ਖ਼ਾਲਸਾ ਰਾਜ ਜਾਂ ਖ਼ਾਲਸੇ ਦੀ ਅਗਵਾਈ ਵਿੱਚ ਲੋਕਾਂ ਦਾ ਰਾਜ, ਬੰਦਾ ਬਹਾਦਰ ਦੇ ਖ਼ਾਲਸਾ ਰਾਜ ਦਾ ਪਰਛਾਵਾਂ ਮਾਤਰ ਸੀ। ਪਰ ਦੇਗ਼ ਅਤੇ ਤੇਗ਼ ਓਸੇ ਵੇਗ ਅਤੇ ਖ਼ਲੂਸ ਨਾਲ ਚੱਲੀ। ਮੁਖੀ ਨੇ ਕਲਗ਼ੀ ਪੱਗ ਤੋਂ ਲਾਹ ਕੇ ਲਾਚਾਰ ਬੁੱਢੇ ਨੂੰ ਸਰਕਾਰੋਂ ਮਿਲੀ ਕਣਕ ਦੀ ਪੰਡ ਸਿਰ ਉੱਤੇ ਰੱਖ ਲਈ ਅਤੇ 'ਪਾਂਡੀ ਪਾਤਸ਼ਾਹ' ਕਹਾਇਆ। ਜੰਗਲ ਦੇ ਜਾਨਵਰਾਂ ਨੂੰ ਵੀ ਧਰਵਾਸ ਮਿਲਿਆ। ਵਿਲਕਦੀ ਸ਼ੇਰਨੀ ਦੀ ਫ਼ਰਿਆਦ ਉਸ ਦੇ ਕੰਨੀਂ ਪਈ ਅਤੇ ਇਹ ਆਖ ਕੇ ਉਸ ਨੇ ਉਸ ਦੇ ਬੱਚਿਆਂ ਨੂੰ ਸਿਪਾਹੀਆਂ ਤੋਂ ਮੁਕਤ ਕਰਾਇਆ: "ਸ਼ੇਰਨੀ ਵੀ ਤਾਂ ਮਾਂ ਹੁੰਦੀ ਹੈ।" ਲੌਰਡ ਐਕਟਨ ਆਖਦਾ ਹੈ ਕਿ ਚਾਲੀ ਸਾਲਾਂ ਵਿੱਚ ਕਿਸੇ ਇੱਕ ਮਨੁੱਖ ਨੂੰ ਉਸ ਦੇ ਹੁਕਮ ਨਾਲ ਫ਼ਾਂਸੀ ਨਾ ਲੱਗੀ।

ਇੱਕੀਵੀਂ ਸਦੀ ਵਿੱਚ ਜਦੋਂ ਬੀ.ਬੀ.ਸੀ. ਨੇ ਸਭ ਤੋਂ ਵੱਧ ਜਾਣਕਾਰੀ ਰੱਖਣ ਵਾਲੇ ਕਈ ਮੁਲਕਾਂ ਦੇ ਇਤਿਹਾਸਕਾਰਾਂ ਨੂੰ ਪੁੱਛਿਆ ਤਾਂ ਸਭ ਦਾ ਨਿਰਣਾ ਸੀ ਕਿ ਬੀਤੀਆਂ ਸਦੀਆਂ ਵਿੱਚ ਸਭ ਤੋਂ ਉੱਤਮ ਰਾਜ ਰਣਜੀਤ ਸਿੰਘ ਦਾ ਖ਼ਾਲਸਾ ਰਾਜ ਹੀ ਸੀ। ਸਮੇਂ ਨੇ ਤੇਗ਼ ਦੇ ਰਾਹ ਵਿੱਚ ਕੁਝ ਰੁਕਾਵਟਾਂ ਪਾਈਆਂ ਪਰ ਖ਼ਾਲਸੇ ਦੀ ਦੇਗ਼ ਨਿਰੰਤਰ ਚੱਲਦੀ ਰਹੀ। ਮਨੁੱਖਤਾ ਦੀ ਹਰ ਮੁਸ਼ਕਲ, ਹਰ ਮਜਬੂਰੀ ਦਾ ਅਹਿਸਾਸ ਖ਼ਾਲਸੇ ਨੂੰ ਹੋਇਆ। ਇਰਾਕ, ਬੰਗਲਾ ਦੇਸ਼, ਕਸ਼ਮੀਰ, ਅਮਰੀਕਾ, ਕੈਨੇਡਾ, ਔਸਟ੍ਰੇਲੀਆ, ਨੇਪਾਲ, ਕੇਰਲਾ, ਗੁਜਰਾਤ ਆਦਿ ਜਿੱਥੇ ਵੀ ਲੋੜ ਪਈ ਗੁਰੂ ਨਾਨਕ ਦੀ ਦੇਗ਼ ਸਭ ਤੋਂ ਪਹਿਲਾਂ ਉੱਥੇ ਪਹੁੰਚੀ। ਗੁਰੂ ਰੂਪ ਵਿੱਚ ਖ਼ਾਲਸੇ ਦਾ ਬਿਰਦ ਹੈ 'ਜੋ ਬੋਲੇ ਸੋ ਨਿਹਾਲ।' ਅਰਥਾਤ 'ਕਿਸੇ ਮੁਸ਼ਕਲ ਵਿੱਚ ਫ਼ਸੇ ਮਨੁੱਖ ਦੀ ਪੁਕਾਰ ਸੁਣ ਕੇ ਜੋ ਮਦਦ ਦਾ ਹੁੰਗਾਰਾ ਭਰਦਾ ਹੈ ਉਹ ਸੱਚੇ ਦੀ ਦਰਗਾਹ ਵਿੱਚ ਨਿਹਾਲ ਹੋਵੇਗਾ।' ਬੋਲਣਾ ਧਰਮ ਹੈ ਕਿਉਂਕਿ ਅਕਾਲ ਦੀ ਹਰ ਮੁਹਾਜ਼ ਉੱਤੇ ਜਿੱਤ ਨੂੰ ਯਕੀਨੀ ਬਣਾਉਣਾ ਗੁਰੂ ਦਾ ਕਉਲ ਹੈ, ਖ਼ਾਲਸੇ ਦਾ ਕਰਤੱਵ ਹੈ 'ਸਤਿ ਸ੍ਰੀ ਅਕਾਲ।'

ਅੱਜ ਹਿੰਦੋਸਤਾਨ ਨੂੰ ਉਸੇ ਗ਼ੁਲਾਮੀ ਵਿਚ ਧੱਕਣ ਦਾ ਵੱਡਾ ਯਤਨ ਧਰਮ ਅਤੇ ਸਿਆਸਤ ਕਰ ਰਹੇ ਹਨ। ਬ੍ਰਾਹਮਣ ਹਰ ਇੱਕ ਨੂੰ ਨਿਆਸਰਾ ਕਰ ਕੇ ਆਪਣੀ ਹਕੂਮਤ ਸਭਨਾਂ ਉੱਤੇ ਸਥਾਪਤ ਕਰਨ ਨੂੰ ਉਤਾਵਲਾ ਹੈ। ਚਮਨ ਨੂੰ ਅੱਗ ਲੱਗੇਗੀ ਤਾਂ ਹਰ ਆਲ੍ਹਣਾ ਰਾਖ ਹੋ ਜਾਵੇਗਾ। ਇੱਕ ਦਹਿ-ਸਦੀ ਬਾਅਦ ਇੱਕ ਵਾਰ ਫੇਰ ਦਸਤਕ ਦੇ ਰਹੀ ਬ੍ਰਾਹਮਣ ਦੀ ਗ਼ੁਲਾਮੀ ਵਿਰੁੱਧ ਆਵਾਜ਼ ਉਠਾ ਕੇ ਇਸ ਕੁਲਹਿਣੀ ਰੀਤ ਨੂੰ ਧੱਕ ਕੇ ਮਨੁੱਖਤਾ ਦੇ ਬੂਹੇ ਤੋਂ ਦੂਰ ਕਰਨਾ ਸਭਨਾਂ ਦਾ ਫ਼ਰਜ਼ ਹੈ। ਇੱਕ ਵਾਰੀ ਫੇਰ ਖ਼ਾਲਸਾਈ ਨਾਅਰਾ ਹੈ: 'ਜੋ ਬੋਲੇ ਸੋ ਨਿਹਾਲ।' ਕੀ ਸ਼ਿਵਾ ਜੀ ਦੇ ਪੈਰੋਕਾਰ, ਜਿਨ੍ਹਾਂ ਦੇ ਮੱਥੇ ਉੱਤੇ ਬ੍ਰਾਹਮਣ ਨੇ ਪੈਰ ਨਾਲ ਤਿਲਕ ਲਗਾਇਆ ਸੀ, ਨਹੀਂ ਬੋਲਣਗੇ? ਕੀ ਹਰ ਤੀਜੇ ਵਰ੍ਹੇ ਮਾਵਾਂ, ਭੈਣਾਂ, ਬੇਟੀਆਂ ਦਾ ਜੌਹਰ ਹੰਢਾਉਣ ਵਾਲੇ ਰਾਜਪੂਤ ਨਹੀਂ ਬੋਲਣਗੇ? ਕੀ ਹਿੰਦ ਦੀ ਆਤਮਾ ਦੇ ਅਸਲ ਵਾਰਸ ਅਤੇ ਸਦੀਆਂ ਤੋਂ ਬ੍ਰਾਹਮਣ ਦੇ ਸਤਾਏ ਮੂਲ ਨਿਵਾਸੀ ਨਹੀਂ ਬੋਲਣਗੇ?

ਕਾਰਲ ਮਾਰਕਸ, ਮਾਓ, ਸਟੈਲਿਨ ਦੇ ਪੈਰੋਕਾਰਾਂ ਦੇ, ਹਿਟਲਰ ਦੇ ਪੈਰੋਕਾਰਾਂ ਵਾਂਗ ਹੀ, ਹੱਥ ਮਨੁੱਖਤਾ ਦੇ ਖ਼ੂਨ ਨਾਲ ਰੰਗੇ ਹੋਏ ਹਨ। ਜੇ ਇਹਨਾਂ ਬੋਲਣਾ ਹੈ ਤਾਂ ਹਿਰਦੇ ਨੂੰ ਸ਼ੁੱਧ ਕਰ ਕੇ ਗੁਰੂ ਨਾਨਕ ਦੇ ਨਕਸ਼ੇ- ਕਦਮ ਉੱਤੇ ਚੱਲਦਿਆਂ 'ਜੋ ਬੋਲੇ ਸੋ ਨਿਹਾਲ' ਦੇ ਨਾਅਰੇ ਦਾ ਨਿੱਘ ਮਾਣਦਿਆਂ 'ਸਤਿ ਸ੍ਰੀ ਅਕਾਲ' ਫ਼ਤਹਿ ਕਰਨ ਵੱਲ ਹੀ ਮੂੰਹ ਕਰਨਾ ਪਵੇਗਾ। ਅੱਜ ਇਹੀ ਕੁੱਲ ਮਨੁੱਖਤਾ ਦਾ ਸਾਂਝਾ ਨਾਅਰਾ ਹੈ।

# ਮਸਨੂਈ ਬੁੱਧੀ ਸਿੱਖਿਆ ਖੇਤਰ ਨੂੰ ਕਿਵੇਂ ਬਦਲੇਗੀ

ਲੇਖਕ : ਡਾ. ਸੋਨੂੰ ਰਾਣੀ,
ਸੰਪਰਕ: 91159-30504

ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਭਾਵ ਮਸਨੂਈ ਬੁੱਧੀ ਸਾਡੇ ਦਰਾਂ ’ਤੇ ਆ ਚੁੱਕੀ ਹੈ। ਇਸ ਨਾਲ ਪਲ-ਪਲ ਮਨੁੱਖੀ ਜੀਵਨ ਜਾਚ ਬਦਲ ਰਹੀ ਹੈ। ਇਸ ਦੀ ਸ਼ੁਰੂਆਤ ਵੀਹਵੀਂ ਸਦੀ ਦਾ ਦੂਜਾ ਅੱਧ ਆਰੰਭ ਹੋਣ ਨਾਲ ਹੀ ਹੋ ਗਈ ਸੀ ਜਦੋਂ ਐਲਨ ਟਿਊਰਿੰਗ ਦੀ ਮੌਤ ਤੋਂ ਬਾਅਦ ਜੌਨ ਮੈਕਾਰਥੀ ਨੇ 1956 ਵਿੱਚ ਪਹਿਲੀ ਵਾਰ ਸ਼ਬਦ ‘ਆਰਟੀਫੀਸ਼ੀਅਲ ਇੰਟੈਲੀਜੈਂਸ’ ਵਰਤਿਆ। ਹੁਣ ਇੱਕੀਵੀਂ ਸਦੀ ਦੇ ਤੀਜੇ ਦਹਾਕੇ ਦੇ ਆਰੰਭ ਨਾਲ ਇਸ ਦੀ ਚਰਚਾ ਆਮ ਹੋ ਗਈ ਹੈ।

‘ਚੈਟਬੋਟ’ ਸਾਡੀ ਜ਼ਿੰਦਗੀ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋ ਚੁੱਕੇ ਹਨ ਅਤੇ ਰੋਬੋਟ ਸਾਡੇ ਜੀਵਨ ਦਾ ਹਿੱਸਾ ਬਣ ਰਹੇ ਹਨ। ਬਹੁਤ ਹੱਦ ਤੱਕ ਉਹ ਸਾਡੇ ਫੋਨਾਂ ਰਾਹੀਂ ਸਾਡੇ ਜੀਵਨ ਵਿੱਚ ਦਾਖਲ ਹੋ ਵੀ ਚੁੱਕੇ ਹਨ। ‘ਚੈਟ ਜੀਪੀਟੀ’ ਨੇ ਸਿੱਖਿਆ ਵਿਧੀ ਬਦਲ ਕੇ ਰੱਖ ਦਿੱਤਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਐਪਸ ਵਿੱਚ ਅਵਤਾਰ ਅਤੇ ਚੈਟਬੋਟ ਨਾਂ ਦੀ ਮਸਨੂਈ ਬੁੱਧੀ ਹੈ ਜਿਸ ਨਾਲ ਤੁਸੀਂ ਆਪਣੀਆਂ ਤਸਵੀਰਾਂ ਦੇ ਅਵਤਾਰ ਤਿਆਰ ਕਰਨ ਦੇ ਨਾਲ-ਨਾਲ ਗੱਲਾਂ ਕਰ ਸਕਦੇ ਹੋ। ਇਸ ਤੋਂ ਇਲਾਵਾ ਰੋਬੋਟ ਮਨੁੱਖੀ ਮਜ਼ਦੂਰਾਂ ਦੀ ਥਾਂ ਕੰਮਕਾਰ ਕਰਨ ਲੱਗਿਆ ਹੈ ਜੋ ਸਿਰਫ਼ ਕੰਮ ਹੀ ਨਹੀਂ ਕਰਦਾ ਸਗੋਂ ਮਨੁੱਖ ਵਾਂਗ ਗੱਲਾਂ ਵੀ ਕਰਦਾ ਹੈ। ਉਦਾਹਰਨ ਵਜੋਂ ਅਮਰੀਕਾ ਵਿੱਚ ‘ਅਮੀਲੀਆ’ ਨਾਂ ਦੀ ਸਮਾਰਟ ਰੋਬੋਟ ਹੈ। ਅਮਰੀਕਾ ਵਿੱਚ ਰਹਿੰਦੇ ਚੇਤਨ ਦੂਬੇ ਦੁਆਰਾ ਤਿਆਰ ਕੀਤੀ ਹੋਈ ਹਿਊਮਨ-ਇੰਟੈਲੀਜੈਂਸ ਨਾਲ ਬਿਨਾਂ ਤਨਖਾਹ ਦੇ ਕੰਮ ਕਰਨ ਵਾਲੀ ਇਸ ਰੋਬੋਟ ਨੇ ਲੱਖਾਂ-ਕਰੋੜਾਂ ਦਫ਼ਤਰੀ ਕਾਮਿਆਂ ਲਈ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ। ਇਹ ਮਸਲਾ ਕਾਫ਼ੀ ਸੰਜੀਦਾ ਹੈ।

ਜੇ ਸਿੱਖਿਆ ਖੇਤਰ ਵਿੱਚ ਅਧਿਆਪਕ ਵਜੋਂ ਏਆਈ ਨਾਲ ਲਬਰੇਜ਼ ਰੋਬੋਟ ਦੇ ਆਗਮਨ ਦੀ ਗੱਲ ਕਰੀਏ ਤਾਂ ਇਸ ਦੀ ਸ਼ੁਰੂਆਤ 2019 ਵਿੱਚ ਹੋਈ ਸੀ। 2019 ਵਿੱਚ ਜਰਮਨ ਦੀ ਮਾਰਬਗ ਯੂਨੀਵਰਸਿਟੀ ਦੇ ਪ੍ਰੋਫੈਸਰ ਜਰਗਨ ਹੈਂਡਕੇ, ‘ਯੂਕੀ’ ਨਾਮਕ ਏਆਈ ਦੀ ਵਰਤੋਂ ਆਪਣੇ ਇੱਕ ਸਹਾਇਕ ਵਜੋਂ ਕਰਦੇ ਸਨ ਜਿਸ ਨਾਲ ਉਹ ਆਪਣੇ ਵਿਦਿਆਰਥੀਆਂ ਨਾਲ ਜ਼ਿਆਦਾ ਲੰਮੇ ਸਮੇਂ ਤੱਕ ਕਿਸੇ ਵਿਸ਼ੇ ਬਾਰੇ ਗੱਲਬਾਤ ਕਰ ਸਕਦੇ ਸਨ। ਇਸ ਤੋਂ ਬਾਅਦ ਦੇਵ ਅਦਿੱਤਿਆ ਅਤੇ ਡਾ. ਪਾਲਡੀ ਓਟਰਮੈਨ ਨੇ ਦੁਨੀਆ ਦਾ ਪਹਿਲਾ ਏਆਈ ਰੋਬੋਟ ਅਧਿਆਪਕ ‘ਬੀਅਟ੍ਰਿਸ’ ਬਣਾਇਆ। ਦੁਨੀਆ ਭਰ ਵਿੱਚ ਵੱਖੋ-ਵੱਖਰੇ ਨਾਵਾਂ ਵਾਲੇ ਕੁਝ ਹੋਰ ਏਆਈ ਅਧਿਆਪਕ ਵੀ ਸ਼ੁਰੂ ਕੀਤੇ ਜਾ ਚੁੱਕੇ ਹਨ। ਇਸੇ ਤਰ੍ਹਾਂ 2024 ਦੇ ਆਰੰਭ ਵਿੱਚ ਹੀ ਕੇਰਲਾ ਦੇ ਤਿਰੂਵਨੰਤਪੁਰਮ ਦੇ ਇੱਕ ਸਕੂਲ ਨੇ ‘ਆਈਰਿਸ’ ਨਾਮਕ ਏਆਈ ਅਧਿਆਪਕ ਰੋਬੋਟ ਦਾ ਉਦਘਾਟਨ ਕੀਤਾ। ‘ਆਈਰਿਸ’ ਰੋਬੋਟ ਅਧਿਆਪਕ ਨੂੰ ਨਵੰਬਰ 2024 ਵਿੱਚ ਪਟਿਆਲਾ ਦੇ ਇੱਕ ਸਕੂਲ ਨੇ ਆਪਣੇ ਅਧਿਆਪਨ ਕਾਰਜ ਲਈ ਅਪਣਾਇਆ ਹੈ।



ਸਿੱਖਿਆ ਖੇਤਰ ਵਿੱਚ ਇਨ੍ਹਾਂ ਏਆਈ ਨਾਲ ਲਬਰੇਜ਼ ਰੋਬੋਟ ਅਧਿਆਪਕਾਂ ਦੇ ਆਗਮਨ ਨਾਲ ਰਵਾਇਤੀ ਅਧਿਆਪਨ ਸ਼ੈਲੀ ਤਾਂ ਲਾਜ਼ਮੀ ਹੀ ਪ੍ਰਭਾਵਿਤ ਹੋਵੇਗੀ ਜਿਸ ਬਾਰੇ ਕੁਝ ਵਿਦਵਾਨ ਖ਼ਦਸ਼ੇ ਜ਼ਾਹਿਰ ਕਰ ਰਹੇ ਹਨ ਜਦੋਂਕਿ ਕੁਝ ਅਨੁਸਾਰ ਇਸ ਨਾਲ ਅਧਿਆਪਨ ਕਾਰਜ ਵਧੇਰੇ ਪ੍ਰਭਾਵਸ਼ਾਲੀ ਤੇ ਦਿਲਚਸਪ ਹੋ ਜਾਵੇਗਾ। ਯਕੀਨਨ ਸਿੱਖਿਆ ਖੇਤਰ ਵਿੱਚ ਇਸ ਦਾ ਪ੍ਰਭਾਵ ਪਹਿਲਾਂ ਸਕਾਰਾਤਮਕ ਅਤੇ ਸਮੇਂ ਦੇ ਨਾਲ ਨਕਾਰਾਤਮਕ ਵੀ ਹੋਵੇਗਾ। ਸਕਾਰਾਤਮਕ ਇਸ ਪੱਖੋਂ ਕਿ ਇਸ ਨਵੀਂ ਤਕਨੀਕ ਨਾਲ ਅਧਿਆਪਨ ਵਿੱਚ ਨਵੀਆਂ ਵਿਧੀਆਂ ਵਰਤੋਂ ਵਿੱਚ ਆਉਣਗੀਆਂ ਜਿਸ ਨਾਲ ਅਧਿਆਪਨ ਪ੍ਰਭਾਵਸ਼ਾਲੀ ਅਤੇ ਦਿਲਚਸਪ ਹੋਵੇਗਾ। ਕਾਗਜ਼ੀ ਕੰਮ ਘਟ ਜਾਣ ਨਾਲ ਅਧਿਆਪਕ ਵਿਦਿਆਰਥੀਆਂ ਨੂੰ ਸਿਖਾਉਣ ਵੱਲ ਵੱਧ ਧਿਆਨ ਦੇ ਸਕੇਗਾ। ਡੇਟਾ ਅਧਿਐਨ ਦੇ ਸੁਖਾਲੇ ਹੋ ਜਾਣ ਨਾਲ ਵਿਦਿਆਰਥੀਆਂ ਨੂੰ ਆਸਾਨੀ ਨਾਲ ਪੜ੍ਹਾਇਆ ਜਾ ਸਕੇਗਾ। ਵਿਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਦੀ ਹਾਜ਼ਰੀ ਨੂੰ ਡਿਜੀਟਲ ਵਿਧੀ ਰਾਹੀਂ ਦਰਜ ਕੀਤਾ ਜਾ ਸਕੇਗਾ।

ਇਸ ਤਰ੍ਹਾਂ ਆਪਣੇ ਸ਼ੁਰੂਆਤੀ ਦੌਰ ਵਿੱਚ ਇਹ ਮਸ਼ੀਨਾਂ ਮਨੁੱਖ ਦੇ ਸਹਾਇਕ ਵਜੋਂ ਕੰਮ ਕਰ ਸਕਦੀਆਂ ਹਨ ਪਰ ਸਮੇਂ ਨਾਲ ਜਦੋਂ ਇਹ ਮਸ਼ੀਨਾਂ ਹੋਰ ਜ਼ਿਆਦਾ ਡੇਟਾ ਨਾਲ ਲਬਰੇਜ਼ ਹੋ ਜਾਣਗੀਆਂ ਤਾਂ ਕੀ ਇਹ ਆਪ ਫ਼ੈਸਲੇ ਕਰਨ ਦੇ ਸਮਰੱਥ ਹੋ ਜਾਣਗੀਆਂ? ਜੇ ਅਜਿਹਾ ਹੋਇਆ ਤਾਂ ਉਸ ਸਮੇਂ ਅਧਿਆਪਕਾਂ ਲਈ ਨਵੀਆਂ ਚੁਣੌਤੀਆਂ ਖੜ੍ਹੀਆਂ ਹੋ ਸਕਦੀਆਂ ਹਨ; ਹਾਲਾਂਕਿ ਇਹ ਕਿਹਾ ਜਾ ਰਿਹਾ ਹੈ ਕਿ ਭਾਵੇਂ ਏਆਈ ਜਿੰਨੀ ਮਰਜ਼ੀ ਤਰੱਕੀ ਕਰ ਲਵੇ ਪਰ ਅਧਿਆਪਕ ਦੀ ਜ਼ਰੂਰਤ ਹਮੇਸ਼ਾ ਰਹੇਗੀ।

ਜਦੋਂ ਅਸੀਂ ਵਿਕਸਤ ਹੋ ਚੁੱਕੇ ਰੋਬੋਟ ਦੇਖਦੇ ਹਾਂ ਤਾਂ ਇਹ ਸਵਾਲ ਗੰਭੀਰ ਹੋ ਜਾਂਦਾ ਹੈ ਕਿ ਕੀ ਸਚਮੁੱਚ ਅਧਿਆਪਨ ਏਆਈ ਦੇ ਹੱਥ ਚਲਾ ਜਾਵੇਗਾ ਅਤੇ ਉਹ ਸਿਰਫ਼ ਰਿਕਾਰਡ ਡੇਟਾ ’ਤੇ ਆਧਾਰਿਤ ਹੋ ਕੇ ਰਹਿ ਜਾਵੇਗਾ? ਉਹ ਹਿਊਮਨੋਇਡ ਰੋਬੋਟ ਕਿਸ ਡੇਟਾ ਨੂੰ ਆਪਣਾ ਆਧਾਰ ਬਣਾਉਣਗੇ? ਉਹ ਡੇਟਾ ਕਿਸ ਦੁਆਰਾ ਸਟੋਰ ਕੀਤਾ ਗਿਆ ਹੋਵੇਗਾ? ਏਆਈ ਦੀ ਨੈਤਿਕਤਾ ਕੌਣ ਨਿਰਧਾਰਤ ਕਰੇਗਾ? ਆਦਿ ਅਨੇਕਾਂ ਸਵਾਲ ਹਨ। ਸੰਸਾਰ ਪ੍ਰਸਿੱਧ ਵਿਦਵਾਨ ਯੁਵਾਲ ਨੋਹ ਹਰਾਰੀ ਆਪਣੀ ਪੁਸਤਕ ‘ਨੈਕਸਸ’ ਵਿੱਚ ਨੌਕਰੀ ਲਈ ਚੁਣੀਆਂ ਅਰਜ਼ੀਆਂ ਦੀ ਉਦਾਹਰਨ ਦਿੰਦਾ ਹੈ ਜਿਸ ਅਨੁਸਾਰ ਸਾਫਟਵੇਅਰ ਨੇ ਸਿਰਫ਼ ਪੁਰਸ਼ਾਂ ਦੀਆਂ ਅਰਜ਼ੀਆਂ ਨੂੰ ਉਸ ਨੌਕਰੀ ਦੇ ਯੋਗ ਸਮਝ ਕੇ ਚੁਣਿਆ ਤੇ ਔਰਤਾਂ ਦੀਆਂ ਅਰਜ਼ੀਆਂ ਖਾਰਜ ਕਰ ਦਿੱਤੀਆਂ। ਨੋਹ ਹਰਾਰੀ ਲਿਖਦਾ ਹੈ ਕਿ ਅਜਿਹਾ ਇਸ ਲਈ ਹੋਇਆ ਕਿਉਂਕਿ ਉਸ ਸਾਫਟਵੇਅਰ ਨੇ ਪੁਰਾਣੇ ਰਿਕਾਰਡ ਦੇ ਆਧਾਰ ’ਤੇ ਔਰਤਾਂ ਨੂੰ ਉਸ ਨੌਕਰੀ ਲਈ ਅਯੋਗ ਸਮਝਿਆ।

ਇਹ ਘਟਨਾ ਇਹ ਦਰਸਾਉਂਦੀ ਹੈ ਕਿ ਮਸ਼ੀਨਾਂ ਜੋ ਨਤੀਜੇ ਪੇਸ਼ ਕਰਦੀਆਂ ਹਨ, ਉਹ ਇਤਿਹਾਸ ਵਿੱਚ ਮਨੁੱਖ ਵੱਲੋਂ ਵਾਰ-ਵਾਰ ਦੁਹਰਾਈਆਂ ਕਾਰਵਾਈਆਂ ’ਤੇ ਆਧਾਰਿਤ ਹੁੰਦੀਆਂ ਹਨ; ਭਾਵ, ਮਸ਼ੀਨਾਂ ਉਹ ਸਿੱਖਣਗੀਆਂ ਜੋ ਮਨੁੱਖ ਉਸ ਨੂੰ ਸਿਖਾਵੇਗਾ ਤੇ ਜੇ ਅਜਿਹਾ ਅਧਿਆਪਨ ਦੇ ਖੇਤਰ ਵਿੱਚ ਹੁੰਦਾ ਹੈ ਤਾਂ ਇਸ ਦੇ ਨਤੀਜੇ ਚਿੰਤਾਜਨਕ ਹੋ ਸਕਦੇ ਹਨ। ਇਸ ਲਈ ਵਰਤਮਾਨ ਤੋਂ ਹੀ ਸਾਡੇ ਦੁਆਰਾ ਕੀਤੀਆਂ ਗਈਆਂ ਕਿਰਿਆਵਾਂ ਭਵਿੱਖ ਵਿੱਚ ਮਹੱਤਵਪੂਰਨ ਰੋਲ ਨਿਭਾਉਣਗੀਆਂ। ਸੋ, ਏਆਈ ਜਿੱਥੇ ਸਾਡੇ ਲਈ ਵਰਦਾਨ ਹੈ, ਉੱਥੇ ਅਨੇਕਾਂ ਚੁਣੌਤੀਆਂ ਲੈ ਕੇ ਖੜ੍ਹੀ ਹੈ।

ਭਵਿੱਖ ਵਿੱਚ ਇਸ ਨਾਲ ਅਧਿਆਪਕ ਅਤੇ ਵਿਦਿਆਰਥੀ ਦਾ ਭਾਵਨਾਤਮਕ ਰਿਸ਼ਤਾ ਵੀ ਪ੍ਰਭਾਵਿਤ ਹੋਵੇਗਾ। ਏਆਈ ਨਾਲ ਲਬਰੇਜ਼ ਰੋਬੋਟ ਜਦੋਂ ਵੱਡੀ ਗਿਣਤੀ ਵਿੱਚ ਸਾਡੇ ਜੀਵਨ ਵਿੱਚ ਸ਼ਾਮਲ ਹੋ ਜਾਣਗੇ ਤਾਂ ਵਿਦਿਆਰਥੀ ਪੂਰਨ ਤੌਰ ’ਤੇ ਮਸ਼ੀਨਾਂ ਦੁਆਰਾ ਦਿੱਤੀ ਜਾਣ ਵਾਲੀ ਵਿੱਦਿਆ ’ਤੇ ਨਿਰਭਰ ਹੋ ਜਾਵੇਗਾ। ਜੇ ਅਧਿਆਪਨ ਪੂਰਨ ਤੌਰ ’ਤੇ ਏਆਈ ਆਧਾਰਿਤ ਹੋ ਗਿਆ ਤਾਂ ਸਕੂਲਾਂ-ਕਾਲਜਾਂ ਵਿੱਚ ਅਧਿਆਪਕਾਂ ਦੀ ਜ਼ਰੂਰਤ ਨਹੀਂ ਰਹੇਗੀ। ਇਸ ਦਾ ਸਭ ਤੋਂ ਪਹਿਲਾ ਪ੍ਰਭਾਵ ਨਿੱਜੀ ਵਿਦਿਅਕ ਅਦਾਰਿਆਂ ਰਾਹੀਂ ਦੇਖਣ ਨੂੰ ਮਿਲੇਗਾ। ਇਨ੍ਹਾਂ ਨਿੱਜੀ ਅਦਾਰਿਆਂ ਵਿੱਚ ਮੌਜੂਦਾ ਸਥਿਤੀ ਇਹ ਹੈ ਕਿ ਅਧਿਆਪਕ ਬਹੁਤ ਨਿਗੂਣੀਆਂ ਤਨਖਾਹਾਂ ’ਤੇ ਕੰਮ ਕਰਨ ਲਈ ਮਜਬੂਰ ਹਨ ਪਰ ਜਦੋਂ ਭਵਿੱਖ ਵਿੱਚ ਅਧਿਆਪਨ ਕਾਰਜ ਕਿਸੇ ਏਆਈ ਟੂਲ ਰਾਹੀਂ ਕੀਤਾ ਜਾਣਾ ਸੰਭਵ ਹੋ ਗਿਆ ਤਾਂ ਉਸ ਸਮੇਂ ਅਧਿਆਪਕ ਵਰਗ ਨੂੰ ਕਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ? ਇਹ ਸਭ ਸਵਾਲ ਭਵਿੱਖ ਵਿੱਚ ਵਿਦਿਅਕ ਖੇਤਰਾਂ ਵਿੱਚ ਅਧਿਆਪਕ ਵਰਗ ਦੀ ਭੂਮਿਕਾ, ਏਆਈ ਰਾਹੀਂ ਦਿੱਤੀ ਜਾਣ ਵਾਲੀ ਸਿੱਖਿਆ ਅਤੇ ਏਆਈ ਦੀ ਨੈਤਿਕਤਾ ਨਿਰਧਾਰਨ ਸਬੰਧੀ ਕੁੱਝ ਗੰਭੀਰ ਸਵਾਲ ਖੜ੍ਹੇ ਕਰਦੇ ਹਨ। ਇਸ ਬਾਰੇ ਹੁਣ ਤੋਂ ਹੀ ਸੰਜੀਦਾ ਹੋ ਕਿ ਸੋਚਣ ਅਤੇ ਸਮਝਣ ਦੀ ਜ਼ਰੂਰਤ ਹੈ।

---

# ਲੋਪ ਹੋ ਗਿਆ ਗ੍ਰੀਟਿੰਗ ਕਾਰਡਾਂ ਦਾ ਦੌਰ




ਲੇਖਕ : ਬਿੰਦਰ ਸਿੰਘ ਖੁੱਡੀ ਕਲਾਂ
ਸੰਪਰਕ: 98786-05965

14ਵੀਂ ਸਦੀ ਵਿੱਚ ਜਰਮਨ ਲੋਕਾਂ ਵੱਲੋਂ ਲੱਕੜ 'ਤੇ ਲਿਖ ਕੇ ਭੇਜੇ ਵਧਾਈ ਸੁਨੇਹਿਆਂ ਨਾਲ ਗ੍ਰੀਟਿੰਗ ਕਾਰਡਾਂ ਦੀ ਸ਼ੁਰੂਆਤ ਹੋਈ ਮੰਨੀ ਜਾਂਦੀ ਹੈ। ਉਪਰੰਤ ਯੂਰਪ ਵਿੱਚ ਪੰਦਰਵੀਂ ਸਦੀ ਦੇ ਸ਼ੁਰੂ ਵਿੱਚ ਹੱਥ ਨਾਲ ਬਣਾਏ ਗ੍ਰੀਟਿੰਗ ਕਾਰਡਾਂ ਦੀ ਸ਼ੁਰੂਆਤ ਹੋਈ। ਇਨ੍ਹਾਂ ਮੁਲਕਾਂ ਦੇ ਵਾਸੀਆਂ ਵੱਲੋਂ ਕ੍ਰਿਸਮਸ ਅਤੇ ਨਵੇਂ ਵਰ੍ਹੇ ਦੇ ਵਧਾਈ ਸੁਨੇਹੇ ਭੇਜਣ ਦੇ ਨਾਲ ਨਾਲ ਵੈਲੇਨਟਾਈਨ ਡੇ ਮੌਕੇ ਵੀ ਗ੍ਰੀਟਿੰਗ ਕਾਰਡਾਂ ਦਾ ਇਸਤੇਮਾਲ ਕੀਤਾ ਜਾਂਦਾ ਸੀ। ਹੌਲੀ ਹੌਲੀ ਮਸ਼ੀਨਾਂ ਨਾਲ ਗ੍ਰੀਟਿੰਗ ਕਾਰਡਾਂ ਦੀ ਛਪਾਈ ਦਾ ਕੰਮ ਸ਼ੁਰੂ ਹੋਇਆ। ਸਮਾਂ ਪਾ ਕੇ ਇਨ੍ਹਾਂ ਦੀ ਛਪਾਈ ਦਾ ਕੰਮ ਧੰਦੇ ਵਜੋਂ ਵਿਕਸਿਤ ਹੋਇਆ ਅਤੇ ਇੰਗਲੈਂਡ ਵਿੱਚ ਗ੍ਰੀਟਿੰਗ ਕਾਰਡ ਐਸੋਸੀਏਸ਼ਨ ਹੋਂਦ ਵਿੱਚ ਆਈ।

ਸਾਡੇ ਸਮਾਜ ਵਿੱਚ ਵੀ ਕਿਸੇ ਸਮੇਂ ਨਵੇਂ ਵਰ੍ਹੇ ਦੀਆਂ ਮੁਬਾਰਕਾਂ ਦੇ ਆਦਾਨ ਪ੍ਰਦਾਨ ਦਾ ਪ੍ਰਮੁੱਖ ਸਾਧਨ ਰਹੇ ਗ੍ਰੀਟਿੰਗ ਕਾਰਡ ਅਜੋਕੇ ਸਮੇਂ ਵਿੱਚ ਪੂਰੀ ਤਰ੍ਹਾਂ ਨਾਲ ਹਾਸ਼ੀਏ 'ਤੇ ਚਲੇ ਗਏ ਹਨ। ਸੰਚਾਰ ਦੇ ਤੇਜ਼ ਨਵੇਂ ਸਾਧਨਾਂ ਨੇ ਇਨ੍ਹਾਂ ਦੀ ਜ਼ਰੂਰਤ ਖ਼ਤਮ ਕਰਕੇ ਰੱਖ ਦਿੱਤੀ ਹੈ। ਅੱਖ ਦੇ ਝਪਕਣ ਸਮਾਨ ਸਮੇਂ ਵਿੱਚ ਸੁਨੇਹਾ ਭੇਜਣ ਦੇ ਅਤਿ ਆਧੁਨਿਕ ਸਾਧਨਾਂ ਸਾਹਮਣੇ ਕਈ ਕਈ ਦਿਨਾਂ ਦਾ ਸਫ਼ਰ ਤੈਅ ਕਰਕੇ ਮੰਜ਼ਿਲ 'ਤੇ ਪਹੁੰਚਣ ਵਾਲੇ ਗ੍ਰੀਟਿੰਗ ਕਾਰਡਾਂ ਦੇ ਦੌਰ ਦਾ ਲੋਪ ਹੋਣਾ ਸੁਭਾਵਿਕ ਸੀ, ਪਰ ਸੁਨੇਹਿਆਂ ਦੇ ਆਦਾਨ ਪ੍ਰਦਾਨ ਦੇ ਅਤਿ ਤੇਜ਼ ਤਰਾਰ ਸਾਧਨਾਂ ਵਿੱਚ ਇਨ੍ਹਾਂ ਜਿਹਾ ਵਾਤਾਵਰਨ ਉਸਾਰਨ ਦੀ ਸਮਰੱਥਾ ਨਹੀਂ ਹੈ। ਗ੍ਰੀਟਿੰਗ ਕਾਰਡਾਂ ਦੇ ਦੌਰ ਦੌਰਾਨ ਦਸੰਬਰ ਮਹੀਨੇ ਵਿੱਚ ਬਾਜ਼ਾਰਾਂ ਦੀ ਰੌਣਕ ਵੇਖਿਆਂ ਹੀ ਬਣਦੀ ਸੀ। ਕਿਤਾਬਾਂ ਦੀਆਂ ਦੁਕਾਨਾਂ 'ਤੇ ਸਜ਼ਾ ਕੇ ਰੱਖੇ ਭਾਂਤ ਸੁਭਾਂਤੇ ਕਾਰਡ ਵੱਖਰਾ ਹੀ ਨਜ਼ਾਰਾ ਪੇਸ਼ ਕਰਦੇ ਸਨ। ਹਰ ਤਰ੍ਹਾਂ ਦੇ ਰਿਸ਼ਤਿਆਂ ਅਤੇ ਹਰ ਉਮਰ ਲਈ ਗ੍ਰੀਟਿੰਗ ਕਾਰਡ ਉਪਲੱਬਧ ਹੁੰਦੇ ਸਨ। ਲੋਕਾਂ ਵਿੱਚ ਸਨੇਹੀਆਂ ਨੂੰ ਗ੍ਰੀਟਿੰਗ ਕਾਰਡਾਂ ਜ਼ਰੀਏ ਸ਼ੁਭਕਾਮਨਾਵਾਂ ਭੇਜਣ ਦਾ ਬੇਹੱਦ ਉਤਸ਼ਾਹ ਹੁੰਦਾ ਸੀ। ਦੁਕਾਨਦਾਰਾਂ ਨੂੰ ਇਨ੍ਹਾਂ ਕਾਰਡਾਂ ਦੀ ਵਿਕਰੀ ਦੇ ਦਿਨਾਂ ਦੀ ਖ਼ਾਸ ਉਡੀਕ ਰਹਿੰਦੀ ਸੀ।

ਲੋਕ ਆਪੋ ਆਪਣੀ ਆਰਥਿਕ ਸਮਰੱਥਾ ਅਨੁਸਾਰ ਗ੍ਰੀਟਿੰਗ ਕਾਰਡਾਂ ਦੀ ਖ਼ਰੀਦ ਕਰਦੇ ਸਨ। ਬਹੁਤ ਸਾਰੇ ਲੋਕ ਘਰਾਂ ਵਿੱਚ ਖ਼ੁਦ ਵੀ ਕਾਰਡ ਤਿਆਰ ਕਰ ਲੈਂਦੇ ਸਨ। ਵਿੱਦਿਅਕ ਸੰਸਥਾਵਾਂ ਵਿੱਚ ਵਿਦਿਆਰਥੀਆਂ ਦੇ ਗ੍ਰੀਟਿੰਗ ਕਾਰਡ ਤਿਆਰ ਕਰਨ ਦੇ ਮੁਕਾਬਲੇ ਕਰਵਾਏ ਜਾਂਦੇ ਸਨ। ਇਨ੍ਹਾਂ ਦੀ ਖ਼ਰੀਦ ਉਪਰੰਤ ਇਸ ਉੱਪਰ ਲਿਖੇ ਜਾਣ ਵਾਲੇ ਸੁਨੇਹੇ ਦੀ ਵਿਸ਼ੇਸ਼ ਮਹੱਤਤਾ ਹੁੰਦੀ ਸੀ। ਇਸ ਸੁਨੇਹੇ ਦੀ ਸ਼ਬਦਾਵਲੀ ਸੁਨੇਹਾ ਭੇਜਣ ਵਾਲੇ ਅਤੇ ਪ੍ਰਾਪਤਕਰਤਾ ਦੇ ਆਪਸੀ ਰਿਸ਼ਤੇ 'ਤੇ ਨਿਰਭਰ ਕਰਦੀ ਹੁੰਦੀ ਸੀ। ਨੌਜਵਾਨ ਉਮਰ ਦੇ ਮੁੰਡੇ-ਕੁੜੀਆਂ ਇੱਕ ਦੂਜੇ ਨੂੰ ਕਾਰਡ ਭੇਜਣ ਸਮੇਂ ਸ਼ਿਅਰੋ ਸ਼ਾਇਰੀ ਦਾ ਇਸਤੇਮਾਲ ਕਰਦੇ ਸਨ, ਜਦੋਂਕਿ ਬਾਕੀ ਲੋਕਾਂ ਵੱਲੋਂ ਸ਼ੁਭਕਾਮਨਾਵਾਂ ਭੇਜ ਕੇ ਦੁਆਵਾਂ ਦਿੱਤੀਆਂ ਜਾਂਦੀਆਂ ਸਨ।

ਇਹ ਕਾਰਡ ਆਮ ਤੌਰ 'ਤੇ ਡਾਕ ਰਾਹੀਂ ਭੇਜੇ ਜਾਂਦੇ ਸਨ। ਕਈ ਲੋਕ ਮਿਲ ਕੇ ਵੀ ਗ੍ਰੀਟਿੰਗ ਕਾਰਡ ਭੇਟ ਕਰਿਆ ਕਰਦੇ ਸਨ। ਗ੍ਰੀਟਿੰਗ ਕਾਰਡਾਂ ਦੇ ਦੌਰ ਦੌਰਾਨ ਡਾਕ ਵਿਭਾਗ ਦਾ ਕੰਮ ਕਾਫ਼ੀ ਵਧ ਜਾਂਦਾ ਸੀ। ਇਹ ਕੰਮ ਏਨਾ ਜ਼ਿਆਦਾ ਵਧ ਜਾਂਦਾ ਸੀ ਕਿ ਕਈ ਵਾਰ ਸਬੰਧਿਤ ਦਿਨ ਤਿਉਹਾਰ ਦੇ ਲੰਘ ਜਾਣ ਉਪਰੰਤ ਹੀ ਕਾਰਡ ਨਸੀਬ ਹੁੰਦੇ ਸਨ। ਕਈ ਵਾਰ ਤਾਂ ਇਨ੍ਹਾਂ ਕਾਰਡਾਂ ਦੀ ਲੇਟ ਲਤੀਫੀ ਹਫ਼ਤਾ, ਦਸ ਦਿਨ ਜਾਂ ਮਹੀਨੇ 'ਤੇ ਵੀ ਪਹੁੰਚ ਜਾਂਦੀ ਸੀ। ਗ੍ਰੀਟਿੰਗ ਕਾਰਡਾਂ ਦੇ ਦਿਨਾਂ ਵਿੱਚ ਕੰਨ ਡਾਕੀਏ ਦੇ ਸਾਈਕਲ ਦੀ ਘੰਟੀ ਵੱਲ ਲੱਗੇ ਰਹਿੰਦੇ ਸਨ। ਕਈ ਵਾਰ ਖ਼ਾਸ ਸਨੇਹੀ ਦਾ ਕਾਰਡ ਨਾ ਮਿਲਣ 'ਤੇ ਨਿਰਾਸ਼ਾ ਵੀ ਹੁੰਦੀ ਸੀ। ਪ੍ਰਾਪਤ ਗ੍ਰੀਟਿੰਗ ਕਾਰਡਾਂ ਨੂੰ ਬੜੇ ਚਾਵਾਂ ਨਾਲ ਸੰਭਾਲ ਕੇ ਰੱਖਿਆ ਜਾਂਦਾ ਸੀ।

ਬਦਲਦੇ ਸਮੇਂ ਵਿੱਚ ਵਧਾਈ ਸੁਨੇਹਿਆਂ ਦੇ ਆਦਾਨ ਪ੍ਰਦਾਨ ਵਿੱਚ ਵੱਡੀ ਤਬਦੀਲੀ ਆਈ ਹੈ। ਮੋਬਾਈਲ ਦੀ ਆਮਦ ਨੇ ਗ੍ਰੀਟਿੰਗ ਕਾਰਡਾਂ ਦੇ ਦੌਰ ਦੇ ਖਾਤਮੇ ਦਾ ਐਸਾ ਮੁੱਢ ਬੰਨ੍ਹਿਆ ਕਿ ਅੱਜਕੱਲ੍ਹ ਇਨ੍ਹਾਂ ਦੀ ਹੋਂਦ ਹੀ ਖ਼ਤਮ ਹੋ ਗਈ ਹੈ। ਸਮਾਰਟ ਫੋਨ ਦੀ ਆਮਦ ਤੋਂ ਪਹਿਲਾਂ ਮੋਬਾਈਲ ਦੇ ਟੈਕਸਟ ਮੈਸੇਜ ਰਾਹੀਂ ਵਧਾਈ ਸੰਦੇਸ਼ ਭੇਜਣ ਦਾ ਰੁਝਾਨ ਸ਼ੁਰੂ ਹੋਇਆ। ਨੈੱਟਵਰਕ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਕੰਪਨੀਆਂ ਵੱਲੋਂ ਇਨ੍ਹਾਂ ਦਿਨਾਂ ਦੌਰਾਨ ਸੁਨੇਹਿਆਂ ਦੇ ਵਿਸ਼ੇਸ਼ ਪੈਕੇਜ ਜਾਰੀ ਕੀਤੇ ਜਾਂਦੇ ਸਨ। ਸਮਾਰਟ ਫੋਨ ਦੀ ਆਮਦ ਨਾਲ ਟੈਕਸਟ ਮੈਸੇਜ ਦਾ ਦੌਰ ਖਾਤਮੇ ਵੱਲ ਵਧਣ ਲੱਗਿਆ। ਸਮਾਰਟ ਫੋਨ ਅਤੇ ਇੰਟਰਨੈੱਟ ਜ਼ਰੀਏ ਵਟਸਐਪ ਅਤੇ ਹੋਰ ਸਾਧਨਾਂ ਨੇ ਸੁਨੇਹਿਆਂ ਦਾ ਆਦਾਨ ਪ੍ਰਦਾਨ ਬੇਹੱਦ ਤੇਜ਼ ਅਤੇ ਸਰਲ ਕਰ ਦਿੱਤਾ ਹੈ। ਸੁਨੇਹਿਆਂ ਦੇ ਆਦਾਨ ਪ੍ਰਦਾਨ ਵਿੱਚ ਆ ਰਹੀ ਤਬਦੀਲੀ ਬੜੀ ਤੇਜ਼ੀ ਨਾਲ ਅੱਗੇ ਵਧਣ ਲੱਗੀ ਹੈ। ਵਟਸਐਪ ਦੇ ਨਾਲ ਨਾਲ ਤਮਾਮ ਹੋਰ ਸਾਧਨਾਂ ਦੀ ਆਮਦ ਨੇ ਸੁਨੇਹਿਆਂ ਦੇ ਆਦਾਨ ਪ੍ਰਦਾਨ ਨੂੰ ਕ੍ਰਾਂਤੀਕਾਰੀ ਢੰਗ ਨਾਲ ਤਬਦੀਲ ਕਰਕੇ ਰੱਖ ਦਿੱਤਾ ਹੈ। ਆਧੁਨਿਕ ਸਾਧਨਾਂ ਜ਼ਰੀਏ ਸੁਨੇਹੇ ਭੇਜਣ ਲਈ ਸ਼ਬਦਾਵਲੀ ਤਲਾਸ਼ ਕੇ ਖ਼ੁਦ ਸੁਨੇਹੇ ਲਿਖਣ ਦੀ ਜ਼ਰੂਰਤ ਨਹੀਂ ਰਹੀ। ਵੱਖ ਵੱਖ ਤਰ੍ਹਾਂ ਦੀਆਂ ਸ਼ਬਦਾਵਲੀਆਂ ਵਾਲੇ ਲਿਖੇ ਲਿਖਾਏ ਸੁਨੇਹਿਆਂ ਦੀ ਵੱਖ ਵੱਖ ਸਾਈਟਾਂ 'ਤੇ ਭਰਮਾਰ ਹੈ। ਲਿਖੇ ਲਿਖਾਏ ਸੁਨੇਹਿਆਂ ਦੀ ਉਪਲੱਬਧਤਾ ਨੇ ਲਿਖਣ ਸਮਰੱਥਾ ਨੂੰ ਭਾਰੀ ਸੱਟ ਮਾਰੀ ਹੈ। ਅਜੋਕੇ ਸਮੇਂ ਦੇ ਨੌਜਵਾਨ ਸੁਨੇਹੇ ਡਾਊਨਲੋਡ ਤਾਂ ਕਰ ਸਕਦੇ ਹਨ, ਪਰ ਖ਼ੁਦ ਲਿਖਣ ਦੀ ਸਮਰੱਥਾ ਤੋਂ ਪੂਰੀ ਤਰ੍ਹਾਂ ਕੋਰੇ ਹੋ ਗਏ ਹਨ। ਗ੍ਰੀਟਿੰਗ ਕਾਰਡਾਂ ਦੇ ਦੌਰ ਦੌਰਾਨ ਪੁਸਤਕਾਂ ਜਾਂ ਹੋਰ ਸਰੋਤਾਂ ਤੋਂ ਤਲਾਸ਼ ਤਲਾਸ਼ ਕੇ ਸੁਨੇਹੇ ਲਿਖੇ ਜਾਂਦੇ ਸਨ। ਇਨ੍ਹਾਂ ਸੁਨੇਹਿਆਂ ਨੂੰ ਲਿਖਣ ਸਮੇਂ ਲਿਖਾਈ ਦੀ ਸੁੰਦਰਤਾ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ। ਵੱਖ ਵੱਖ ਤਰਤੀਬਾਂ ਅਤੇ ਰੰਗਾਂ ਦੀਆਂ ਲਿਖਤਾਂ ਨਾਲ ਸ਼ਿੰਗਾਰੇ ਗ੍ਰੀਟਿੰਗ ਕਾਰਡਾਂ ਵੱਲੋਂ ਪ੍ਰਾਪਤਕਰਤਾ ਦੀ ਰੂਹ ਨੂੰ ਦਿੱਤਾ ਜਾਂਦਾ ਸਕੂਨ ਅਜੋਕੇ ਸਾਧਨਾਂ ਜ਼ਰੀਏ ਪ੍ਰਾਪਤ ਸੁਨੇਹਿਆਂ ਨਾਲ ਨਹੀਂ ਮਿਲਦਾ। ਸਮੇਂ ਦੀ ਤਬਦੀਲੀ ਨੂੰ ਸਿਰ ਮੱਥੇ ਪ੍ਰਵਾਨ ਕਰਦਿਆਂ ਆਪ ਸਭ ਨੂੰ ਨਵੇਂ ਵਰ੍ਹੇ 2025 ਦੀਆਂ ਬਹੁਤ ਬਹੁਤ ਮੁਬਾਰਕਾਂ। ਨਵਾਂ ਵਰ੍ਹਾ ਤੁਹਾਡੇ ਸਭ ਲਈ ਖ਼ੁਸ਼ੀਆਂ ਅਤੇ ਖੇੜਿਆਂ ਦੇ ਪੈਗ਼ਾਮ ਲੈ ਕੇ ਆਵੇ। ਨਵਾਂ ਵਰ੍ਹਾ ਸਭ ਦੇ ਖ਼ੁਆਬਾਂ ਦੀ ਪੂਰਤੀ ਦਾ ਸਬੱਬ ਬਣੇ।

# ਭਾਰਤ 'ਚ ਬੇਰੁਜ਼ਗਾਰਾਂ ਨੂੰ ਦੋਹਰੀ ਮਾਰ

ਲੇਖਕ : ਗੁਰਪ੍ਰੀਤ
ਸੰਪਰਕ: 95698-20314




ਡਿਗਰੀਆਂ ਲੈ ਕੇ ਵੀ ਜਦੋਂ ਰੁਜ਼ਗਾਰ ਨਾ ਮਿਲੇ ਤਾਂ ਫਿਰ ਹੱਸਦੇ ਚਿਹਰੇ ਵੀ ਮੁਰਝਾ ਜਾਂਦੇ ਹਨ। ਪੰਜਾਬ ਸਮੇਤ ਪੂਰੇ ਭਾਰਤ ਵਿੱਚ ਇਸ ਵੇਲੇ ਬੇਰੁਜ਼ਗਾਰਾਂ ਦੀ ਗਿਣਤੀ ਦਿਨ ਪ੍ਰਤੀ ਦਿਨ ਵਧ ਰਹੀ ਹੈ।

ਜਿਸ ਤਰ੍ਹਾਂ ਸਾਡੇ ਮੁਲਕ ਅੰਦਰ ਆਬਾਦੀ ਵਧ ਰਹੀ ਹੈ, ਉਸੇ ਤਰ੍ਹਾਂ ਬੇਰੁਜ਼ਗਾਰੀ ਦਰ ਵੀ ਲਗਾਤਾਰ ਵਧ ਰਹੀ ਹੈ। ਬੇਰੁਜ਼ਗਾਰੀ ਨੂੰ ਘਟਾਉਣ ਲਈ ਸਰਕਾਰ ਭਾਵੇਂ ਕਈ ਤਰ੍ਹਾਂ ਦੇ ਉਪਰਾਲੇ ਕਰ ਰਹੀ ਹੈ, ਨਿੱਜੀ ਸੈਕਟਰ ਵਿੱਚ ਵੀ ਪੜ੍ਹੀ ਲਿਖੀ ਨੌਜਵਾਨ ਪੀੜ੍ਹੀ ਨੂੰ ਰੁਜ਼ਗਾਰ ਦਿੱਤਾ ਜਾ ਰਿਹਾ ਹੈ ਪਰ ਪੱਕੇ ਰੁਜ਼ਗਾਰ ਦੀ ਵਿਵਸਥਾ ਹਾਕਮ ਧੜੇ ਵੱਲੋਂ ਨਹੀਂ ਕੀਤੀ ਜਾ ਰਹੀ।

ਬਹੁਤ ਸਾਰੀਆਂ ਸਰਕਾਰੀ ਕੰਪਨੀਆਂ ਅਤੇ ਅਦਾਰਿਆਂ ਨੂੰ ਨਿੱਜੀ ਹੱਥਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ ਜਿਸ ਕਾਰਨ ਬੇਰੁਜ਼ਗਾਰ ਨੌਜਵਾਨਾਂ ਦਾ ਵੱਡੇ ਪੱਧਰ 'ਤੇ ਸ਼ੋਸ਼ਣ ਹੋ ਰਿਹਾ ਹੈ। ਕੁਝ ਕੁ ਨਿੱਜੀ ਕੰਪਨੀਆਂ ਭਾਵੇਂ ਸਰਕਾਰੀ ਅਦਾਰਿਆਂ ਨਾਲੋਂ ਕਈ ਜਗ੍ਹਾ 'ਤੇ ਵੱਧ ਤਨਖ਼ਾਹਾਂ ਦਿੰਦੀਆਂ ਹਨ ਪਰ ਇਹਨਾਂ ਦਾ ਚਾਲ-ਚਲਨ ਮਾੜਾ ਅਤੇ ਲੁੱਟ ਸਰਕਾਰੀ ਤੰਤਰ ਤੋਂ ਕਿਤੇ ਜ਼ਿਆਦਾ ਵੱਧ ਹੁੰਦੀ ਹੈ।

ਜਿੱਥੇ ਨਿੱਜੀ ਕੰਪਨੀਆਂ ਬੇਰੁਜ਼ਗਾਰਾਂ ਨੂੰ ਵੱਧ ਪੈਸਾ ਦਿੰਦੀਆਂ ਹਨ, ਉੱਥੇ ਕੰਮ ਦੇ ਘੰਟੇ ਵੀ ਇੰਨੇ ਜ਼ਿਆਦਾ ਹੁੰਦੇ ਹਨ ਕਿ ਕਹਿਣ ਦੀ ਕੋਈ ਹੱਦ ਨਹੀਂ। ਲਗਾਤਾਰ ਵਧ ਰਿਹਾ ਬੋਝ ਅਤੇ ਸਮਾਜਿਕ ਸਮੱਸਿਆਵਾਂ ਕਾਰਨ ਨਿੱਕੀ ਉਮਰੇ ਨੌਜਵਾਨਾਂ ਦੇ ਚਿਹਰਿਆਂ 'ਤੇ ਪ੍ਰੇਸ਼ਾਨੀ ਦੀਆਂ ਝੁਰੜੀਆਂ ਪੈ ਰਹੀਆਂ ਹਨ। ਭਾਰਤ ਦੇ ਕਰੋੜਾਂ ਪੜ੍ਹੇ ਲਿਖੇ ਨੌਜਵਾਨ ਇਸ ਵੇਲੇ ਰੁਜ਼ਗਾਰ ਲਈ ਸੜਕਾਂ 'ਤੇ ਧੱਕੇ ਖਾ ਰਹੇ ਹਨ।

ਨੌਜਵਾਨ ਜਿੱਥੇ ਆਪਣੀ ਪੜ੍ਹਾਈ ਪੂਰੀ ਕਰਨ ਲਈ ਲੱਖਾਂ ਰੁਪਇਆ ਖ਼ਰਚਦੇ ਹਨ, ਉੱਥੇ ਉਨ੍ਹਾਂ ਨੂੰ ਨੌਕਰੀ ਪ੍ਰਾਪਤ ਕਰਨ ਲਈ ਹਜ਼ਾਰਾਂ ਰੁਪਏ ਫਾਰਮ ਵਗ਼ੈਰਾ ਭਰਨ 'ਤੇ ਹੀ ਖਰਚਣੇ ਪੈਂਦੇ ਹਨ; ਥੱਕ ਹਾਰ ਕੇ ਜਦੋਂ ਰੁਜ਼ਗਾਰ ਨਹੀਂ ਮਿਲਦਾ ਤਾਂ ਉਨ੍ਹਾਂ ਦੀ ਚਿੱਟੇ ਦਿਨ ਦੋਹਰੀ ਲੁੱਟ ਹੁੰਦੀ ਹੈ। ਨੌਜਵਾਨਾਂ ਦੀ ਪੜ੍ਹਾਈ ਭਾਵੇਂ ਅਜਾਈਂ ਨਹੀਂ ਜਾਂਦੀ ਪਰ ਜਿਸ ਵੇਲੇ ਚੰਗੀਆਂ ਪੜ੍ਹਾਈਆਂ ਕਰਨ ਵਾਲੇ ਨੌਜਵਾਨ ਸੜਕਾਂ 'ਤੇ ਧੱਕੇ ਖਾਂਦੇ ਹਨ ਤਾਂ ਇੰਝ ਲੱਗਦਾ ਹੈ ਕਿ ਬੇਰੁਜ਼ਗਾਰਾਂ ਦੀਆਂ ਕੀਤੀਆਂ ਡਿਗਰੀਆਂ ਖੂਹ ਖਾਤੇ ਪੈ ਗਈਆਂ ਹਨ।

ਪੰਜਾਬ ਵਿੱਚ ਇੱਕ ਦੌਰ ਅਜਿਹਾ ਵੀ ਆਇਆ ਸੀ ਜਦੋਂ ਪੜ੍ਹੇ ਲਿਖੇ ਬੇਰੁਜ਼ਗਾਰਾਂ ਨੇ ਸੜਕਾਂ 'ਤੇ ਉੱਤਰ ਕੇ ਡਿਗਰੀਆਂ ਦੀਆਂ ਕਾਪੀਆਂ ਸਾੜ ਦਿੱਤੀਆਂ ਸਨ ਹਾਲਾਂਕਿ ਇਸ ਨਾਲ ਵੀ ਹਾਕਮ ਧਿਰ ਦੇ ਕੰਨ 'ਤੇ ਜੂੰ ਤੱਕ ਨਹੀਂ ਸੀ ਸਰਕੀ। ਪੰਜਾਬ ਹੀ ਨਹੀਂ, ਪੂਰੇ ਮੁਲਕ ਅੰਦਰ ਅਜਿਹੇ ਹੀ ਹਾਲਾਤ ਹਨ। ਪਿਛਲੇ ਦਿਨੀਂ ਯੂਪੀ ਅਤੇ ਬਿਹਾਰ ਵਿੱਚ ਵੀ ਬੇਰੁਜ਼ਗਾਰਾਂ ਉੱਤੇ ਤਸ਼ੱਦਦ ਢਾਹਿਆ ਗਿਆ। ਨੌਕਰੀ ਮੰਗਦਿਆਂ ਨੂੰ ਲਾਠੀਆਂ ਮਿਲੀਆਂ। ਕਈ ਜਗ੍ਹਾ ਤੋਂ ਤਾਂ ਅਜਿਹੀਆਂ ਖ਼ਬਰਾਂ ਵੀ ਆ ਰਹੀਆਂ ਹਨ ਕਿ ਸਰਕਾਰ ਨੇ ਨੌਜਵਾਨਾਂ ਨੂੰ ਭਰਤੀ ਤਾਂ ਕਰ ਲਿਆ ਪਰ ਉਨ੍ਹਾਂ ਨੂੰ ਨੌਕਰੀ 'ਤੇ ਜੁਆਇਨ ਨਹੀਂ ਕਰਾਇਆ ਜਿਸ ਕਾਰਨ ਸਰਕਾਰ ਦੀ ਨੀਤੀ ਅਤੇ ਨੀਅਤ 'ਤੇ ਸਵਾਲ ਉੱਠ ਰਹੇ ਹਨ ਕਿ ਸਰਕਾਰ ਆਖ਼ਿਰ ਚਾਹੁੰਦੀ ਕੀ ਹੈ, ਕਿ ਬੇਰੁਜ਼ਗਾਰ ਸੜਕਾਂ 'ਤੇ ਹੀ ਰੁਲਦੇ ਰਹਿਣ?

ਦੱਸਣਾ ਬਣਦਾ ਹੈ ਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਹਰ ਪਾਰਟੀ ਦਾਅਵਾ ਕਰਦੀ ਹੈ ਕਿ ਉਹ ਵੱਧ ਤੋਂ ਵੱਧ ਨੌਜਵਾਨਾਂ ਨੂੰ ਰੁਜ਼ਗਾਰ ਦੇਵੇਗੀ ਪਰ ਸਰਕਾਰ ਬਣਦਿਆਂ ਸਾਰ ਸੱਤਾ ਸੰਭਾਲਣ ਵਾਲੀ ਪਾਰਟੀ ਦੇ ਸਭ ਦਾਅਵੇ ਖੋਖਲੇ ਜਾਪਣ ਲੱਗ ਜਾਂਦੇ ਹਨ; ਪਾਰਟੀ ਲੋਕਾਂ ਨਾਲ ਕੀਤੇ ਵਾਅਦਿਆਂ ਤੋਂ ਹੀ ਮੁੱਕਰ ਜਾਂਦੀ ਹੈ। ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਬਜਾਇ ਹੋਰਨਾਂ ਕੰਮਾਂ ਵਿੱਚ ਰੁਝ ਜਾਂਦੀ ਹੈ।

> “ਭਾਰਤ ਵਿੱਚ ਵਧੇਰੇ ਪੜ੍ਹੇ-ਲਿਖੇ ਡਿਗਰੀਆਂ ਵਾਲੇ ਬੇਰੁਜ਼ਗਾਰ ਹਨ। ਇਸ ਅਨੁਸਾਰ, ਜਿਹੜੇ ਲੋਕ ਪੜ੍ਹ ਲਿਖ ਨਹੀਂ ਸਕਦੇ, ਉਨ੍ਹਾਂ ਵਿੱਚ ਬੇਰੁਜ਼ਗਾਰੀ ਦੀ ਦਰ 0.2% ਹੈ; 12ਵੀਂ ਤੱਕ ਪੜ੍ਹਨ ਵਾਲਿਆਂ ਵਿੱਚ ਬੇਰੁਜ਼ਗਾਰੀ ਦੀ ਦਰ 5% ਤੋਂ ਵੀ ਘੱਟ ਹੈ; ਡਿਪਲੋਮਾ, ਗ੍ਰੈਜੂਏਸ਼ਨ, ਪੀਜੀ ਜਾਂ ਇਸ ਤੋਂ ਵੱਧ ਦੀ ਪੜ੍ਹਾਈ ਕਰਨ ਵਾਲਿਆਂ ਵਿੱਚ ਬੇਰੁਜ਼ਗਾਰੀ ਦੀ ਦਰ 12% ਤੋਂ ਵੱਧ ਹੈ। ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਪੜ੍ਹੇ ਲਿਖੇ ਨੌਜਵਾਨ ਆਪਣੀ ਯੋਗਤਾ ਦੇ ਆਧਾਰ 'ਤੇ ਕੰਮ ਲੱਭਦੇ ਹਨ ਜਿਸ ਕਾਰਨ ਉਨ੍ਹਾਂ ਵਿਚ ਬੇਰੁਜ਼ਗਾਰੀ ਦੀ ਦਰ ਜ਼ਿਆਦਾ ਹੈ। ਕੌਮਾਂਤਰੀ ਕਿਰਤ ਸੰਸਥਾ ਦੀ ਰਿਪੋਰਟ ਦੱਸਦੀ ਹੈ ਕਿ ਜਿਨ੍ਹਾਂ ਲੋਕਾਂ ਕੋਲ ਕੰਮ ਹੈ, ਉਨ੍ਹਾਂ ਵਿੱਚੋਂ 46% ਲੋਕ ਖੇਤੀ ਨਾਲ ਜੁੜੇ ਹੋਏ ਹਨ। ਇਸ ਤੋਂ ਬਾਅਦ 12.2% ਲੋਕ ਵਪਾਰ, ਹੋਟਲ ਜਾਂ ਰੈਸਟੋਰੈਂਟ ਨਾਲ ਜੁੜੇ ਹੋਏ ਸਨ। 15 ਤੋਂ 29 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ ਥੋੜ੍ਹੀ ਵਧੀ ਹੈ। ਇਸ ਉਮਰ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦਰ 2022-23 ਵਿੱਚ 10% ਸੀ ਜੋ 2023-24 ਵਿੱਚ ਵਧ ਕੇ 10.2% ਹੋ ਗਈ। ਇਹ ਸ਼ਹਿਰੀ ਖੇਤਰਾਂ ਵਿੱਚ 14.7% ਅਤੇ ਪੇਂਡੂ ਖੇਤਰਾਂ ਵਿੱਚ 8.5% ਹੈ।”

ਦੇਖਿਆ ਜਾਵੇ ਤਾਂ ਵੱਖ-ਵੱਖ ਸੂਬਿਆਂ ਤੋਂ ਇਸ ਵੇਲੇ ਵੱਡੇ ਪੱਧਰ 'ਤੇ ਨੌਕਰੀਆਂ ਵਿੱਚ ਘੁਟਾਲਿਆਂ ਦੀਆਂ ਖ਼ਬਰਾਂ ਆ ਰਹੀਆਂ ਹਨ। ਪ੍ਰਾਈਵੇਟ ਸੈਕਟਰ ਵੱਲੋਂ ਨੌਜਵਾਨਾਂ ਦੀ ਸ਼ਰੇਆਮ ਲੁੱਟ ਬਾਰੇ ਸਰਕਾਰ ਚੁੱਪ ਹੈ ਹਾਲਾਂਕਿ ਪ੍ਰਾਈਵੇਟ ਸੈਕਟਰ ਨੂੰ ਮਜ਼ਬੂਤ ਕਰਨ ਲਈ ਸਰਕਾਰ ਵੱਲੋਂ ਹੀ ਕਰਜ਼ੇ ਦਿੱਤੇ ਜਾ ਰਹੇ ਹਨ। ਪਿਛਲੇ ਸਮੇਂ ਵਿੱਚ ਦੇਸ਼ ਦੀ ਸੱਤਾ ਧਿਰ ਵੱਲੋਂ ਨੌਜਵਾਨਾਂ ਨੂੰ ਪਕੌੜੇ ਤਲਣ ਦੀ ਸਲਾਹ ਵੀ ਦਿੱਤੀ ਗਈ ਸੀ ਅਤੇ ਕਿਹਾ ਗਿਆ ਕਿ ਪੜ੍ਹਿਆ ਲਿਖਿਆ ਨੌਜਵਾਨ ਕੁਝ ਹੋਰ ਨਾ ਕਰੇ ਤਾਂ ਪਕੌੜੇ ਹੀ ਤਲ ਲਿਆ ਕਰੇ।

ਪਕੌੜੇ ਤਲਣਾ ਭਾਵੇਂ ਕੋਈ ਮਾੜਾ ਕੰਮ ਨਹੀਂ ਪਰ ਪੜ੍ਹੀ ਲਿਖੀ ਨੌਜਵਾਨੀ ਨੂੰ ਪੱਕਾ ਰੁਜ਼ਗਾਰ ਦੇਣ ਦੀ ਬਜਾਇ ਉਨ੍ਹਾਂ ਨੂੰ ਪਕੌੜੇ ਤਲਣ ਦੀ ਸਲਾਹ ਦੇਣਾ ਆਪਣੀਆਂ ਜ਼ਿੰਮੇਵਾਰੀਆਂ ਤੋਂ ਭੱਜਣਾ ਹੈ। ਸੜਕ ਤੋਂ ਲੈ ਕੇ ਸੰਸਦ ਤਕ ਹਰ ਸੱਤਾਧਾਰੀ ਲੀਡਰ ਇਹੀ ਦਾਅਵੇ ਕਰਦਾ ਹੈ ਕਿ ਉਸ ਦੀ ਸਰਕਾਰ ਵੱਡੇ ਪੱਧਰ 'ਤੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਰਹੀ ਹੈ; ਕਿੰਨੇ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ, ਇਸ ਬਾਰੇ ਤਾਂ ਲੀਡਰ ਨੂੰ ਪਤਾ ਤੱਕ ਨਹੀਂ ਹੁੰਦਾ।

ਜੇ ਬੇਰੁਜ਼ਗਾਰਾਂ ਦੀ ਵਧ ਰਹੀ ਗਿਣਤੀ ਦੀ ਦਰ 'ਤੇ ਨਿਗਾਹ ਮਾਰੀਏ ਤਾਂ ਕੌਮਾਂਤਰੀ ਕਿਰਤ ਸੰਸਥਾ ਵੱਲੋਂ ਤੈਅ ਕੀਤੀ ਜਾਂਦੀ ਬੇਰੁਜ਼ਗਾਰ ਨੌਜਵਾਨਾਂ ਦੀ ਗਿਣਤੀ 'ਤੇ ਦੁਨੀਆ ਭਰ ਦੀਆਂ ਜ਼ਿਆਦਾਤਰ ਸਰਕਾਰਾਂ ਵਿਸ਼ਵਾਸ ਕਰਦੀਆਂ ਹਨ ਅਤੇ ਉਹ ਆਪਣੇ ਅੰਦਰ ਤਬਦੀਲੀ ਕਰਨ ਦੀ ਕੋਸ਼ਿਸ਼ ਕਰਦੀਆਂ ਹਨ ਤਾਂ ਜੋ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਦਿੱਤਾ ਜਾ ਸਕੇ। ਸਾਡੇ ਮੁਲਕ ਅੰਦਰ ਇਸ ਤੋਂ ਉਲਟ ਹੋ ਰਿਹਾ ਹੈ। ਸਰਕਾਰਾਂ ਕਿਸੇ ਦੀ ਨਹੀਂ ਸੁਣ ਰਹੀਆਂ ਬਲਕਿ ਅਜਿਹੇ ਫ਼ੈਸਲੇ ਲਾਗੂ ਕਰਨ ਵਿੱਚ ਰੁੱਝੀਆਂ ਹੋਈਆਂ ਹਨ ਜਿਸ ਨਾਲ ਪੜ੍ਹੀ ਲਿਖੀ ਜਮਾਤ ਨਾਲ ਚਿੱਟੇ ਦਿਨ ਖਿਲਵਾੜ ਹੋ ਰਿਹਾ ਹੈ। ਇਸੇ ਕਾਰਨ ਬੇਰੁਜ਼ਗਾਰ ਨੌਜਵਾਨ ਸੜਕਾਂ 'ਤੇ ਹਨ ਅਤੇ ਕਈ ਨੌਜਵਾਨ ਇੰਨੇ ਜ਼ਿਆਦਾ ਪ੍ਰੇਸ਼ਾਨ ਹੋ ਚੁੱਕੇ ਹਨ ਕਿ ਉਹ ਖ਼ੁਦਕੁਸ਼ੀਆਂ ਵਰਗੇ ਰਸਤੇ ਅਪਣਾ ਰਹੇ ਹਨ।

ਕੌਮਾਂਤਰੀ ਕਿਰਤ ਸੰਸਥਾ ਵੱਲੋਂ ਰੁਜ਼ਗਾਰ ਦੀ ਪਰਿਭਾਸ਼ਾ ਦੇ ਆਧਾਰ 'ਤੇ ਬੇਰੁਜ਼ਗਾਰੀ ਦੇ ਅੰਕੜੇ ਕੱਢੇ ਜਾਂਦੇ ਹਨ ਅਤੇ ਪਤਾ ਲਗਾਇਆ ਜਾਂਦਾ ਹੈ ਕਿ ਕਿੰਨੀ ਆਬਾਦੀ ਕੋਲ ਰੁਜ਼ਗਾਰ ਹੈ। ਭਾਰਤ ਵਰਗੇ ਦੇਸ਼ ਵਿੱਚ ਬੇਰੁਜ਼ਗਾਰੀ ਹਮੇਸ਼ਾ ਚੁਣਾਵੀ ਨਹੀਂ ਸਗੋਂ ਸਮਾਜਿਕ-ਆਰਥਿਕ ਮੁੱਦਾ ਰਹੀ ਹੈ। ਜਦੋਂ ਵਿਰੋਧੀ ਧਿਰ ਨੌਕਰੀਆਂ ਨਾ ਦੇਣ ਲਈ ਸਰਕਾਰ 'ਤੇ ਹਮਲਾ ਕਰਦੀ ਹੈ ਤਾਂ ਸਰਕਾਰ ਦਾ ਦਾਅਵਾ ਹੁੰਦਾ ਹੈ ਕਿ ਇਸ ਨੇ ਰੁਜ਼ਗਾਰ ਦੇ ਬਹੁਤ ਮੌਕੇ ਪੈਦਾ ਕੀਤੇ ਹਨ।

ਉਂਝ, ਅੰਕੜੇ ਕੀ ਕਹਿੰਦੇ ਹਨ? ਸਰਕਾਰ ਹਰ ਸਾਲ ਬੇਰੁਜ਼ਗਾਰੀ ਦਰ ਦੇ ਅੰਕੜੇ ਜਾਰੀ ਕਰਦੀ ਹੈ। ਸਾਡੇ ਦੇਸ਼ ਵਿੱਚ ਪੜ੍ਹੇ ਲਿਖੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਸਭ ਤੋਂ ਵੱਧ ਹੈ। ਕੌਮਾਂਤਰੀ ਕਿਰਤ ਸੰਸਥਾ ਦੀ ਹਾਲੀਆ ਰਿਪੋਰਟ ਸਾਹਮਣੇ ਆਈ ਸੀ ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ 2023 ਵਿੱਚ ਭਾਰਤ 'ਚ ਬੇਰੁਜ਼ਗਾਰਾਂ ਵਿੱਚੋਂ 83 ਫ਼ੀਸਦੀ ਨੌਜਵਾਨ ਸਨ; ਸਾਲ 2000 ਵਿੱਚ ਬੇਰੁਜ਼ਗਾਰਾਂ ਵਿੱਚ ਪੜ੍ਹੇ ਲਿਖੇ ਲੋਕ 35.2% ਸਨ ਜੋ 2022 ਤੱਕ ਵਧ ਕੇ 65.7% ਹੋ ਗਏ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਬੇਰੁਜ਼ਗਾਰੀ ਭਾਰਤੀ ਨੌਜਵਾਨਾਂ ਵਿੱਚ ਸਭ ਤੋਂ ਵੱਡੀ ਸਮੱਸਿਆ ਹੈ, ਖ਼ਾਸ ਤੌਰ 'ਤੇ ਜਿਨ੍ਹਾਂ ਨੇ ਗ੍ਰੈਜੂਏਸ਼ਨ ਕੀਤੀ ਹੈ ਅਤੇ ਇਹ ਸਮੇਂ ਨਾਲ ਲਗਾਤਾਰ ਵਧ ਰਹੀ ਹੈ। ਹਾਲ ਹੀ ਵਿੱਚ ਰੁਜ਼ਗਾਰ ਦੇ ਅੰਕੜਿਆਂ 'ਤੇ ਪੀਰੀਓਡਿਕ ਲੇਬਰ ਫੋਰਸ ਸਰਵੇ ਦੀ ਨਵੀਂ ਰਿਪੋਰਟ ਆਈ ਹੈ। ਇਸ ਰਿਪੋਰਟ ਵਿੱਚ ਜੁਲਾਈ 2023 ਤੋਂ ਜੂਨ 2024 ਤੱਕ ਦਾ ਡੇਟਾ ਹੈ। ਰਿਪੋਰਟ ਦੱਸਦੀ ਹੈ ਕਿ ਭਾਰਤ ਵਿੱਚ ਵਧੇਰੇ ਪੜ੍ਹੇ ਲਿਖੇ ਬੇਰੁਜ਼ਗਾਰ ਹਨ। ਇਸ ਅਨੁਸਾਰ, ਜਿਹੜੇ ਲੋਕ ਪੜ੍ਹ ਲਿਖ ਨਹੀਂ ਸਕਦੇ, ਉਨ੍ਹਾਂ ਵਿੱਚ ਬੇਰੁਜ਼ਗਾਰੀ ਦੀ ਦਰ 0.2% ਹੈ; 12ਵੀਂ ਤੱਕ ਪੜ੍ਹਨ ਵਾਲਿਆਂ ਵਿੱਚ ਬੇਰੁਜ਼ਗਾਰੀ ਦੀ ਦਰ 5% ਤੋਂ ਵੀ ਘੱਟ ਹੈ; ਡਿਪਲੋਮਾ, ਗ੍ਰੈਜੂਏਸ਼ਨ, ਪੀਜੀ ਜਾਂ ਇਸ ਤੋਂ ਵੱਧ ਦੀ ਪੜ੍ਹਾਈ ਕਰਨ ਵਾਲਿਆਂ ਵਿੱਚ ਬੇਰੁਜ਼ਗਾਰੀ ਦੀ ਦਰ 12% ਤੋਂ ਵੱਧ ਹੈ।

ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਪੜ੍ਹੇ ਲਿਖੇ ਨੌਜਵਾਨ ਆਪਣੀ ਯੋਗਤਾ ਦੇ ਆਧਾਰ 'ਤੇ ਕੰਮ ਲੱਭਦੇ ਹਨ ਜਿਸ ਕਾਰਨ ਉਨ੍ਹਾਂ ਵਿਚ ਬੇਰੁਜ਼ਗਾਰੀ ਦੀ ਦਰ ਜ਼ਿਆਦਾ ਹੈ। ਕੌਮਾਂਤਰੀ ਕਿਰਤ ਸੰਸਥਾ ਦੀ ਰਿਪੋਰਟ ਦੱਸਦੀ ਹੈ ਕਿ ਜਿਨ੍ਹਾਂ ਲੋਕਾਂ ਕੋਲ ਕੰਮ ਹੈ, ਉਨ੍ਹਾਂ ਵਿੱਚੋਂ 46% ਲੋਕ ਖੇਤੀ ਨਾਲ ਜੁੜੇ ਹੋਏ ਹਨ। ਇਸ ਤੋਂ ਬਾਅਦ 12.2% ਲੋਕ ਵਪਾਰ, ਹੋਟਲ ਜਾਂ ਰੈਸਟੋਰੈਂਟ ਨਾਲ ਜੁੜੇ ਹੋਏ ਸਨ। 15 ਤੋਂ 29 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦੀ ਦਰ ਥੋੜ੍ਹੀ ਵਧੀ ਹੈ। ਇਸ ਉਮਰ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦਰ 2022-23 ਵਿੱਚ 10% ਸੀ ਜੋ 2023-24 ਵਿੱਚ ਵਧ ਕੇ 10.2% ਹੋ ਗਈ। ਇਹ ਸ਼ਹਿਰੀ ਖੇਤਰਾਂ ਵਿੱਚ 14.7% ਅਤੇ ਪੇਂਡੂ ਖੇਤਰਾਂ ਵਿੱਚ 8.5% ਹੈ।

ਜਿਸ ਤਰੀਕੇ ਨਾਲ ਬੇਰੁਜ਼ਗਾਰਾਂ ਦੀ ਗਿਣਤੀ ਵਧ ਰਹੀ ਹੈ ਅਤੇ ਪਿਛਲੇ ਕਰੀਬ ਦੋ ਦਹਾਕਿਆਂ ਵਿੱਚ ਜਿਵੇਂ ਬੇਰੁਜ਼ਗਾਰੀ ਨੇ ਰਫ਼ਤਾਰ ਫੜੀ ਹੈ, ਉਸ ਤੋਂ ਸਰਕਾਰ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਜੇ ਬੇਰੁਜ਼ਗਾਰੀ ਦੀ ਦਰ 'ਤੇ ਹੁਣੇ ਕੰਟਰੋਲ ਨਾ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਇਹ ਵੱਡਾ ਬੰਬ ਬਣ ਸਕਦੀ ਹੈ ਕਿਉਂਕਿ ਮੁਲਕ ਅੰਦਰ ਵਧ ਰਹੀ ਆਬਾਦੀ ਕਾਰਨ ਰੁਜ਼ਗਾਰ ਦਾ ਘਟਣਾ, ਬੇਰੁਜ਼ਗਾਰਾਂ ਦੀ ਗਿਣਤੀ ਦਾ ਵਧਣਾ ਮੁਲਕ ਲਈ ਖ਼ਤਰਾ ਹੈ। ਇਸ ਲਈ ਸਰਕਾਰ ਵੱਧ ਤੋਂ ਵੱਧ ਨੌਜਵਾਨਾਂ ਨੂੰ ਰੁਜ਼ਗਾਰ ਦੇਵੇ ਤਾਂ ਜੋ ਪੜ੍ਹੀ ਲਿਖੀ ਨੌਜਵਾਨ ਪੀੜ੍ਹੀ ਆਪਣੇ ਪੈਰਾਂ ਸਿਰ ਖੜ੍ਹੀ ਹੋ ਕੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾ ਸਕੇ।

ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ
ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਊ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।
ਹੋਰ ਜਾਣਕਾਰੀ ਲਈ ਫੂਨ ਕਰੋ:
ਦਲਜੀਤ ਸਿੰਘ ਰਾਏ
604-807-1012

ਦਲਜੀਤ ਸਿੰਘ ਰਾਏ

FAST COMPUTER REPAIR
New Web Designing
& Hosting Services

Onsite Service Available
Computer Repair & Upgrade
Spyware & Virus Removal
Same Day Service

Your Personal Tech, A Phone Call Away...
HARMEET SINGH
www.fastcomputerrepair.ca E-mail : harmeet@fastcomputerrepair.ca
778-928-4444

# ਲੋਕ ਤੰਤ੍ਰ ਦੇ ਸਿਰਜਣਹਾਰ ਹਨ ਗੁਰੂ ਗੋਬਿੰਦ ਸਿੰਘ ਜੀ



> *ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਇਕ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਸਦੀਆਂ ਤੋਂ ਚਲੀਆਂ ਆ ਰਹੀਆਂ ਊਚ ਨੀਚਤਾ ਦੀਆਂ ਜੜ੍ਹਾਂ ਸਿੱਖ ਸਮਾਜ ਜਾਂ ਮਨੁੱਖਤਾ ਵਿੱਚੋਂ ਪੁੱਟ ਦਿੱਤੀਆ। ਇੱਥੇ ਹੀ ਬੱਸ ਨਹੀਂ ਕੀਤਾ ਫਿਰ ਉਨ੍ਹਾਂ ਹੀ ਪੰਜਾਂ ਪਿਆਰਿਆਂ ਤੋਂ ਆਪ ਅੰਮ੍ਰਿਤ ਛੱਕ ਕੇ 'ਗੁਰੂ' ਤੇ 'ਚੇਲੇ' ਦੇ ਵਿਤਕਰੇ ਨੂੰ ਹੀ ਮਿਟਾ ਕੇ ਖਾਲਸੇ ਨਾਲ ਅਭੇਦ ਹੋ ਗਏ। ਪੰਥ ਅਤੇ ਸੰਗਤ ਨੂੰ ਆਪਣੇ ਤੋਂ ਉੱਚਾ ਦਰਜਾ ਦਿੱਤਾ ਗਿਆ। ਸੰਗਤ ਦੀ ਉੱਚ ਪਦਵੀ ਹੇਠਾਂ ਅੰਕਿਤ ਸਵਈਏ ਤੋਂ ਪ੍ਰਤੀਤ ਹੋ ਜਾਂਦੀ ਹੈ: "ਸੇਵ ਕਰੀ ਇਨਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀਕੋ॥ ਦਾਨ ਦਯੋ ਇਨਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ॥ ਆਗੈ ਫਲੈ ਇਨਹੀ ਕੋ ਦਯੋ, ਜਗ ਮੈ ਜਸੁ ਅਉਰ ਦਯੋ ਸਭ ਫੀਕੋ॥ ਮੋ ਗ੍ਰਿਹ ਮੈ ਤਨ ਤੇ ਮਨ ਤੇ, ਸਿਰ ਲਉ ਧਨ ਹੈ ਸਬ ਹੀ ਇਨਹੀ ਕੋ॥ ੩॥" (ਖਾਲਸਾ ਮਹਿਮਾ) ਇਸ ਦਾ ਭਾਵ ਬੜਾ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਕਿਸੇ ਤਰ੍ਹਾਂ ਵੀ ਵਿਅਕਤੀਵਾਦ ਨੂੰ ਨਹੀਂ ਚਾਹੁੰਦੇ ਸਨ। ਉਨ੍ਹਾਂ ਮੁਤਾਬਕ ਰਾਜਸੀ ਤੇ ਧਾਰਮਿਕ ਤਾਕਤ ਲੋਕਾਂ ਹੱਥ ਹੀ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਲੋਕਤੰਤ੍ਰ ਦੇ ਹਾਮੀ ਅਤੇ ਇਕ ਪੁਰਖੀ ਰਾਜ ਦੇ ਵਿਰੋਧੀ ਰਹੇ ਹਨ।*

ਭਾਰਤ ਵਾਸੀ ਸਦੀਆਂ ਤੋਂ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੇ ਪਏ ਸਨ ਇਸ ਲਈ ਹੌਲੀ-ਹੌਲੀ ਇੱਥੋਂ ਦੀ ਪਰਜਾ ਉੱਤੇ ਵਿਅਕਤੀਵਾਦ ਦਾ ਪ੍ਰਭਾਵ ਪੈਂਦਾ ਗਿਆ ਜਿਸ ਕਰਕੇ ਇਹ ਦੇਸ਼ ਵਿਅਕਤੀਵਾਦ ਦਾ ਹੀ ਹਾਮੀ ਬਣ ਗਿਆ। ਇਕ ਪਾਸੇ ਧਾਰਮਿਕ ਆਗੂਆਂ ਵੱਲੋਂ ਪੁਜਾਰੀਵਾਦ ਅਧੀਨ ਤੇ ਦੂਸਰੇ ਪਾਸੇ ਇਕ ਪੁਰਖੀ ਰਾਜ ਦੀ ਰਾਜਸੀ ਗੁਲਾਮੀ ਇਹਨਾਂ ਨੂੰ ਸਹਿਨ ਕਰਨੀ ਪੈ ਗਈ। ਜਿਸ ਦੇ ਸਿੱਟੇ ਵਜੋਂ ਇੱਥੋਂ ਦੇ ਵਸਨੀਕ ਅਨੇਕਾਂ ਫਿਰਕੇ ਜਾਤਾਂ ਵਿੱਚ ਵੰਡੇ ਗਏ। ਲਾਲਾ ਦੌਲਤ ਰਾਏ ਲਿਖਦੇ ਹਨ:-'ਨ ਖੁਰਾਕ ਏਕ, ਨ ਲਿਬਾਸ ਏਕ, ਨ ਖੁਸ਼ੀ ਏਕ, ਨ ਗ਼ਮੀ ਏਕ, ਨ ਜ਼ੁਬਾਨ ਏਕ, ਨ ਇਖਲਾਕ ਏਕ।'

ਇਕ ਥਾਂ ਬੈਠ ਕੇ ਭੋਜਨ ਛਕਣਾ ਵੀ ਇਨ੍ਹਾਂ ਲਈ ਧਰਮ ਤੋਂ ਹੀਣੀ ਗੱਲ ਸੀ/ਹੈ। ਭਾਰਤ ਵਰਸ਼ ਵਿੱਚੋਂ ਕੌਮੀਅਤ ਦਾ ਜਜ਼ਬਾ ਖੰਭ ਲਾ ਕੇ ਉੱਡ ਚੁੱਕਾ ਸੀ। ਗੁਰਮਤਿ ਨੇ ਅਜਿਹੇ ਵਿਅਕਤੀਵਾਦ ਧਾਰਮਿਕ ਪ੍ਰਬੰਧ (ਰਾਜ) ਦਾ ਖੰਡਨ ਕੀਤਾ ਤੇ ਇਸ ਵਿਰੁਧ ਧਾਰਮਿਕ ਤੇ ਰਾਜਸੀ ਤੌਰ 'ਤੇ ਆਵਾਜ਼ ਬੁਲੰਦ ਕੀਤੀ: "ਮਾਣਸ ਖਾਣੇ ਕਰਹਿ ਨਿਵਾਜ॥ ਛੁਰੀ ਵਗਾਇਨਿ ਤਿਨ ਗਲਿ ਤਾਗ॥ ਤਿਨ ਘਰਿ ਬ੍ਰਹਮਣ ਪੂਰਹਿ ਨਾਦ॥ ਉਨ੍ਹਾ ਭਿ ਆਵਹਿ ਓਈ ਸਾਦ॥ ਕੂੜੀ ਰਾਸਿ ਕੂੜਾ ਵਾਪਾਰੁ॥ ਕੂੜੁ ਬੋਲਿ ਕਰਹਿ ਆਹਾਰੁ॥ ਸਰਮ ਧਰਮ ਕਾ ਡੇਰਾ ਦੂਰਿ॥ ਨਾਨਕ ! ਕੂੜੁ ਰਹਿਆ ਭਰਪੂਰਿ॥ (ਮ:੧/੪੭੧), ਲਬੁ ਪਾਪੁ ਦੁਇ ਰਾਜਾ ਮਹਤਾ, ਕੂੜੁ ਹੋਆ ਸਿਕਦਾਰੁ॥ ਕਾਮੁ ਨੇਬੁ ਸਦਿ ਪੁਛੀਐ, ਬਹਿ ਬਹਿ ਕਰੇ ਬੀਚਾਰੁ॥" (ਮ:੧/੪੬੮), ਆਦਿ।

ਕਲਗੀਧਰ ਪਾਤਿਸ਼ਾਹ ਜੀ ਨੇ ਵੀ ਇਸ ਧਾਰਮਿਕ ਗੁਲਾਮੀ ਤੇ ਰਾਜਨੀਤਿਕ ਜੰਜੀਰਾਂ ਨੂੰ ਤੋੜਨ ਲਈ ਸੰਸਾਰ ਸਾਹਮਣੇ ਇਨ੍ਹਾਂ ਸ਼ਬਦਾਂ ਰਾਹੀਂ ਚਾਨਣ ਬਖ਼ਸ਼ਸ਼ ਕੀਤਾ: "ਸ੍ਰਾਵਗ ਸੁਧ ਸਮੂਹ ਸਿਧਾਨ ਕੇ, ਦੇਖਿ ਫਿਰਿਓ ਘਰਿ ਜੋਗਿ ਜਤੀ ਕੇ॥ ਸੂਰ ਸੁਰਾਰਦਨ ਸੁਧ ਸੁਧਾਦਿਕ, ਸੰਤ ਸਮੂਹ, ਅਨੇਕ ਮਤੀ ਕੇ॥ ਸਾਰੇ ਹੀ ਦੇਸ ਕੋ ਦੇਖਿ ਰਹਿਯੋ ਮਤ, ਕੋਊ ਨ ਦੇਖੀਅਤ ਪ੍ਰਾਨ ਪਤੀ ਕੇ॥ ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ, ਏਕ ਰਤੀ ਬਿਨੁ, ਏਕ ਰਤੀ ਕੇ॥... ਜੀਤ ਫਿਰੇ ਸਭ ਦੇਸ ਦਿਸਾਨ ਕੋ, ਬਾਜਤ ਢੋਲ ਮ੍ਰਿਦੰਗ ਨਗਾਰੇ॥ ਗੁੰਜਤ ਗੂੜ ਗਜਾਨ ਕੇ ਸੁੰਦਰ, ਹਿੰਸਤ ਹੀ ਹਯ ਰਾਜ ਹਜਾਰੇ॥ ਭੂਤ ਭਵਿਖ ਭਵਾਨ ਕੇ ਭੂਪਤਿ, ਕਉਨ ਗਨੈ ਨਹੀ ਜਾਤ ਬਿਚਾਰੇ॥ ਸ੍ਰੀਪਤਿ ਸ੍ਰੀ ਭਗਵਾਨ ਭਜੇ ਬਿਨੁ, ਅੰਤ ਕੋ ਅੰਤ ਕੇ ਧਾਮ ਸਿਧਾਰੇ॥" (ਅਕਾਲ ਉਸਤਤਿ)

'ਪੰਥ' ਸ਼ਬਦ ਦਾ ਅਰਥ ਹੈ: 'ਅਸੀਂ ਸਾਰੇ', ਪਹਿਲਾਂ ਇਹ ਸ਼ਬਦ ਕਿਸੇ ਦੇ ਮੁਖੋਂ ਕਹਿਣ ਸੁਣਨ ਨੂੰ ਨਹੀਂ ਮਿਲਿਆ ਸੀ ਕਿ ਇਹ ਘਰ ਕਿਸ ਦਾ ? ਪੰਥ ਦਾ। ਇਹ ਜ਼ਿੰਦਗੀ ਕਿਸ ਦੀ ? ਪੰਥ ਦੀ। ਇਹ ਹੁਕਮ ਕਿਸ ਦਾ ? ਪੰਥ ਦਾ, ਆਦਿ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰਮਤਿ ਸਿਧਾਂਤਾਂ ਰਾਹੀਂ "ਸਾਧ ਸਮੂਹ ਪ੍ਰਸੰਨ ਫਿਰੈ ਜਗਿ, ਸਤ੍ਰ ਸਬੈ ਅਵਿਲੋਕ ਚਪੈਗੇ॥" ਅਨੁਸਾਰ ਨਿੱਜੀ ਅਧਿਕਾਰ ਨੂੰ ਕੁਰਬਾਨ ਕਰਕੇ ਸਮੁੱਚੇ ਅਧਿਕਾਰਾਂ ਸਾਂਝੀਵਾਲਤਾ ਉੱਤੇ ਜ਼ੋਰ ਦਿੱਤਾ। ਇਸ ਸਾਂਝੀਵਾਲਤਾ ਵਿੱਚੋਂ ਕੌਮੀਅਤ ਦਾ ਜਜ਼ਬਾ ਪੈਦਾ ਹੋਇਆ। ਇਸ 'ਪੰਥ' ਸ਼ਬਦ ਨੇ ਸਾਡੀ ਮਨੋਵਿਗਿਆਨਕ ਦਸ਼ਾ ਹੀ ਬਦਲ ਦਿੱਤੀ ਤੇ ਸਾਡੇ ਵਿੱਚ ਉਹ ਤਾਕਤ ਆ ਗਈ ਜੋ ਹਿੰਦੁਸਤਾਨ ਵਿੱਚ ਕਦੇ ਦੇਖਣ ਵਿੱਚ ਵੀ ਨਹੀਂ ਮਿਲਦੀ ਸੀ। ਕਲਗੀਧਰ ਜੀ ਨੇ ਇਸ ਪੰਥ ਉੱਤੇ ਇੰਨ੍ਹਾ ਮਾਣ ਕੀਤਾ ਕਿ ਆਪ ਜੀ ਨੇ ਇਸ ਦੀ ਉਸਤਤੀ ਇਨ੍ਹਾਂ ਸ਼ਬਦਾਂ ਰਾਹੀਂ ਕੀਤੀ: "ਜੁਧ ਜਿਤੇ ਇਨਹੀ ਕੇ ਪਰਸਾਦਿ, ਇਨ ਹੀ ਕੇ ਪ੍ਰਸਾਦਿ ਸੁਦਾਨ ਕਰੇ। ਅਘ ਅਉਘ ਟਰੇ ਇਨਹੀ ਕੇ ਪਰਸਾਦਿ, ਇਨ ਹੀ ਕਿ ਕਿਰਪਾ, ਸਭ ਸਤ੍ਰ ਮਰੇ॥" ਸਤਜ ਇਹ ਹੈ ਕਿ ਸਤਿਗੁਰੂ ਜੀ ਨੇ ਇੱਥੋਂ ਤੱਕ ਆਖ ਦਿੱਤਾ: "ਇਨ ਹੀ ਕੀ ਕਿਰਪਾ ਕੇ ਸਜੇ ਹਮ ਹੈਂ, ਨਹੀਂ ਮੋ ਸੋ ਗਰੀਬ ਕਰੋਰ ਪਰੇ॥"

ਸੋ ਇਸ 'ਖਾਲਸਾ ਪੰਥ' ਦਾ ਸਿੱਖ ਸਭਿਆਚਾਰ, ਵਿਅਕਤੀ ਵਾਦ (ਭਾਵੇਂ ਉਹ ਕਿਸੇ ਰੂਪ ਵਿੱਚ ਹੋਵੇ) ਨੂੰ ਖੰਡਨ ਕਰਦਾ ਹੈ। ਇਸ ਦਾ ਆਦਰਸ਼ ਸਰਬੱਤ ਦਾ ਭਲਾ ਮੰਗਣਾ ਹੈ। ਗੁਰਮਤਿ ਸਿਧਾਂਤਾਂ ਨੂੰ ਇਕ ਫਿਕਰੇ ਵਿੱਚ ਹੀ ਅੰਕਿਤ ਕੀਤਾ ਜਾ ਸਕਦਾ ਹੈ; ਜਿਵੇਂ ਕਿ 'ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ।'

ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਇਕ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਸਦੀਆਂ ਤੋਂ ਚਲੀਆਂ ਆ ਰਹੀਆਂ ਊਚ ਨੀਚਤਾ ਦੀਆਂ ਜੜ੍ਹਾਂ ਸਿੱਖ ਸਮਾਜ ਜਾਂ ਮਨੁੱਖਤਾ ਵਿੱਚੋਂ ਪੁੱਟ ਦਿੱਤੀਆ। ਇੱਥੇ ਹੀ ਬੱਸ ਨਹੀਂ ਕੀਤਾ ਫਿਰ ਉਨ੍ਹਾਂ ਹੀ ਪੰਜਾਂ ਪਿਆਰਿਆਂ ਤੋਂ ਆਪ ਅੰਮ੍ਰਿਤ ਛੱਕ ਕੇ 'ਗੁਰੂ' ਤੇ 'ਚੇਲੇ' ਦੇ ਵਿਤਕਰੇ ਨੂੰ ਹੀ ਮਿਟਾ ਕੇ ਖਾਲਸੇ ਨਾਲ ਅਭੇਦ ਹੋ ਗਏ। ਪੰਥ ਅਤੇ ਸੰਗਤ ਨੂੰ ਆਪਣੇ ਤੋਂ ਉੱਚਾ ਦਰਜਾ ਦਿੱਤਾ ਗਿਆ। ਸੰਗਤ ਦੀ ਉੱਚ ਪਦਵੀ ਹੇਠਾਂ ਅੰਕਿਤ ਸਵਈਏ ਤੋਂ ਪ੍ਰਤੀਤ ਹੋ ਜਾਂਦੀ ਹੈ: "ਸੇਵ ਕਰੀ ਇਨਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀਕੋ॥ ਦਾਨ ਦਯੋ ਇਨਹੀ ਕੋ ਭਲੋ, ਅਰੁ ਆਨ ਕੋ ਦਾਨ ਨ ਲਾਗਤ ਨੀਕੋ॥ ਆਗੈ ਫਲੈ ਇਨਹੀ ਕੋ ਦਯੋ, ਜਗ ਮੈ ਜਸੁ ਅਉਰ ਦਯੋ ਸਭ ਫੀਕੋ॥ ਮੋ ਗ੍ਰਿਹ ਮੈ ਤਨ ਤੇ ਮਨ ਤੇ, ਸਿਰ ਲਉ ਧਨ ਹੈ ਸਬ ਹੀ ਇਨਹੀ ਕੋ॥ ੩॥" (ਖਾਲਸਾ ਮਹਿਮਾ) ਇਸ ਦਾ ਭਾਵ ਬੜਾ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਕਿਸੇ ਤਰ੍ਹਾਂ ਵੀ ਵਿਅਕਤੀਵਾਦ ਨੂੰ ਨਹੀਂ ਚਾਹੁੰਦੇ ਸਨ। ਉਨ੍ਹਾਂ ਮੁਤਾਬਕ ਰਾਜਸੀ ਤੇ ਧਾਰਮਿਕ ਤਾਕਤ ਲੋਕਾਂ ਹੱਥ ਹੀ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਲੋਕਤੰਤ੍ਰ ਦੇ ਹਾਮੀ ਅਤੇ ਇਕ ਪੁਰਖੀ ਰਾਜ ਦੇ ਵਿਰੋਧੀ ਰਹੇ ਹਨ।

ਸੋ ਗੁਰੂ ਗੋਬਿੰਦ ਸਿੰਘ ਜੀ ਦੀ ਵੀਚਾਰਧਾਰਾ ਅਨੁਸਾਰ ਇਹ ਸਿੱਟਾ ਸਾਹਮਣੇ ਆਉਂਦਾ ਹੈ ਕਿ ਲੋਕਤੰਤ੍ਰ ਜਾਂ ਰਾਜ ਸ਼ਕਤੀ ਉਦੋਂ ਤੱਕ ਆਪਣੇ ਆਦਰਸ਼ ਵਿੱਚ ਸਫਲ ਨਹੀਂ ਹੋ ਸਕਦੀ ਜਦੋਂ ਤੱਕ ਆਮ ਇਨਸਾਨ ਦਾ ਆਚਰਨ ਉੱਚਾ ਕਰਨ ਦਾ ਇਹ ਪ੍ਰਣਾਲੀ ਪ੍ਰਬੰਧ ਨਹੀਂ ਕਰਦੀ। ਇਸ ਲਈ ਮਨੁੱਖੀ ਆਚਰਨ ਨੂੰ ਉੱਚਾ ਕਰਨ ਲਈ ਧਰਮ ਜ਼ਰੂਰੀ ਹੈ।

ਲੇਖਕ : ਗਿਆਨੀ ਬਲਜੀਤ ਸਿੰਘ

ਆਧੁਨਿਕ ਸਮੇਂ ਵਿੱਚ ਦੂਸਰਾ ਸਿਧਾਂਤ ਰਾਸ਼ਟਰੀਵਾਦ ਹੈ ਇਸ ਵਿੱਚ ਗੁਣ ਤੇ ਔਗੁਣ ਦੋਨੋਂ ਹਨ। ਰਾਸ਼ਟਰਵਾਦ ਦਾ ਭਾਵ ਹੈ, ਕੌਮ ਦੇਸ਼ ਦੀ ਸਾਂਝੇ ਹਿਤਾਂ ਲਈ ਆਪਣੇ ਜਾਤੀ ਹਿਤ ਕੁਰਬਾਨ ਕਰ ਦੇਣਾ ਅਤੇ ਦੇਸ਼ ਰੱਖਿਆ ਲਈ ਆਪਾ ਵਾਰਨਾ। ਰਾਸ਼ਟਰਵਾਦੀ ਬਣਨਾ ਚੰਗੀ ਗੱਲ ਹੈ ਪਰ ਇਸ ਨਾਲ ਵੀ ਕੁਰਾਹੇ ਪਿਆ ਜਾ ਸਕਦਾ ਹੈ, ਇਸ ਨਾਲ ਬੰਦੇ ਦਾ ਝੁਕਾਅ ਕਿਸੇ ਇਕ ਦੇਸ਼ ਵੱਲ ਜਾਂ ਕਿਸੇ ਇੱਕ ਵਿਸ਼ੇਸ਼ ਧੜੇ ਵੱਲ ਹੋ ਸਕਦਾ ਹੈ, ਪਰ ਗੁਰੂ ਜੀ "ਦੇਸ ਔਰ ਨ ਭੇਸ ਜਾਕਰ, ਰੂਪ ਰੇਖ ਨ ਰਾਗ॥ ਜਤ੍ਰ ਤਤ੍ਰ ਦਿਸਾ ਵਿਸਾ, ਹੋਇ ਫੈਲਿਉ ਅਨੁਰਾਗ॥" ਦਾ ਸਿਧਾਂਤ ਮਨੁੱਖਤਾ ਨੂੰ ਦਰਸਾ ਕੇ ਰਾਸ਼ਟਰਵਾਦ ਤੋਂ ਵੀ ਉੱਪਰ ਮਾਨਵਤਾ ਦੇ ਭਲੇ ਵਾਲੀ ਗੱਲ ਬੜੀ ਉਦਾਰਤਾ ਨਾਲ ਕਰਦੇ ਹਨ। ਹਰ ਇੱਕ ਸਮਾਜ ਕੁਝ ਸੰਗਠਨਾਂ ਦਾ ਸੰਗ੍ਰਹਿ ਹੁੰਦਾ ਹੈ; ਜਿਵੇਂ ਕਿ ਪਰਿਵਾਰ, ਕਿਰਤੀ ਸੰਘ, ਧਾਰਮਿਕ ਸੰਪ੍ਰਦਾਵਾਂ ਆਦਿ। ਹਰ ਆਦਮੀ ਇਨ੍ਹਾਂ ਸੰਗਠਨਾਂ ਦਾ ਮੈਂਬਰ ਹੁੰਦਾ ਹੈ ਅਤੇ ਇਨ੍ਹਾਂ ਸੰਗਠਨਾਂ ਦੇ ਨਿਯਮਾਂ ਅਨੁਸਾਰ ਚੱਲਦਾ ਹੈ। ਇਸ ਤਰ੍ਹਾਂ ਉਹ ਆਪਣੇ ਗਰੁੱਪ ਦੀ ਵਫਾਦਾਰੀ ਪਾਲਦਾ ਹੈ ਫਿਰ ਉਸ ਲਈ ਰਾਜ ਸ਼ਕਤੀ ਦਾ ਵਫ਼ਾਦਾਰ ਹੋਣਾ ਵੀ ਜ਼ਰੂਰੀ ਹੈ, ਪਰ ਇਸ ਤੋਂ ਉੱਪਰ ਫ਼ਰਜ਼ ਮਨੁੱਖਤਾ ਦੀ ਲੁੱਟ ਹੁੰਦਾ ਹੈ ਕਿਉਂਕਿ ਜਦੋਂ ਇਕ ਦੇਸ਼ ਦੂਜੇ ਦੇਸ਼ 'ਤੇ ਹਮਲਾ ਕਰਦਾ ਹੈ, ਅਤਿਆਚਾਰ ਕਰਦਾ ਹੈ ਤਾਂ ਅਜਿਹੇ ਰਾਸ਼ਟਰਵਾਦ ਨੂੰ ਚੰਗਾ ਨਹੀਂ ਕਿਹਾ ਜਾ ਸਕਦਾ ਹੈ, ਇਸ ਲਈ ਇਕ ਤਰ੍ਹਾਂ ਨਾਲ ਇਹ ਵੀ ਮਨੁੱਖਤਾ ਦਾ ਵੈਰੀ ਹੋ ਨਿਬੜਦਾ ਹੈ। ਇਹ ਵੀ ਬਹੁਤ ਲੋਕਾਂ ਦੀ ਅੰਦਰੂਨੀ ਅਜ਼ਾਦੀ ਖੋਹਦਾ ਹੈ। ਇਸ ਕਾਰਨ ਇਸ ਨੂੰ ਵੀ ਜ਼ੁਲਮ ਰਾਜ ਕਹਿਣਾ ਪਏਗਾ।

ਸਤਿਗੁਰੂ ਜੀ ਨੇ "ਗਰਬ ਗੰਜਨ ਦੁਸਟ ਭੰਜਨ, ਮੁਕਤਿ ਦਾਇਕ ਕਾਮ॥" ਨਿਯਮ ਅਨੁਸਾਰ ਆਪਣੀ ਪਹਿਲੀ ਜ਼ਿੰਮੇਵਾਰੀ ਮਨੁੱਖਤਾ ਦੀ ਸੇਵਾ ਵੱਲ ਹਮਦਰਦੀ ਜਤਾਈ ਹੈ। ਗੁਰੂ ਜੀ ਨੇ "ਦੁਸਟ ਸਭਨ ਕੋ ਮੂਲਿ ਉਪਾੜਨ॥" ਦਾ ਨਾਅਰਾ ਲਾ ਕੇ ਹਰ ਤਰ੍ਹਾਂ ਦੇ ਅਤਿਆਚਾਰ ਦੀ ਵਿਰੋਧਤਾ ਕੀਤੀ ਹੈ।

ਗੁਰਮਤਿ ਨੇ ਪਹਿਲਾ ਹੀ "ਏਕ ਪਿਤਾ ਏਕਸ ਕੇ ਹਮ ਬਾਰਿਕ॥" ਜਾਂ "ਬਿਸਰਿ ਗਈ, ਸਭ ਤਾਤਿ ਪਰਾਈ ॥ ਜਬ ਤੇ, ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥ ਨਾ ਕੋ ਬੈਰੀ, ਨਹੀ ਬਿਗਾਨਾ; ਸਗਲ ਸੰਗਿ ਹਮ ਕਉ ਬਨਿ ਆਈ ॥" (ਮ: ੫/੧੨੯੯) ਸ਼ਬਦਾਂ ਰਾਹੀਂ ਮਨੁੱਖੀ ਭਾਈਚਾਰੇ ਨੂੰ ਇਕ ਸੰਗਤ ਅਤੇ ਇੱਕ ਪੰਗਤ ਵਿੱਚ ਜੋੜਿਆ। ਇਨ੍ਹਾਂ ਸਿਧਾਂਤਾਂ ਨੂੰ ਹੀ ਪਰਪੱਕ ਕਰਨ ਲਈ ਕਲਗੀਧਰ ਜੀ ਨੇ "ਕੋਊ ਭਇਓ ਮੁੰਡੀਆ ਸੰਨਿਆਸੀ, ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ, ਕੋਊ ਜਤੀ ਅਨੁਮਾਨਬੋ॥ ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ, ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ॥ ਕਰਤਾ ਕਰੀਮ ਸੋਈ, ਰਾਜਿਕ ਰਹੀਮ ਓਈ, ਦੂਸਰੋ ਨ ਭੇਦ ਕੋਈ, ਭੂਲਿ ਭ੍ਰਮ ਮਾਨਬੋ॥ ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ, ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ ॥੧੫॥ (ਅਕਾਲ ਉਸਤਤਿ) ਵਾਲੀ ਉੱਚੀ-ਸੁੱਚੀ ਨਸੀਹਤ ਬਖ਼ਸ਼ੀ।

ਅੱਜ ਦੀ ਨਵੀਂ ਦੁਨੀਆਂ ਦਾ ਤੀਜਾ ਪੱਖ ਜਾਂ ਸਿਧਾਂਤ ਹੈ: 'ਸਮਾਜਵਾਦ', ਅੱਜ ਦੇ ਪ੍ਰਚਲਿਤ ਸਮਾਜਵਾਦ ਦੇ ਬਾਨੀ ਕਾਰਲ ਮਾਰਕਸ (ਖਓਰਲ ਮਓਰਣ) ਹਨ ਇਸ ਦੇ ਦੋ ਵੱਡੇ ਨਿਸ਼ਾਨੇ ਹਨ ਇਕ 'ਕਿਰਤੀ ਨਾਲ ਇਨਸਾਫ਼' ਦੂਜਾ 'ਦੌਲਤ ਦੀ ਸਮਾਨ ਵੰਡ'। ਕਾਰਲ ਮਾਰਕਸ ਨਾਲੋਂ ਬਹੁਤ ਸਮਾਂ ਪਹਿਲਾਂ ਇਸ ਨਾਲੋਂ ਵਧੀਆ ਸਮਾਜਵਾਦ ਗੁਰਮਤਿ ਨੇ ਅਰੰਭਿਆ ਤੇ ਪਰਚਾਰਿਆ: "ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਚਿਤ ਆਵੇ॥ ਚਿਤ ਆਵਨ ਕਾ ਸਦਕਾ, ਸਰਬ ਸੁਖ ਹੋਵੇ॥ .. ਨਾਨਕ ਨਾਮ ਚੜ੍ਹਦੀ ਕਲਾ॥ ਤੇਰੇ ਭਾਣੇ ਸਰਬਤ ਦਾ ਭਲਾ॥"

ਕਲਗੀਧਰ ਸਾਹਿਬ ਇਕ ਵਿਹਲੜ ਜਾਂ ਕਿਰਤ ਵਿਹੂਣੇ ਮਨੁੱਖ ਹੱਥੋਂ ਪਾਣੀ ਪੀਣਾ ਵੀ ਮਨ ਨੂੰ ਅਸ਼ਾਂਤ ਕਰ ਦੇਣ ਵਾਲਾ ਕਾਰਜ ਸਮਝਦੇ ਸਨ। ਗੁਰਮਤਿ ਦੇ ਸਮਾਜਵਾਦ ਵਿੱਚ ਉਹ ਦੋਨੋਂ ਆਦਰਸ਼ ਪ੍ਰਾਪਤ ਹਨ, ਜੋ ਕਾਰਲ ਮਾਰਕਸ ਨੇ ਦਿੱਤੇ ਹਨ, ਪਰ ਇਨ੍ਹਾਂ ਤੋਂ ਇਲਾਵਾ ਇਕ ਹੋਰ ਉੱਚਾ ਆਦਰਸ਼ ਨਾਮ ਜਪਣਾ ਹੈ। ਇਹ ਨਾਮ ਦਾ ਜਾਪ ਹੀ ਹੈ ਜੋ ਮਨੁੱਖੀ ਜੀਵਨ ਵਿੱਚੋਂ ਹਰ ਤਰ੍ਹਾਂ ਦੀ ਮੈਲ਼ ਤੇ ਹਉਮੈ ਕੱਢਦਾ ਹੈ: "ਹਉਮੈ ਬੂਝੈ, ਤਾ ਦਰਿ ਸੂਝੈ॥" ਅਤੇ "ਮਾਤੇ ਮਤੰਗ ਜਰੇ ਜਰ ਸੰਗ, ਅਨੂਪ ਉਤੰਗ ਸੁਰੰਗ ਸਵਾਰੇ॥ ਕੋਟਿ ਤੁਰੰਗ ਕੁਰੰਗ ਸੇ ਕੂਦਤ, ਪਉਨ ਕੇ ਗਉਨ ਕੋ ਜਾਤ ਨਿਵਾਰੇ॥ ਭਾਰੀ ਭੁਜਾਨ ਕੇ ਭੂਪ ਭਲੀ ਬਿਧਿ, ਨਿਆਵਤ ਸੀਸ, ਨ ਜਾਤ ਬਿਚਾਰੇ॥ ਏਤੇ ਭਏ ਤੋ ਕਹਾ ਭਏ ਭੂਪਤਿ ? ਅੰਤ ਕੋ ਨਾਗੇ ਹੀ ਪਾਇ ਪਧਾਰੇ ॥੨॥੨੨॥ (ਅਕਾਲ ਉਸਤਤਿ) ਵਾਲੀ ਬਿਬੇਕਤਾ ਬਖਸ਼ਸ਼ ਕਰਦੇ ਹਨ। ਇਸ ਤਰ੍ਹਾਂ ਮਨੁੱਖ ਉੱਚੀ ਜੀਵਨ ਪਦਵੀ ਪ੍ਰਾਪਤ ਕਰਦਾ ਹੋਇਆ 'ਕਿਰਤ ਕਰਨੀ, ਵੰਡ ਛਕਣ' ਵਾਲੀ ਪ੍ਰੇਰਨਾ 'ਨਾਮ ਜਪਣ' ਤੋਂ ਹੀ ਪ੍ਰਾਪਤ ਕਰਦਾ ਹੈ। 'ਨਾਮ ਜਪਣ' ਨਾਲ ਆਤਮਿਕ ਉੱਨਤੀ ਵੀ ਹੁੰਦੀ ਹੈ। ਇਸ ਦਾ ਭਾਵ ਇਹ ਹੈ ਕਿ ਰਾਜ (ਸ਼ਟੳਟੲ) ਨੂੰ ਸਿਰਫ ਸ਼ਕਤੀ ਦੀ ਪ੍ਰਣਾਲੀ (ਫੋਾਏਰ ਸ਼ੇਸਟੲਮ) ਹੀ ਨਾ ਮੰਨ ਲਿਆ ਜਾਏ ਬਲਕਿ ਇਖ਼ਲਾਕ ਨੂੰ ਹਮੇਸ਼ਾ ਮੁੱਖ ਰੱਖਿਆ ਜਾਏ।

ਅੱਜ ਕਲ੍ਹ ਦੀ ਰਾਜਸੀ ਪ੍ਰਣਾਲੀ ਅਤੇ ਆਰਥਿਕ ਢਾਂਚੇ ਵਿੱਚ ਇਹੋ ਵੱਡੀ ਖਾਮੀ ਹੈ ਕਿ ਸਿਆਸਤ ਅਤੇ ਆਰਥਿਕ ਧੰਦਿਆਂ ਦਾ ਸੰਬੰਧ ਇਖ਼ਲਾਕ ਨਾਲੋਂ ਤੋੜ ਲਿਆ ਗਿਆ ਹੈ। ਇਸ ਲਈ ਅਜੋਕੇ ਲੋਕ ਰਾਜ ਦੇ ਹੁੰਦਿਆਂ ਵੀ ਅਤਿਆਚਾਰ ਲੁੱਟ-ਖਸੁੱਟ ਖ਼ਤਮ ਨਹੀਂ ਹੋਈ। ਭੁਸਿਨੲਸਸਮਿ ਸ ਭੁਸਿਨੲਸਸ ਕਹਿ ਕੇ ਹਰ ਇਕ ਤਰ੍ਹਾਂ ਦੀ ਆਰਥਿਕ ਲੁਟ ਨੂੰ ਜਾਇਜ਼ ਬਣਾ ਲਿਆ ਜਾਂਦਾ ਹੈ। ਸਿਆਸਤ ਜਾਂ ਰਾਜ ਪ੍ਰਬੰਧ ਨੂੰ 'ਧਰਮ' ਤੋਂ ਵੱਖਰਾ ਕਰਕੇ ਰਾਜ ਪ੍ਰਬੰਧ ਵਾਲੀ ਹਰ ਤਰ੍ਹਾਂ ਦੀ ਸ਼ਕਤੀ ਨੂੰ ਜਾਇਜ਼ ਸਮਝਿਆ ਜਾਂਦਾ ਹੈ।

ਰਾਜਨੀਤਿਕ ਲੋਕ ਬਿਨਾਂ ਕਿਸੇ ਸ਼ਰਮ ਦੇ ਹਰ ਰੋਜ਼ ਆਪਣੇ ਅਸੂਲ ਬਦਲਦੇ ਰਹਿੰਦੇ ਹਨ ਅਤੇ ਕਿਸੇ ਵੀ ਕਿਸਮ ਦਾ ਜ਼ੁਲਮ ਕਰਦਿਆਂ ਡਰਦੇ ਨਹੀਂ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੰਗੀ ਲੁੱਟ-ਖਸੁੱਟ ਵਿਰੁੱਧ ਆਵਾਜ਼ ਬੁਲੰਦ ਕੀਤੀ, "ਰਾਜੇ ਚੁਲੀ ਨਿਆਵ ਕੀ..॥" ਵਾਲੇ ਬੁਨਿਆਦੀ ਸਿਧਾਂਤ ਨੂੰ ਅਮਲੀ ਰੂਪ ਵਿੱਚ ਸਮਝਾਇਆ ਅਤੇ "ਇਨ ਹੀ ਸੇ ਰਾਜੇ ਉਪਜਾਊ॥" ਵਾਲੇ ਸਿਧਾਂਤ ਅਨੁਸਾਰ ਰਾਜਸੀ ਸ਼ਕਤੀ ਪ੍ਰਾਪਤ ਕਰਨੀ ਜ਼ਰੂਰੀ ਸਮਝੀ ਤਾਂ ਕਿ ਸਦਾਚਾਰਕ ਗੁਣਾਂ ਦੀ ਰਾਖੀ ਕੀਤੀ ਜਾ ਸਕੇ। ਆਪਣੇ ਧਰਮ ਤੇ ਸਭਿਆਚਾਰ ਦੀ ਰਾਖੀ ਲਈ ਤਲਵਾਰ ਚੁੱਕਣੀ ਇਕ ਆਦਰਸ਼ ਹੈ।

ਕਲਗੀਧਰ ਜੀ ਦਾ ਫ਼ੁਰਮਾਨ ਹੈ: "ਬ-ਲਾਚਾਰਗੀ ਦਰ ਮਿਯਾਂ ਆਮਦਮ॥ ਬ-ਤਦਬੀਰਿ ਤੀਰੋ ਤੁਫ਼ੰਗ ਆਮਦਮ॥" (ਜ਼ਫਰਨਾਮਾ) ਭਾਵ ਹੇ ਔਰੰਗਜ਼ੇਬ ਮੈਨੂੰ ਮਜਬੂਰਨ ਜੰਗ ਦੇ ਮੈਦਾਨ ਵਿੱਚ ਆਉਣਾ ਪਿਆ, ਤੀਰ ਕਮਾਨਾਂ (ਬੰਦੂਕਾਂ) ਆਦਿ ਸ਼ਸਤਰ ਵਰਤਣੇ ਪਏ ਕਿਉਂਕਿ "ਚੂੰ ਕਾਰ ਅਜ ਹਮਾ ਹੀਲਤੇ ਦਰਿ ਗੁਜਸਤ॥ ਹਲਾਲ ਅਸਤ ਬੁਰਦਨ ਬ-ਸ਼ਮਸ਼ੀਰਿ ਦਸਤ॥" ਭਾਵ ਜਦੋਂ ਕੋਈ ਅਨਿਆਇ (ਅਤਿਆਚਾਰ) ਸਾਰੇ ਹੀਲੇ ਉਪਾਵਾਂ ਤੋਂ ਲੰਘ ਜਾਣ ਤਾਂ ਹੱਥ ਵਿੱਚ ਤਲਵਾਰ ਲੈਣਾ ਜਾਇਜ਼ ਹੀ ਹੁੰਦਾ ਹੈ ਕਿਉਂਕਿ ਹਰ ਇਕ ਆਦਮੀ ਨੂੰ ਪੂਰੀ ਧਾਰਮਿਕ ਅਜ਼ਾਦੀ ਹੋਣੀ ਚਾਹੀਦੀ ਹੈ। ਇਸ ਲਈ ਕਲਗੀਧਰ ਪਾਤਿਸ਼ਾਹ ਜੀ ਵੱਲੋਂ ਦਿੱਤਾ ਲੋਕਤੰਤ੍ਰੀ ਖਾਲਸਾ; ਪੁਜਾਰੀਵਾਦ ਤੇ ਵਿਅਕਤੀਵਾਦ ਭਾਵ ਇਕ ਪੁਰਖੀ ਰਾਜ ਦਾ ਵਿਰੋਧੀ ਹੈ ਅਤੇ ਕਿਰਤੀ, ਨਾਮ-ਜਪਣਾ ਤੇ ਵੰਡ ਛਕਣ ਵਾਲੇ ਸਮਾਜਵਾਦ ਦਾ ਹਾਮੀ ਹੈ। ਅਜਿਹੇ ਲੋਕਤੰਤ੍ਰ ਦਾ ਹਮਾਇਤੀ ਬੰਦਾ ਮਨੁੱਖਤਾ ਦੇ ਸਾਂਝੇ ਹਿੱਤਾਂ ਲਈ ਪੂਰਾ ਪਰਿਵਾਰ ਤੱਕ ਕੁਰਬਾਨ ਕਰ ਦੇਣ ਨੂੰ ਤੁੱਛ ਜਿਹੀ ਗੱਲ ਸਮਝਦਾ ਹੈ ਇਸ ਲਈ ਅੱਜ ਵੀ ਲੋਕਤੰਤ੍ਰੀ-ਢਾਂਚੇ ਜਾਂ ਰਾਜ ਪ੍ਰਬੰਧ ਵਿੱਚ ਇੱਕ ਪੁਰਖੀ ਰਾਜ ਨਹੀਂ ਹੋਣਾ ਚਾਹੀਦਾ।

ਸਿਆਸਤ ਜਾਂ ਰਾਜਨੀਤੀ ਦੀ ਬੁਨਿਆਦ ਜਹੀਰੀ ਇਖ਼ਲਾਖ (ਸ਼ਕਤੀਸ਼ਾਲੀ ਕਿਰਦਾਰ) 'ਤੇ ਹੋਣੀ ਚਾਹੀਦੀ ਹੈ, ਨਹੀਂ ਤਾਂ "ਕੂੜ ਦੀ ਪਾਲਿ॥" ਨੂੰ ਨਹੀਂ ਤੋੜਿਆ ਜਾ ਸਕਦਾ ਹੈ।

ਆਓ, ਸਿਆਸਤ ਤੇ ਪਦਾਰਥਵਾਦ ਦੀ ਅੱਗ ਵਿੱਚ ਸੜ ਰਹੀ ਮਨੁੱਖਤਾ ਦੇ ਭਲੇ ਨੂੰ ਲੋਚਦਿਆਂ ਪਰਮਾਤਮਾ ਅੱਗੇ ਜੋਦੜੀ ਕਰੀਏ ਤੇ ਕਲਗੀਧਰ ਜੀ ਵੱਲੋਂ ਦ੍ਰਿੜ੍ਹਾਈ ਗਈ ਸਾਂਝੀਵਾਲਤਾ ਵਾਲੇ ਨਿਯਮ 'ਤੇ ਪਹਿਰਾ ਦੇਂਦੇ ਹੋਏ ਆਵਾਜ਼ ਬੁਲੰਦ ਕਰੀਏ: "ਏਕੈ ਨੈਨ, ਏਕੈ ਕਾਨ, ਏਕੈ ਦੇਹ, ਏਕੈ ਬਾਨ; ਖਾਕ ਬਾਦ ਆਤਿਸ, ਔ ਆਬ ਕੋ ਰਲਾਉ ਹੈ॥" (ਅਕਾਲ ਉਸਤਤਿ) ਭਾਵ ਸਭ ਦੀਆਂ ਅੱਖਾਂ, ਕੰਨ, ਸਰੀਰ ਤੇ ਬੋਲਣ ਸ਼ਕਤੀ ਇੱਕ ਸਮਾਨ ਹਨ (ਕਿਉਂਕਿ ਸਭ ਦੀ ਰਚਨਾ) ਮਿੱਟੀ (ਧਰਤੀ), ਹਵਾ, ਅੱਗ ਤੇ ਜਲ ਆਦਿ ਤੱਤਾਂ ਤੋਂ ਬਣੀ ਹੋਈ ਹੈ।

# ਡੂੰਘੀ ਮਨੋਵਿਗਿਆਨਕ ਸੂਝ ਦੇ ਮਾਲਕ ਗੁਰੂ ਗੋਬਿੰਦ ਸਿੰਘ

ਉੱਨੀਵੀਂ ਸਦੀ ਦੇ ਪ੍ਰਸਿੱਧ ਇਤਿਹਾਸਕਾਰ ਸੱਯਦ ਮੁਹੰਮਦ ਲਤੀਫ਼ ਦਾ ਕਥਨ ਹੈ, "ਗੁਰੂ ਗੋਬਿੰਦ ਸਿੰਘ ਜੰਗ ਦੇ ਮੈਦਾਨ ਵਿਚ ਇਕ ਜੇਤੂ ਯੋਧਾ, ਮਸਨਦ ਉੱਤੇ ਸਹਿਨਸ਼ਾਹ,ਗੁਰੂ ਰੂਪ ਵਿਚ ਗਿਆਨ ਦਾ ਦਾਤਾ ਅਤੇ ਖਾਲਸੇ ਦੀ ਸੰਗਤ ਵਿਚ ਫ਼ਕੀਰ ਸੀ।" ਪਰ ਗੱਲ ਇਥੇ ਹੀ ਖਤਮ ਨਹੀਂ ਹੁੰਦੀ- ਗੁਰੂ ਸਾਹਿਬ ਦੀ ਸ਼ਖ਼ਸੀਅਤ ਨਾਲ ਕੁਝ ਹੋਰ ਅਹਿਮ ਤੱਥ ਵੀ ਜੁੜੇ ਹੋਏ ਸਨ। ਆਪ ਇਕ ਉੱਚ ਕੋਟੀ ਦੇ ਕਵੀ, ਮਹਾਨ ਫ਼ਿਲਾਸਫਰ, ਮਨੋਵਿਗਿਆਨੀ ਅਤੇ ਮਨੋ-ਵਿਸ਼ਲੇਸ਼ਕ ਸਨ। ਗੱਲ ਕੀ, ਉਹ ਕਿਹੜੀ ਇਨਸਾਨੀ ਖ਼ੂਬੀ ਹੋਵੇਗੀ, ਜੋ ਉਨ੍ਹਾਂ ਦੀ ਸ਼ਖ਼ਸੀਅਤ ਦੇ ਵਿਸ਼ਾਲ ਘੇਰੇ ਵਿਚ ਨਹੀਂ ਆਉਂਦੀ ਹੋਵੇਗੀ ?

ਗੁਰੂ ਗੋਬਿੰਦ ਸਿੰਘ ਮਨਸੂਬਾਬੰਦੀ ਕਰਨ ਵਿਚ ਕਮਾਲ ਦੀ ਮੁਹਾਰਤ ਰੱਖਦੇ ਸਨ। ਆਨੰਦਪੁਰ ਸਾਹਿਬ ਵਰਗੇ ਢੁਕਵੇਂ ਸਥਾਨ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਉਣਾ, ਉਨ੍ਹਾਂ ਦੀ ਜੰਗੀ ਸੂਝ ਵੱਲ ਸੰਕੇਤ ਕਰਦਾ ਹੈ। ਫਿਰ, ਆਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਉਪਰੰਤ ਪਿੱਛਾ ਕਰ ਰਹੀ ਟਿੱਡੀ ਦਲ ਮੁਗ਼ਲ ਫੌਜ ਨੂੰ ਠੱਲ੍ਹਣ ਲਈ ਤੱਤ-ਭੜੱਤ ਵਿਚ ਉੱਚੀ ਥਾਂ ਤੇ ਇਕ ਕੱਚੀ ਹਵੇਲੀ (ਚਮਕੌਰ ਦੀ ਗੜ੍ਹੀ) ਵਿਚ ਮੋਰਚੇ ਸੰਭਾਲ ਲੈਣਾ ਅਤੇ ਦੁਸ਼ਮਣ ਦੇ ਭੀੜੇ ਘੇਰੇ ਨੂੰ ਚੀਰ ਕੇ ਸਪੱਸ਼ਟ ਨਿਕਲ ਜਾਣਾ, ਉਨ੍ਹਾਂ ਦੀ ਫ਼ੌਜੀ ਸੂਝ ਦਾ ਸਿਖਰ ਕਿਹਾ ਜਾ ਸਕਦਾ ਹੈ। ਉਂਜ ਵੀ ਆਨੰਦਪੁਰ ਸਾਹਿਬ ਤੋਂ ਚੱਲ ਕੇ ਦਮਦਮਾ ਸਾਹਿਬ ਤਕ ਅੱਪੜਨ ਦੀ ਦਾਸਤਾਨ, ਮਾਣ, ਗੌਰਵ ਤੇ ਅਣਖ ਦੀ ਕਹਾਣੀ ਹੈ। ਇਕੋ ਹਫ਼ਤੇ ਵਿਚ ਜਿਗਰ ਦੇ ਚਾਰ ਟੋਟੇ ਕੁਰਬਾਨ ਕਰਕੇ ਉਫ਼ ਤਕ ਨਾ ਕਹਿਣਾ ਅਤੇ ਸਮੇਂ ਦੇ ਸ਼ਕਤੀਸ਼ਾਲੀ ਮੁਗ਼ਲ ਸਮਰਾਟ, ਔਰੰਗਜ਼ੇਬ ਨੂੰ ਠੋਕਵੀਂ ਜ਼ੁਬਾਨ ਵਿਚ ਵਿਜੈ-ਪੱਤਰ ਲਿਖਣਾ, ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। (ਗੁਰੂ ਸਾਹਿਬ ਵੱਲੋਂ ਔਰੰਗਜ਼ੇਬ ਦੇ ਨਾਂ ਲਿਖੀ ਇਹ ਇਤਿਹਾਸਕ ਚਿੱਠੀ, ਜ਼ਫ਼ਰਨਾਮਾ ਦੇ ਨਾਂ ਨਾਲ ਪ੍ਰਸਿੱਧ ਹੈ। ਫ਼ਾਰਸੀ ਸ਼ਿਅਰਾਂ ਵਿਚ ਲਿਖਿਆ ਇਹ ਪੱਤਰ, ਇਕ ਉੱਚ ਪੱਧਰੀ ਕਾਵਿ-ਰਚਨਾ ਹੈ, ਜਿਸ ਦਾ ਹਰ ਸ਼ਿਅਰ ਅਣਖ, ਸਵੈਮਾਨ ਅਤੇ ਅਕਾਲ ਪੁਰਖ ਤੇ ਭਰੋਸੇ ਦੀ ਗੱਲ ਕਰਦਾ ਹੈ।)

ਗੁਰੂ ਸਾਹਿਬ ਦਾ ਜੀਵਨ ਯੁੱਗ-ਪਲਟਾਊ ਘਟਨਾਵਾਂ ਦੀ ਕਹਾਣੀ ਹੈ। ਇਨ੍ਹਾਂ ਘਟਨਾਵਾਂ ਦੇ ਪਿੱਛੇ ਹੋਰ ਗੱਲਾਂ ਤੋਂ ਇਲਾਵਾ ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਤੇ ਦੂਰਅੰਦੇਸ਼ੀ ਪ੍ਰਤੱਖ ਰੂਪ ਵਿਚ ਕੰਮ ਕਰਦੀ ਨਜ਼ਰ ਆਉਂਦੀ ਹੈ। ਪੰਜ ਪਿਆਰਿਆਂ ਦੀ ਸਿਰਜਣਾ (ਖਾਲਸਾ ਪੰਥ ਦੀ ਸਿਰਜਣਾ) ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਚੋਣ ਕਰਨ ਤਕ ਗੁਰੂ ਸਾਹਿਬ ਦੀ ਮਨੋਵਿਗਿਆਨਕ ਸੂਝ ਹਰ ਥਾਂ ਉੱਭਰ ਕੇ ਸਾਹਮਣੇ ਆਉਂਦੀ ਹੈ।

**ਲੇਖਕ : ਡਾ. ਹਰਚੰਦ ਸਿੰਘ ਸਰਹਿੰਦੀ**

ਭਾਰਤ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਚੜ੍ਹਦੀ ਕਲਾ ਦੇ ਮੁਜੱਸਮੇ ਮੰਨੇ ਜਾਂਦੇ ਹਨ। ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਚੜ੍ਹਦੀ ਕਲਾ ਦਾ ਨਾਅਰਾ ਦਿੱਤਾ ਅਤੇ "ਨਿਸਚੈ ਕਰਿ ਅਪੁਨੀ ਜੀਤ ਕਰੋਂ" ਦਾ ਸਬਕ ਕੰਠ ਕਰਵਾਇਆ। ਲਿਤਾੜੀ ਤੇ ਸਾਹ-ਸਤ ਗੁਆ ਚੁਕੀ ਭਾਰਤੀ ਜਨਤਾ ਨੂੰ ਚੜ੍ਹਦੀ ਕਲਾ ਦਾ ਨਾਅਰਾ ਦੇਣਾ ਸਮੇਂ ਦੀ ਮੰਗ ਸੀ, ਕਿਉਂਕਿ ਢਹਿੰਦੀ ਕਲਾ ਚ ਜਾ ਰਹੀ ਕੌਮ ਤੋਂ ਕਿਸੇ ਠੋਸ ਪ੍ਰਾਪਤੀ ਦੀ ਆਸ ਨਹੀਂ ਸੀ ਕੀਤੀ ਜਾ ਸਕਦੀ। ਦੂਜਾ, ਹਾਲਾਤ ਤੇ ਮੌਕੇ ਅਨੁਸਾਰ ਗੁਰੂ ਸਾਹਿਬ ਨੇ ਸਿੱਖ ਪੰਥ ਲਈ ਕੁਝ ਨਵੇਂ ਸਿਧਾਂਤ ਘੜ੍ਹੇ ਅਤੇ ਉਨ੍ਹਾਂ ਤੇ ਅਮਲ ਕਰਨਾ ਸਿਖਾਇਆ। ਇਨ੍ਹਾਂ ਰਵਾਇਤਾਂ ਦੀ ਸੁੰਦਰ ਮਾਲਾ ਵਿਚ ਅਰਦਾਸਾ ਸੋਧਣ ਦਾ ਕੀਮਤੀ ਮਣਕਾ ਵਿਸ਼ੇਸ਼ ਮਹੱਤਤਾ ਰੱਖਦਾ ਹੈ। (ਉਂਜ ਅਕਾਲ ਪੁਰਖ ਅੱਗੇ ਬੰਦਨਾ ਕਰਨ ਜਾਂ ਅਰਦਾਸ ਕਰਨ ਦੀ ਰੀਤ ਸਿੱਖ ਜਗਤ ਵਿਚ ਉਨੀ ਹੀ ਪੁਰਾਣੀ ਹੈ, ਜਿੰਨਾ ਸਿੱਖ ਪੰਥ।)

ਦੁਬਿਧਾ ਤੇ ਦੁਚਿੱਤੀ ਵਿਚ ਫਸਿਆ ਵਿਅਕਤੀ ਆਪਣੀ ਮੰਜ਼ਿਲ ਤੇ ਨਹੀਂ ਪਹੁੰਚ ਸਕਦਾ, ਜਦੋਂ ਕਿ ਫੈਸਲਾ ਲੈ ਕੇ ਦ੍ਰਿੜ੍ਹਤਾ ਨਾਲ ਆਪਣੇ ਨਿਸ਼ਾਨੇ ਵੱਲ ਵਧਣ ਵਾਲਾ ਵਿਅਕਤੀ ਸਹਿਜੇ ਹੀ ਸਫ਼ਲਤਾ ਪ੍ਰਾਪਤ ਕਰ ਲੈਂਦਾ ਹੈ। ਇਸ ਸੰਬੰਧ ਵਿਚ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਇਹ ਸ਼ਬਦ ਕਿੰਨੇ ਭਾਵਪੂਰਤ ਹਨ-- "ਕੋਈ ਮੁਸ਼ਕਿਲ ਏਡੀ ਮੁਸ਼ਕਿਲ ਨਹੀਂ ਹੁੰਦੀ, ਜੇਡੀ ਦੁਚਿੱਤੀ। ਘਬਰਾਹਟ ਵੀ ਸਾਰੀ ਦੁਚਿੱਤੀ ਵਿਚ ਹੁੰਦੀ ਹੈ।"-- "ਦੁਚਿੱਤੀ ਵਿਚ ਪਏ ਵਿਅਕਤੀ ਦੀਆਂ ਸਮੱਸਿਆਵਾਂ, ਫੈਸਲੇ ਖੁਣੋਂ ਜਿਉਂ ਦੀਆਂ ਤਿਉਂ ਪਈਆਂ ਰਹਿੰਦੀਆਂ ਹਨ। ਸੋ, ਵੱਡਾ ਦੁਖੀਆ ਉਹ ਹੈ, ਜੋ ਸਲਾਹੀਂ ਪੈ ਜਾਵੇ।" --ਕਾਰਲਾਈਲ। ਸ੍ਰੀ ਕ੍ਰਿਸ਼ਨ ਜੀ ਦਾ ਇਹ ਪ੍ਰਵਚਨ- "ਸੰਸੇ ਵਿਚ ਡੁੱਬੇ ਆਦਮੀ ਦਾ ਵਿਨਾਸ਼ ਅਵੱਸ਼ ਹੁੰਦਾ ਹੈ।" ਪੱਥਰ ਤੇ ਲਕੀਰ ਖਿੱਚਦਾ ਹੋਇਆ ਸਾਡਾ ਮਾਰਗ ਦਰਸ਼ਨ ਕਰਦਾ ਹੈ। ਦੁਬਿਧਾ ਤੇ ਦੁਚਿੱਤੀ ਨੂੰ ਖ਼ਤਮ ਕਰਨ ਲਈ ਗੁਰੂ ਸਾਹਿਬ ਨੇ ਅਰਦਾਸਾ ਸੋਧਣ ਦੀ ਚਮਤਕਾਰੀ ਰਵਾਇਤ ਪ੍ਰਚੱਲਤ ਕੀਤੀ। ਇਤਿਹਾਸ ਗਵਾਹ ਹੈ ਕਿ ਇਹ ਰੀਤ, ਸਿੱਖਾਂ ਲਈ ਸ਼ਕਤੀ ਦਾ ਇਕ ਸੋਮਾ ਹੋ ਨਿੱਬੜੀ।

ਗੁਰੂ ਗੋਬਿੰਦ ਸਿੰਘ ਅਸੰਭਵ ਨੂੰ ਸੰਭਵ ਬਣਾਉਣਾ ਚਾਹੁੰਦੇ ਸਨ, ਯਾਨੀ ਸਵਾ ਲੱਖ ਨਾਲ ਇਕ ਨੂੰ ਭਿੜਾਉਣਾ ਚਾਹੁੰਦੇ ਸਨ ਅਤੇ ਨਿਸਚੈ ਕਰਿ ਅਪੁਨੀ ਜੀਤ ਕਰੋਂ ਨੂੰ ਅਮਲੀ ਜਾਮਾ ਪਹਿਨਾਉਣਾ ਚਾਹੁੰਦੇ ਸਨ। ਇਸ ਸਭ ਕਾਸੇ ਲਈ ਕਿਸੇ ਚਮਤਕਾਰੀ ਢੰਗ ਦੀ ਲੋੜ ਸੀ। ਅਰਦਾਸਾ ਸੋਧਣ ਦਾ ਸਿਧਾਂਤ ਕਸਵੱਟੀ ਤੇ ਖਰਾ ਉਤਰਦਾ ਨਜ਼ਰ ਆਇਆ। ਸੋ, ਗੁਰੂ ਸਾਹਿਬ ਨੇ ਇਸ ਸਿਧਾਂਤ ਤੇ ਆਪਣੀ ਮੋਹਰ ਲਗਾ ਦਿੱਤੀ, ਯਾਨੀ ਇਸ ਨੂੰ ਸਿੱਖ ਰਹਿਤ ਮਰਯਾਦਾ ਦਾ ਇਕ ਅੰਗ ਬਣਾ ਦਿੱਤਾ ਅਤੇ ਅਰਦਾਸ ਸੋਧ ਕੇ ਭੱਜਣ ਨੂੰ ਸਿੱਖੀ ਰਵਾਇਤਾਂ ਦੇ ਵਿਰੁੱਧ ਕਰਾਰ ਦਿੱਤਾ।

ਦੁਬਿਧਾ ਤੇ ਦੁਚਿੱਤੀ, ਸਵੈ-ਵਿਸ਼ਵਾਸ ਦੀ ਘਾਟ ਤੋਂ ਉਪਜਦੀ ਹੈ। ਅਰਦਾਸਾ ਸੋਧਣ ਦੀ ਪਰੰਪਰਾ, ਸਵੈ-ਵਿਸ਼ਵਾਸ ਤੇ ਚੜ੍ਹਦੀ ਕਲਾ ਦੀ ਪ੍ਰਤੀਕ ਹੈ। ਇਸ ਦੀ ਪਾਲਣਾ ਕਰਨ ਨਾਲ ਦੁਚਿੱਤੀ ਮੁੱਕ ਜਾਂਦੀ ਹੈ। ਫੈਸਲਾ ਲੈ ਕੇ ਦ੍ਰਿੜ੍ਹਤਾ ਨਾਲ ਮੰਜ਼ਿਲ ਵੱਲ ਵਧਣ ਨਾਲ ਕਾਮਯਾਬੀ ਪੈਰ ਚੁੰਮਦੀ ਹੈ। ਇਸ ਤਰ੍ਹਾਂ ਅਰਦਾਸਾ ਸੋਧਣ ਦੀ ਚਮਤਕਾਰੀ ਰਵਾਇਤ, ਪਾਲਣਾ ਕਰਨ ਵਾਲੇ ਸਿੱਖ ਨੂੰ ਦੁਬਿਧਾ ਤੇ ਦੁਚਿੱਤੀ ਦੀ ਦਲਦਲ ਚੋਂ ਕੱਢ ਕੇ ਦ੍ਰਿੜ੍ਹਤਾ ਤੇ ਸਿਦਕਦਿਲੀ ਨਾਲ ਨਿਸ਼ਾਨੇ ਵੱਲ ਵਧਣ ਲਈ ਪ੍ਰੇਰਿਤ ਕਰਦੀ ਹੈ। ਇਹ ਸਭ ਕੁਝ ਗੁਰੂ ਗੋਬਿੰਦ ਸਿੰਘ ਜੀ ਦੀ ਡੂੰਘੀ ਮਨੋਵਿਗਿਆਨਕ ਸੂਝ ਦਾ ਪ੍ਰਗਟਾਵਾ ਹੀ ਤਾਂ ਹੈ!

# ਗੁਰੂ ਗੋਬਿੰਦ ਸਿੰਘ ਜੀ ਵਲੋਂ ਵਹਿਮਾਂ, ਭਰਮਾਂ ਤੇ ਕਰਮਕਾਂਡਾਂ ਦਾ ਖੰਡਨ ਕਰਨ ਦਾ ਸੰਦੇਸ਼

ਭਾਵੇਂ ਅੱਜ ਸਾਜਸ਼ਾਂ ਘੱੜ ਕੇ ਗੁਰੂ ਸਾਹਿਬਾਨਾਂ ਵਲੋਂ ਦਿੱਤੇ ਗੁਰਮਤਿ ਸਿਧਾਂਤਾਂ ਦੀ ਸ਼੍ਰੇਣੀ ਵੰਡ ਕਰਨ ਦਾ ਜਤਨ ਕੀਤਾ ਜਾ ਰਿਹਾ ਹੈ, ਪਰ ਸਿੱਖ ਕੌਮ ਨੂੰ ਇਨ੍ਹਾਂ ਸਾਜਿਸ਼ਕਾਰੀਆਂ ਦੀ ਚਾਲ ਤੋਂ ਬਚਣ ਲਈ ਸੁਚੇਤ ਹੋਣਾ ਪਵੇਗਾ । ਗੁਰੂ ਗੋਬਿੰਘ ਸਿੰਘ ਜੀ ਵਲੋਂ ਆਪਣੀ ਬਾਣੀ ਅੰਦਰ ਇੱਕ ਬਚਨ ਕਿਹਾ ਗਿਆ ਹੈ ''ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ।।'' (ਤ੍ਵਪ੍ਰਸਾਦਿ ਸਵੱਯੇ) ਇਸ ਦੇ ਅਰਥ ਕਠਨ ਨਹੀਂ ਅਤੇ ਅੱਖੀਂ ਦੇਖੀ ਸਚਿਆਈ ਨੂੰ ਜਗ ਜ਼ਾਹਰ ਕੀਤਾ ਕਿ ਲੋਕਾਈ ਅਗਿਆਨਤਾ ਕਾਰਨ ਝੂਠੇ ਕਰਮ ਕਾਂਡਾ ਵਿਚ ਉਲਝੀ ਹੋਈ ਹੈ ਅਤੇ ਅਕਾਲ ਪੁਰਖ ਬਾਰੇ ਭੇਦ ਪਾਉਣ ਤੋਂ ਅਸਮਰਥ ਹੈ । ਇਸ ਸਵੱਯੇ ਅੰਦਰ ਹੀ ਆਖ ਰਹੇ ਹਨ ਕਿ ਲੋਕ ਪੱਥਰਾਂ (ਬੁਤਾਂ) ਨੂੰ ਭਗਵਾਨ ਮੰਨਕੇ ਪੂਜ ਰਹੇ ਹਨ, ਅਤੇ ਕਈ ਲਿੰਗ ਪੂਜਾ ਕਰਨੀ ਪਵਿੱਤਰ ਸਮਝਦੇ ਹਨ, ਕੁਝ ਲੋਕ ਵਿਸ਼ੇਸ਼ ਦਿਸ਼ਾ ਵਲ ਮੂੰਹ ਕਰਕੇ ਕਈ ਵਖਰੇ ਢੰਗ ਨਾਲ ਸੀਸ ਨਿਵਾਉਣ ਨੂੰ ਹੀ ਕਰਮ- ਧਰਮ ਮੰਨਦੇ ਹਨ ਅਤੇ ਬਹੁਤ ਲੋਕ ਪਿੱਤਰ ਪੂਜਾ ਹੀ ਕਰੀ ਜਾਂਦੇ ਹਨ ਅਤੇ ਅਸਲ ਨਿਚੋੜ ਹੈ ਕਿ ਸਭ ਝੂਠੇ ਅਡੰਬਰਾਂ ਵਿੱਚ ਫਸ ਗਏ ਹਨ। ਉਪਰੋਕਤ ਕਰਮ ਕਾਂਡਾਂ ਦਾ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਖੰਡਨ ਕੀਤਾ । ਬੁੱਤ ਪੂਜਾ, ਅਵਤਾਰਵਾਦ ਅਤੇ ਅਨੇਕਾਂ ਰਹੁ-ਰੀਤਾ ਨੂੰ ਤਿਲਾਂਜਲੀ ਦੇਣ ਲਈ ਸੰਦੇਸ਼ ਦਿੱਤਾ। ਜੋ ਲੋਕ ਸਮਝਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ ਪਹਿਲੇ ਗੁਰੂਆਂ ਤੋਂ ਵਿਪਰੀਤ ਹਨ, ਉਹ ਗਲਤ ਹਨ ਅਤੇ ਇਸ ਬਾਰੇ ਸਪਸ਼ਟਤਾ ਗੁਰਬਾਣੀ ਅਤੇ ਇਤਿਹਾਸਕ ਲਿਖਤਾਂ ਤੋਂ ਹੋ ਜਾਂਦੀ ਹੈ । ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੀਆਂ ਸ਼ਕਤੀਆਂ ਦੀ ਵੰਡ ਕਰਕੇ ਤਿੰਨ ਮੁੱਖ ਦੇਵਤਿਆਂ ਦੀ ਘਾੜਤ ਨੂੰ ਅਸਵੀਕਾਰਿਆ। ਬੁਤ ਪੂਜਾ ਤੇ ਮੂਰਤੀ ਪੂਜਾ ਨੂੰ ਰੱਦ ਕਰ ਦਿੱਤਾ ਤੇ ਆਖਿਆ,

**ਥਾਪਿਆ ਨ ਜਾਇ ਕੀਤਾ ਨ ਹੋਇ ॥**
**ਆਪੇ ਆਪਿ ਨਿਰੰਜਨੁ ਸੋਇ ॥**

ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੇ ਗੁਰੂਆਂ ਦੇ ਸਿਧਾਂਤਾਂ ਨੂੰ ਹੀ ਦ੍ਰਿੜਾਇਆ ਅਤੇ ਵਖਰੇ ਸਿਧਾਂਤ ਨਹੀਂ ਪ੍ਰਚਾਰੇ ਜਿਨ੍ਹਾਂ ਨਾਲ ਗੁਰਬਾਣੀ ਸਿਧਾਂਤਾਂ ਦਾ ਵਿਰੋਧ ਹੁੰਦਾ ਹੋਵੇ । ਅਜੋਕੇ ਸਮੇਂ ਨੇਨਾਂ ਦੇਵੀ (ਹਿੰਦੂਆਂ ਦਾ ਅਸਥਾਨ) ਵਿਖੇ ਪੁਜਾਰੀਆਂ ਵਲੋਂ ਨਿਤ ਆਖਿਆ ਜਾਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਦੇਵੀ ਦੀ ਪੂਜਾ ਕੀਤੀ । ਸੰਭਵ ਹੈ ਕਿ ਜੋ ਲੋਕ ਗੁਰਬਾਣੀ ਸੰਦੇਸ਼ਾਂ ਤੋਂ ਅਣਜਾਨ ਹਨ, ਉਨ੍ਹਾਂ ਉੱਪਰ ਗਲਤ ਪ੍ਰਚਾਰ ਦਾ ਸੁਭਾਵਕ ਹੀ ਅਸਰ ਹੋ ਸਕਦਾ ਹੈ । ਜੇਕਰ ਗੁਰੂ ਸਾਹਿਬ ਦੇਵੀ ਪੂਜਕ ਹੁੰਦੇ ਤਾਂ ਕਦੀ ਨਾ ਆਖਦੇ ਕਿ ਲੋਕ ਅਗਿਆਨਤਾ ਕਾਰਨ ਬੁੱਤ ਪੂਜਾ, ਲਿੰਗ ਪੂਜਾ ਅਤੇ ਅਨੇਕਾਂ ਫੋਕਟ ਕਰਮ ਕਰਕੇ ਭਗਵਾਨ ਬਾਰੇ ਜਾਨਣ ਤੋਂ ਅਸਮਰਥ ਹਨ । ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਇੱਕ ਦ੍ਰਿਟਾਂਤ ਸੁਣਾਇਆ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਇਕੇਰਾਂ ਦਾਦੂ ਪੀਰ ਦੀ ਕਰ ਤੇ ਨਮਸ਼ਕਾਰ ਕਰ ਦਿੱਤੀ ਅਤੇ ਸਿੱਖਾਂ ਨੇ ਆਖਿਆ 'ਗੁਰੂ ਸਾਹਿਬ' ਇਹ ਕੀ? ਸਾਨੂੰ ਕੀ ਸਿੱਖਿਆ ਦਿੰਦੇ ਹੋ, ਤੇ ਆਪ ਕੀ ਕਰ ਰਹੇ ਹੋ? ਦਸਦੇ ਹਨ, ਗੁਰੂ ਸਾਹਿਬ ਮੁਸਕਰਾ ਪਏ ਤੇ ਉਨ੍ਹਾਂ ਕਿਹਾ, 'ਮੈਂ ਤੁਹਾਡਾ ਇਮਤਿਹਾਨ ਲੈ ਰਿਹਾ ਸੀ ਤੇ ਤੁਸੀਂ ਇਮਤਿਹਾਨ ਵਿਚ ਪਾਸ ਹੋ ਗਏ ਤੇ ਮੈਨੂੰ ਇਸ ਕੁਤਾਹੀ ਦੀ ਤਨਖਾਹ ਲਗਾਓ,'' ਇਤਿਹਾਸ ਗਵਾਹ ਹੈ ਕਿ ਖਾਲਸੇ ਨੇ ਗੁਰੂ ਜੀ ਨੂੰ ਸਮਾਧ ਨੂੰ ਨਮਸਕਾਰ ਕਰਨ ਦੀ ਤਨਖਾਹ ਲਗਾਈ । ਗੁਰੂ ਗੋਬਿੰਦ ਸਿੰਘ ਜੀ ਨੇ ਅੱਖਾਂ ਮੀਟ ਕੇ ਸਮਾਧੀਆ ਲਗਾਉਣੀਆਂ, ਤੀਰਥਾਂ ਦਾ ਭਰਮਣ ਕਰਨ ਉਪਰੰਤ ਤੀਰਥ ਇਸ਼ਨਾਨ ਕਰਨ, ਬ੍ਰਹਮਚਾਰੀ ਰਹਿਕੇ ਪਵਿੱਤਰ ਰਹਿਣ ਨੂੰ ਸਭ ਪਖੰਡ ਆਖਿਆ

**ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ**
**ਬੈਠਿ ਰੋਹਓ ਬਕ ਧਿਆਨ ਲਗਾਇਓ ॥**
**ਨ੍ਹਾਤ ਫਿਰਿਓ ਲੀਏ ਸਾਤ ਸਮੁਦ੍ਰਨਿ**
**ਲੋਕ ਗਯੋ ਪਰਲੋਕ ਗਵਾਇਓ ॥**
**ਇਹੀ ਸਿਧਾਂਤ ਗੁਰੂ ਨਾਨਕ ਦੇਵ ਜੀ ਦ੍ਰਿੜਾ ਰਹੇ ਹਨ,**
**ਈਸਰੁ ਬ੍ਰਹਮਾ ਦੇਵੀ ਦੇਵਾ ॥**
**ਇੰਦ੍ਰ ਤਪੇ ਮੁਨਿ ਤੇਰੀ ਸੇਵਾ ॥**
**ਜਤੀ ਸਤੀ ਕੇਤੇ ਬਨਵਾਸੀ ਅੰਤੁ ਨ ਕੋਈ ਪਾਇਦਾ ॥**
**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥**
**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥**
**ਗੁਰੂ ਗੋਬਿੰਦ ਸਿੰਘ ਜੀ ਨੇ ਗੁਰਮਤਿ ਦੇ ਦ੍ਰਿੜਾਏ ਸਿਧਾਂਤ,**
**ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥**

ਨੂੰ ਪੱਕਾ ਕਰਨ ਲਈ ਖਾਲਸਾ ਕੌਮ ਦੀ ਸਥਾਪਨਾ ਕਰ ਦਿੱਤੀ । ਜਾਤ-ਪਾਤ ਨੂੰ ਅਪ੍ਰਵਾਣ ਕਰਕੇ ਸਭ ਨੂੰ ਇਕ ਕੌਮ ਵਿਚ ਪਰੋ ਦਿੱਤਾ ਤੇ ਆਖਿਆ, ''ਆਪਣੀਆਂ ਪਿਛਲੀਆਂ ਜਾਤਾਂ ਭੁੱਲ ਜਾਓ ਤੇ ਸਾਰੇ ਇੱਕ ਦੂਜੇ ਨੂੰ ਭਰਾ ਸਮਝਣ, ਸਾਰੇ ਇਕ ਮਤ ਧਾਰਨ ਕਰੋ ਅਤੇ ਪੁਰਾਣੇ ਧਰਮਾਂ ਦੇ ਭੇਦਾਂ ਨੂੰ ਖਤਮ ਕਰੋ । ਪੂਜਾ ਦਾ ਇਕੋ ਰੂਪ ਅਖ਼ਤਿਆਰ ਕਰੋ, ਕੋਈ ਵੀ ਆਪਣੇ ਆਪ ਨੂੰ ਦੂਜਿਆਂ ਤੋਂ ਉਚਾ ਨਾ ਸਮਝੇ, ਚਾਰੇ ਜਾਤਾ ਦੇ ਇਨਸਾਨ ਮੇਰੇ ਕੋਲੋਂ ਅੰਮ੍ਰਿਤ ਛਕਣ, ਕਿਸੇ ਨਾਲ ਘਿਰਣਾ ਦੀ ਭਾਵਨਾ ਨਾ ਰੱਖਣ ।'' ਉਪਰੋਕਤ ਸੰਦੇਸ਼ ਵਿਚ ਬਹੁਤ ਸਪਸ਼ਟ ਹੈ ਕਿ ਸਿੱਖ ਕੌਮ ਜਾਂ ਖਾਲਸਾ ਕੌਮ, ਇੱਕ ਲਿੱਖਣ ਕੌਮ ਹੈ ਅਤੇ ਭਾਰਤ ਦੇ ਇਤਿਹਾਸ ਵਿੱਚ ਇਕ ਨਵਾਂ ਇੰਨਕਲਾਬ ਸੀ, ਜਿਸ ਸਦਕਾ ਸਾਹਸਹੀਨ ਲੋਕਾਈ ਨੂੰ ਮਨੁੱਖੀ ਅਧਿਕਾਰਾਂ ਦੀ ਖ਼ਾਤਰ ਸ਼ਸ਼ਤਰ ਫੜਕੇ ਜੂਝਣ ਦੀ ਜਾਂਚ ਆਈ। ਸਦੀਆਂ ਤੋਂ ਗੁਲਾਮ ਦੇਸ਼ ਨੂੰ ਅਜ਼ਾਦ ਕਰਾਉਣ ਲਈ ਖਾਲਸੇ ਨੇ ਬਹੁਤ ਵੱਡਾ ਯੋਗਦਾਨ ਪਾਇਆ । ਹੁਣ ਖਾਲਸੇ ਦੀ ਵਿਲੱਖਣਤਾ ਜਾਂ ਖਾਲਸਾ ਕੌਮ ਦੀ ਹਸਤੀ ਨੂੰ ਅਲੋਪ ਕਰਨ ਦਾ ਜਤਨ ਹੋ ਰਿਹਾ ਹੈ । ਸਾਡੇ ਅੰਦਰ ਕੌਮੀ ਗੋਰਵਤਾ ਖ਼ੁਰਦੀ ਜਾ ਰਹੀ ਹੈ । ਅਸੀਂ ਸੱਚੀ-ਮੁੱਚੀ ਅਕ੍ਰਿਤਘਣ ਹਾਂ, ਤਾਹੀਓਂ ਗੁਰੂ ਸਾਹਿਬਾਨਾਂ, ਸਿਦਕਵਾਨਾਂ ਅਤੇ ਸਾਹਿਬਜ਼ਾਦਿਆਂ ਦੀਆਂ ਦਿੱਤੀਆਂ ਕੁਰਬਾਨੀਆਂ ਨੂੰ ਭੁੱਲਦੇ ਜਾ ਰਹੇ ਹਾਂ। ਸਾਡੀ ਮਾਨਸਿਕਤਾ ਗੁਲਾਮ ਹੋ ਰਹੀ ਹੇ । ਜਿਸ ਕਰਕੇ ਸਾਡੀ ਨੌਜਵਾਨ ਪੀੜੀ ਖਾਲਸਈ ਪ੍ਰੰਪਰਾਵਾਂ, ਖਾਲਸਈ ਸਰੂਪ ਨੂੰ ਪਿੱਠ ਦਿਖਾ ਰਹੀ ਹੈ । ਦੂਸਰੇ ਪਾਸੇ ਸਿੱਖ ਵਿਰੋਧੀ ਤਾਕਤਾਂ ਸਿੱਖ ਨੇਤਾਵਾਂ ਨੂੰ ਆਪਦੇ ਵੱਸ ਕਰਕੇ ਖਾਲਸਈ ਸਰੂਪ ਤੇ ਗੁਰਮਤਿ ਵਿਚਾਰਧਾਰਾ ਤੇ ਪੂਰਨ ਤੌਰ ਤੇ ਹਮਲੇ ਹੋ ਰਹੇ ਹਨ । ਇਸ ਬਾਰੇ ਸਾਨੂੰ ਪਹਿਲਾਂ ਵੀ ਸੁਚੇਤ ਕੀਤਾ ਗਿਆ, ਪਰ ਸਾਡੇ ਕੌਮੀ ਨੇਤਾ ਵਿੱਕ ਚੁੱਕੇ ਹਨ, ਹੇਠਾਂ ਇਕ ਇਤਿਹਾਸਕਾਰ ਦੇ ਵਿਚਾਰ ਤੇ ਇਕ ਬਰਤਾਨਵੀ ਖ਼ੁਫੀਆ ਰਿਪੋਰਟ ਦੇਕੇ ਲੇਖ ਨੂੰ ਸੰਕੋਚਾਗਾਂ ਤੇ ਕੌਮੀ ਨੇਤਾਵਾਂ ਨੂੰ ਕਹਾਂਗਾ ਕਿ ਕੌਮ ਦੇ ਘਾਤਕ ਨ ਬਣੋ। ''ਸਿੱਖ ਇਕ ਸੁੰਤੰਤਰ ਧਰਮ ਹੈ । ਸਿੱਖ ਪੰਥ ਹਿੰਦੂ ਧਰਮ ਵਿਚੋਂ ਨਹੀਂ ਹੈ। ਇਸ ਲਈ ਹਿੰਦੂ ਧਰਮ ਸਿੱਖ ਧਰਮ ਨੂੰ ਨਿਗਲਣ ਦੀ ਕੋਸ਼ਿਸ਼ ਕਰ ਰਿਹਾ ਹੈ । ਹਿੰਦੂ ਧਰਮ ਸਿੱਖ ਧਰਮ ਦਾ ਵੱਡਾ ਦੁਸ਼ਮਣ ਹੈ । ਉਹ ਭਾਰਤੀ ਜੰਗਲ ਦੇ ਉਸ ਅਜਗਰ ਸਮਾਨ ਹੈ, ਜੋ ਛੋਟੇ ਛੋਟੇ ਦੁਸ਼ਮਣ ਪ੍ਰਾਣੀਆਂ ਨੂੰ ਪਹਿਲਾਂ ਆਪਣੀ ਲਪੇਟ ਵਿਚ ਸਮਾਂ ਲੈਂਦਾ ਹੈ, ਫਿਰ ਆਪਣੀ ਜਕੜ ਨਾਲ ਕੱਸ ਕੇ ਉਸ ਨੂੰ ਕੁਚਲ ਦਿੰਦਾ ਹੈ ਅਤੇ ਅੰਤ ਉਸ ਨੂੰ ਆਪਣੇ ਵਿਸ਼ਾਲ ਪੇਟ ਵਿਚ ਸਮਾ ਲੈਂਦਾ ਹੈ, ਇਸ ਲਈ ਸਿੱਖਾਂ ਦਾ ਸਭ ਤੋਂ ਵੱਡਾ ਦੁਸ਼ਮਣ ਹਿੰਦੂ ਧਰਮ ਹੈ।''

**ਲੇਖਕ : ਡਾ. ਪੂਰਨ ਸਿੰਘ, 778-998-5733**

ਮੈਕਾਲਿਖ਼ (ਅੰਗਰੇਜ਼ ਇਤਿਹਾਸਕਾਰ) ''ਹਿੰਦੂਮੱਤ ਮੁੱਢ ਤੋਂ ਹੀ ਸਿੱਖੀ ਦਾ ਦੁਸ਼ਮਣ ਚਲਿਆ ਆਉਂਦਾ ਹੈ ਕਿਉਂਕਿ ਸਿੱਖ ਗੁਰੂਆਂ ਨੇ ਜਾਤ-ਪਾਤ ਜੋ ਕਿ ਬ੍ਰਾਹਮਣੀ ਮੱਤ ਦੀ ਅਧਾਰਸ਼ਿਲਾ ਹੈ, ਦੀ ਭਰਪੂਰ ਤੇ ਸਫਲ ਵਿਰੋਧਤਾ ਕੀਤੀ ਹੈ। ਇਸ ਕਾਰਨ ਹਿੰਦੂਆਂ ਦੀ ਇਹ ਨਿਸ਼ਚਿਤ ਨੀਤੀ ਚਲੀ ਆਉਂਦੀ ਹੈ ਕਿ ਸਿੱਖ ਧਰਮ ਦਾ ਵਿਨਾਸ਼ ਕੀਤਾ ਜਾਵੇ ਅਤੇ ਉਹ ਆਪਣੇ ਬੱਚਿਆਂ ਨੂੰ ਸਿੱਖੀ ਗ੍ਰਹਿਣ ਕਰਨ ਤੋਂ ਵੀ ਰੋਕਦੇ ਹਨ ਅਤੇ ਸਿੱਖ ਮਾਪਿਆਂ ਦੇ ਬੱਚਿਆਂ ਨੂੰ ਅੰਮ੍ਰਿਤ ਛੱਕ ਕੇ ਤਿਆਰ-ਬਰ-ਤਿਆਰ ਖਾਲਸਾ ਬਣਨੋਂ ਵੀ ਰੋਕਦੇ ਹਨ। ਜਿਹੜੇ ਸਿੱਖੀ ਗ੍ਰਹਿਣ ਕਰ ਚੁੱਕੇ ਹਨ ਅਤੇ ਜੋ ਅੰਮ੍ਰਿਤਧਾਰੀ ਸਿੰਘ ਹਨ, ਉਨ੍ਹਾਂ ਨੂੰ ਹਿੰਦੂ ਹਰ ਪ੍ਰਕਾਰ ਦੇ ਹੀਲੇ ਤੇ ਲਾਲਚ ਵਰਤ ਕੇ ਸਿੱਖੀ ਤੋਂ ਪਤਿਤ ਕਰਨ ਲਈ ਸਦੀਵ ਤਤਪਰ ਰਹਿੰਦੇ ਹਨ। ਹਿੰਦੂ ਮਤ ਨੇ ਬੁੱਧ ਮੱਤ ਦਾ ਗਲਾ ਘੁੱਟ ਕੇ ਉਸ ਨੂੰ ਮਾਰ ਮੁਕਾਇਆ ਹੈ ਅਤੇ ਹਿੰਦੂ, ਸਿੱਖਾਂ ਦਾ ਵਿਨਾਸ਼ ਕਰਨ ਵਿਚ ਬਹੁਤ ਹੱਦ ਤੱਕ ਸਫਲ ਹੋ ਚੁੱਕੇ ਹਨ''।(11 ਅਗਸਤ 1911) (ਡੀ.ਸੀ. ਮੁੱਖੀ ਭਾਰਤ ਸਰਕਾਰ) ਸਾਨੂੰ ਸੁਚੇਤ ਹੋਣਾ ਪਵੇਗਾ, ਤਾਹੀਓਂ ਅਸੀਂ ਗੁਰੂ ਸਾਹਿਬਾਨਾਂ ਵਲੋਂ ਦਿੱਤੇ ਸੰਦੇਸ਼ਾਂ ਨੂੰ ਦ੍ਰਿੜ ਕਰਕੇ ਆਪਣੀ ਖਾਲਸਾ ਕੌਮ ਦੀ ਵਿਲੱਖਣ ਪਹਿਚਾਨ ਨੂੰ ਕਾਇਮ ਰੱਖ ਸਕਦੇ ਹਾਂ। ਜੋ ਸਿੱਖੀ ਭੇਖ'ਚ ਨੇਤਾ ਲੋਕ ਅਣਮਤਾਂ ਦੇ ਕਰਮ ਕਾਂਡ, ਵਹਿਮ ਭਰਮ ਤੇ ਬੁਤ-ਪੂਜਾ ਜਾਂ ਹਵਨ ਆਦਿ ਸ਼ਰੇਆਮ ਕਰ ਰਹੇ ਹਨ, ਉਨ੍ਹਾਂ ਵਿਕਾਊ ਤੇ ਧੋਖੇਬਾਜ਼ਾਂ ਨੂੰ ਸਿੱਖੀ ਤੋਂ ਖਾਰਜ਼ ਕਰਨਾ ਚਾਹੀਦਾ ਹੈ । ਜੇ ਇੰਝ ਨਹੀਂ ਹੋ ਰਿਹਾ, ਤਾਂ ਸਾਡੇ ਵਲੋਂ ਸ਼ਤਾਬਦੀਆਂ ਜਾਂ ਗੁਰੂ ਸਾਹਿਬਾਨਾਂ ਦੇ ਗੁਰਪੁਰਬ ਮਨਾਉਣਾ ਸ਼ੋਭਦਾ ਨਹੀਂ ਜੇ ਅਸੀਂ ਉਨ੍ਹਾਂ ਵਲੋਂ ਦਿੱਤੇ ਸੰਦੇਸ਼ਾਂ ਨੂੰ ਨਹੀਂ ਮੰਨਦੇ ।






# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਸ ਰੂਪ 'ਖ਼ਾਲਸਾ'

**ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼**

ਸਾਹਿਬ-ਏ-ਕਮਾਲਿ, ਨੂਰ-ਏ-ਇਲਾਹੀ, ਬਾਦਸ਼ਾਹ ਦਰਵੇਸ਼, ਸਰਬੰਸਦਾਨੀ, ਨਾਸਰੋ-ਮਨਸੂਰ ਦਸਮ ਪਿਤਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖ ਲਹਿਰ ਦਾ ਇਕ ਅਜਿਹਾ ਸਿਖ਼ਰ ਸਨ, ਜਿਨ੍ਹਾਂ ਦੀ ਸ਼ਖ਼ਸੀਅਤ ਵਿਚ ਇਕੋ ਸਮੇਂ ਬੇਅੰਤ ਗੁਣਾਂ ਦਾ ਅਕਸ ਸਮਾਇਆ ਪਿਆ ਹੈ। ਉਹ ਮਿਕਨਾਤੀਸ਼ੀ ਸ਼ਖ਼ਸੀਅਤ, ਅਕਾਲ ਪੁਰਖ ਦੀ ਪ੍ਰਤੱਖ ਜੋਤ, ਜਿਸ ਵਿਚੋਂ ਫ਼ਕੀਰੀ ਅਤੇ ਬਾਦਸ਼ਾਹੀ ਇਕੋ ਸਮੇਂ ਝਲਕਦੀ ਹੈ। ਉਹ ਬਾਗ਼ੀ ਵੀ ਹੈ ਤੇ ਬੈਰਾਗੀ ਵੀ। ਕਵੀ ਵੀ ਹੈ ਤੇ ਤਲਵਾਰ ਦਾ ਧਨੀ ਵੀ। ਸੰਤ ਵੀ ਤੇ ਸਿਪਾਹੀ ਵੀ। ਜਦ ਉਹ ਸਿੰਘਾਸਣ 'ਤੇ ਬਿਰਾਜਦੇ ਹਨ ਉਨ੍ਹਾਂ ਜੇਵਡ ਬਾਦਸ਼ਾਹ ਕੋਈ ਨਹੀਂ, ਤੇ ਜਦ ਉਹ ਕਰਮ ਭੂਮੀ 'ਤੇ ਤੁਰਦੇ ਹਨ ਤਾਂ ਉਨ੍ਹਾਂ ਤੁਲ ਦਰਵੇਸ਼ ਵੀ ਕੋਈ ਨਹੀਂ ਹੈ।

ਜਦੋਂ ਵੀ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਲਾਹੀ ਜੀਵਨ ਦੀ ਗੱਲ ਤੁਰਦੀ ਹੈ ਤਾਂ, ਖ਼ਾਲਸੇ ਦੀ ਸਿਰਜਣਾ ਉਨ੍ਹਾਂ ਦੇ ਜੀਵਨ ਦੀ ਉਚਤਮ, ਅਗੰਮੀ ਅਤੇ ਨਿਰੰਕਾਰ ਅਵਸਥਾ ਦੀ ਸਭ ਤੋਂ ਵੱਡੀ ਮਿਸਾਲ ਬਣ ਕੇ ਸਾਹਮਣੇ ਆਏ। ਜੇਕਰ ਗੁਰੂ ਸਾਹਿਬ ਦੇ ਜੀਵਨ ਦੀਆਂ ਉਚਤਮ ਅਵਸਥਾਵਾਂ ਨੂੰ ਸਮਝਣਾ ਹੈ ਤਾਂ ਸਾਨੂੰ ਖ਼ਾਲਸੇ ਦੀ ਸ਼ਖ਼ਸੀਅਤ ਦੇ ਦਰਸ਼ਨ ਕਰਨੇ ਪੈਣਗੇ। ਖ਼ਾਲਸਾ, ਗੁਰੂ ਗੋਬਿੰਦ ਸਿੰਘ ਜੀ ਦਾ ਖ਼ਾਸ ਰੂਪ, ਜਿਸ ਵਿਚੋਂ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਆਚਾਰ ਦੇ ਪ੍ਰਤੱਖ ਦਰਸ਼ਨ ਹੋ ਸਕਦੇ ਹਨ। ਪਰ ਸਾਨੂੰ ਖ਼ਾਲਸੇ ਨੂੰ ਸਮਝਣ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵਿਅਕਤੀਤਵ ਨੂੰ ਸਮਝਣਾ ਤੇ ਜਾਣਨਾ ਪਵੇਗਾ।

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀਆਂ ਵੱਖ-ਵੱਖ ਪੱਧਤੀਆਂ, ਉਚਤਮ ਆਚਾਰ ਅਤੇ ਪੱਖਾਂ ਤੋਂ ਜਾਣੂ ਹੋਣ ਲਈ ਭਾਈ ਨੰਦ ਲਾਲ ਜੀ ਸਾਡੇ ਕੋਲ ਮੁੱਢਲਾ ਸਰੋਤ ਹਨ। ਭਾਈ ਨੰਦ ਲਾਲ ਜੀ ਗੁਰੂ ਸਾਹਿਬ ਦੀ ਸਰਬਪੱਖੀ ਮਾਨਵਤਾ ਦੇ ਰਹਿਬਰ ਦੀ ਤਸਵੀਰ ਨੂੰ 'ਤੋਸੀਫ਼ੋਸਨਾ' ਗ੍ਰੰਥ ਵਿਚ ਬਿਆਨ ਕਰਦੇ ਹਨ। ਭਾਈ ਨੰਦ ਲਾਲ ਜੀ ਫ਼ਾਰਸੀ ਭਾਸ਼ਾ ਵਿਚ 53 ਬੰਦਾਂ ਦੇ ਗ੍ਰੰਥ ਵਿਚ ਗੁਰੂ ਸਾਹਿਬ ਦੀ ਉਸਤਤਿ ਕਰਦੇ ਹਨ। ਉਨ੍ਹਾਂ ਅਨੁਸਾਰ ਗੁਰੂ ਗੋਬਿੰਦ ਸਿੰਘ ਅਕਾਲ ਪੁਰਖ ਦੁਆਰਾ ਇਸ ਯੁੱਗ ਵਿਚ ਭੇਜੇ ਵਿਸ਼ੇਸ਼ ਦੈਵੀ ਦੂਤ ਸਨ। ਉਨ੍ਹਾਂ ਵਿਚੋਂ ਇਕੋ ਸਮੇਂ ਫ਼ਕੀਰੀ ਅਤੇ ਬਾਦਸ਼ਾਹੀ ਝਲਕਦੀ ਸੀ। ਗੁਰੂ ਸਾਹਿਬ ਸਹੀ ਅਰਥਾਂ ਵਿਚ ਅਜਿਹੇ ਇਕੋ-ਇਕ ਪੈਗੰਬਰ ਸਨ, ਜਿਨ੍ਹਾਂ ਦੀ ਰੂਹਾਨੀ ਸ਼ਖ਼ਸੀਅਤ ਦੀ ਸਿਫ਼ਤ ਵਿਚ ਸਿੱਖ ਹੀ ਨਹੀਂ, ਅੰਗਰੇਜ਼ ਮੁਸਲਮਾਨ ਅਤੇ ਹਿੰਦੂ ਇਤਿਹਾਸਕਾਰਾਂ ਨੇ ਵੀ ਬੇਅੰਤ ਵਰਣਨ ਕੀਤਾ ਹੈ।

ਅੰਗਰੇਜ਼ ਇਤਿਹਾਸਕਾਰ ਜੇ.ਡੀ. ਕਨਿੰਘਮ ਲਿਖਦੇ ਹਨ : "ਗੁਰੂ ਗੋਬਿੰਦ ਸਿੰਘ ਸਾਹਿਬ ਇਕ ਨਿਡਰ, ਦਲੇਰ, ਨਿਯਮਬੱਧ ਢੰਗ ਨਾਲ ਕੰਮ ਕਰਨ ਵਾਲੇ ਸਿਆਣੇ ਵਿਅਕਤੀ ਸਨ, ਜਿਨ੍ਹਾਂ ਨੇ ਆਮ ਸੰਸਾਰ ਦੀ ਡਿੱਗਦੀ ਹੋਈ ਹਾਲਤ ਨੂੰ ਸਮਝਿਆ। ਉਨ੍ਹਾਂ ਨੇ ਜ਼ਬਰ-ਜ਼ੁਲਮ ਦਾ ਮੁਕਾਬਲਾ ਕੀਤਾ। ਮਨੁੱਖਾਂ ਵਿਚ ਮੌਜੂਦ ਅੰਤਰਮੁਖੀ ਸ਼ਕਤੀਆਂ ਨੂੰ ਉਜਾਗਰ ਕਰਨ ਲਈ ਆਗੂ ਅਤੇ ਗੁਰੂ ਦੀ ਜ਼ਿੰਮੇਵਾਰੀ ਨੂੰ ਸਮੇਂ ਸਿਰ ਨਿਭਾਇਆ। ਗੁਰੂ ਦੀ ਸ਼ਖ਼ਸੀਅਤ ਨੂੰ ਪ੍ਰਾਚੀਨ ਵਿਦਵਾਨਾਂ, ਸੰਤਾਂ ਅਤੇ ਨਾਇਕਾਂ ਦੀ ਲੜੀ ਵਿਚ ਰੱਖ ਕੇ ਵੀ ਸਮਝਿਆ ਜਾ ਸਕਦਾ ਹੈ।" ਕਨਿੰਘਮ ਨੇ ਖ਼ਾਲਸੇ ਦੀ ਸਿਰਜਣਾ ਨੂੰ ਗੁਰੂ ਸਾਹਿਬ ਦੁਆਰਾ ਕੀਤੀ ਗਈ ਇਕ ਵਿਸ਼ੇਸ਼ ਪ੍ਰਾਪਤੀ ਦੱਸਿਆ ਹੈ। ਖ਼ਾਲਸੇ ਦੀ ਸਿਰਜਣਾ ਕਰਕੇ ਉਨ੍ਹਾਂ ਨੇ ਹਾਰ ਵਾਲੀ ਮਾਨਸਿਕਤਾ ਵਿਚ ਜਿਊਣ ਵਾਲੇ ਲੋਕਾਂ ਅੰਦਰ ਬਹਾਦਰੀ ਅਤੇ ਕੌਮੀ ਗੌਰਵ ਦੇ ਉਚੇ ਆਦਰਸ਼ਾਂ ਨੂੰ ਭਰ ਦਿੱਤਾ। ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਵਿਸ਼ਵ ਅਤੇ ਭਾਰਤੀ ਸਮਾਜ ਦੀ ਮਨੁੱਖੀ ਸੱਚਾਈ ਅਤੇ ਮਨੁੱਖੀ ਆਜ਼ਾਦੀਆਂ ਦੀ ਲੜੀ ਵਿਚ ਰੱਖ ਕੇ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਬਹਾਦਰੀ, ਜ਼ਬਰ-ਜ਼ੁਲਮ ਕਰਨ ਵਾਲੇ ਲੋਕਾਂ ਉਤੇ ਫ਼ਤਿਹ ਪ੍ਰਾਪਤ ਕਰਕੇ ਅਤੇ ਸਮਾਜ ਨੂੰ ਇਕ ਠੋਸ ਅਗਵਾਈ ਦੇਣ ਵਾਲੇ ਵਗਦੇ ਦਰਿਆ ਦੀ ਵਿਸ਼ਾਲਤਾ ਵਾਂਗ ਹੀ ਗੁਰੂ ਸਾਹਿਬ ਨੇ ਸਦੀਆਂ ਤੋਂ ਲਿਤਾੜੇ ਜਾ ਰਹੇ ਸਮਾਜ ਨੂੰ ਸਵੈਮਾਣ ਨਾਲ ਜਿਊਣ ਦੀ ਜਾਚ ਦੱਸੀ। ਅਜਿਹੀ ਆਗੂ ਸ਼ਖ਼ਸੀਅਤ ਦੇ ਇਤਿਹਾਸ ਵਿਚ ਘੱਟ ਹੀ ਹੋਰ ਸਾਨੀ ਮਿਲਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੇ ਕੁਝ ਵਿਸ਼ੇਸ਼ ਗੁਣਾਂ ਦਾ ਬਿਆਨ ਕਰਦਿਆਂ ਪ੍ਰਸਿੱਧ ਮੁਸਲਮਾਨ ਇਤਿਹਾਸਕਾਰ ਸਈਅਦ ਮੁਹੰਮਦ ਲਿਖਦੇ ਹਨ ਕਿ, "ਉਹ ਸੰਯੁਕਤ ਖ਼ੂਬੀਆਂ ਦਾ ਅਜਿਹਾ ਮੁਜੱਸਮਾ ਸਨ, ਜਿਸ ਵਿਚ ਇਕੋ ਸਮੇਂ ਧਾਰਮਿਕ ਨੇਤਾ ਤੇ ਯੋਧੇ ਵਾਲੇ ਸਾਰੇ ਗੁਣ ਸਨ। ਉਹ ਨਿਆਂਪਸੰਦ ਆਗੂ ਵੀ ਸਨ, ਯੁੱਧ ਭੂਮੀ ਵਿਚ ਉਹ ਇਕ ਜੇਤੂ ਜਰਨੈਲ ਸਨ, ਰੂਹਾਨੀ ਤਖ਼ਤ 'ਤੇ ਬਿਰਾਜ਼ਮਾਨ ਹੁੰਦਿਆਂ ਉਹ ਬਾਦਸ਼ਾਹ ਸਨ ਅਤੇ ਸਮਾਜਿਕ ਜੀਵਨ ਵਿਚ ਉਹ ਇਕ ਫ਼ਕੀਰ ਸਨ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਤਿੰਨ ਕੁ ਦਹਾਕਿਆਂ ਦੀ ਸਰਗਰਮ ਜ਼ਿੰਦਗੀ ਵਿਚ ਮਨੁੱਖਤਾ ਨੂੰ ਇੰਨੀ ਵੱਡੀ ਦੇਣ ਦਿੱਤੀ, ਜਿਸ ਦਾ ਅੰਦਾਜ਼ਾ ਲਾਉਣਾ ਮਨੁੱਖ ਲਈ ਰਹਿੰਦੀ ਦੁਨੀਆ ਤੱਕ ਵੀ ਅਸੰਭਵ ਹੈ। ਉਨ੍ਹਾਂ ਗੁਣਾਂ ਦਾ ਖ਼ਜ਼ਾਨਾ ਹੁੰਦਿਆਂ ਸਮਾਜ ਨੂੰ ਕੀ ਦੇਣ ਦਿੱਤੀ ਤੇ ਉਸ ਦੇਣ ਤੋਂ ਸਿੱਖ ਪੰਥ ਤੇ ਮਨੁੱਖਤਾ ਕੀ ਲਾਭ ਪ੍ਰਾਪਤ ਕਰ ਸਕਦੇ ਹਨ, ਇਸ ਦੀ ਪੂਰਨ ਰੂਪ ਵਿਚ ਵਿਆਖਿਆ ਖੁਦ ਖ਼ਾਲਸਾ ਪੰਥ ਨੇ ਹਾਲੇ ਤੱਕ ਨਹੀਂ ਕੀਤੀ।

ਪ੍ਰਸਿੱਧ ਇਤਿਹਾਸਕਾਰ ਹਰੀ ਰਾਮ ਗੁਪਤਾ ਗੁਰੂ ਸਾਹਿਬ ਦੀ ਸ਼ਖ਼ਸੀਅਤ ਬਾਰੇ ਬਿਆਨ ਕਰਦਿਆਂ ਆਪਣੀ ਪੁਸਤਕ 'ਹਿਸਟਰੀ ਆਫ਼ ਦ ਸਿੱਖਸ ਭਾਗ-1' ਵਿਚ ਗੁਰੂ ਸਾਹਿਬ ਨੂੰ ਇਕ ਸੱਚੇ ਯੋਗੀ, ਮਨੁੱਖਾਂ ਦੇ ਇਕ ਕਿਰਿਆਸ਼ੀਲ ਆਗੂ, ਇਕ ਸੰਤ, ਇਕ ਮਹਾਨ ਮਿਲਟਰੀ ਜਨਰਲ ਅਤੇ ਇਕ ਕਵੀ ਦੇ ਰੂਪ ਵਿਚ ਵੇਖਦੇ ਹਨ, ਜਿਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਭਾਰਤੀ ਇਤਿਹਾਸ ਉਤੇ ਡੂੰਘੀ ਛਾਪ ਛੱਡਦੀਆਂ ਹਨ। ਉਨ੍ਹਾਂ ਦੀ ਮਹਾਨ ਕਰਨੀ ਸਾਡੇ ਵਿਚ ਨਵਾਂ ਜੋਸ਼ ਭਰਦੀ ਹੈ, ਕਿਉਂ ਜੋ ਉਨ੍ਹਾਂ ਨੇ ਦ੍ਰਿੜਤਾ ਨਾਲ ਕਿਹਾ ਸੀ ਕਿ ਜਦੋਂ ਤੱਕ ਉਹ ਚਿੜੀਆ ਤੋਂ ਬਾਜ਼ਾਂ ਦਾ ਮੁਕਾਬਲਾ ਨਹੀਂ ਕਰਵਾਉਂਦੇ,ਪ੍ਰਦੋਂ ਹੀ ਉਹ ਗੁਰੂ ਗੋਬਿੰਦ ਸਿੰਘ ਕਹਾਉਣ ਦੇ ਹੱਕਦਾਰ ਹੋਣਗੇ।

ਗੁਰੂ ਸਾਹਿਬ ਖ਼ਾਲਸੇ ਦੀ ਸ਼ਖ਼ਸੀਅਤ ਦਾ ਖੁਦ ਬਿਆਨ ਕਰਦੇ ਇਸ ਨੂੰ "ਹਉਂ ਖ਼ਾਲਸੇ ਕਾ ਖ਼ਾਲਸਾ ਮੇਰੋ, ਓਤ ਪੋਤ ਸਾਗਰ ਬੂੰਦੇਰੋ" ਕਹਿੰਦੇ ਹਨ ਤਾਂ ਉਹ ਖ਼ਾਲਸੇ ਦੀ ਸਮੂਹਿਕਤਾ ਦੀ ਸ਼ਖ਼ਸੀਅਤ ਵਿਚ ਇਸ ਤਰ੍ਹਾਂ ਸਮੋਏ ਤੇ ਗੁੰਦੇ ਹੋਏ ਹਨ ਕਿ ਖ਼ਾਲਸਾ ਸਮੂਹਿਕਤਾ ਵਿਚੋਂ ਉਨ੍ਹਾਂ ਦੀ ਸ਼ਖ਼ਸੀਅਤ ਨੂੰ ਅੱਡ ਕੀਤਾ ਹੀ ਨਹੀਂ ਜਾ ਸਕਦਾ। ਗੁਰੂ ਸਾਹਿਬ ਨੇ ਖ਼ਾਲਸਾ ਪੰਥ ਨੂੰ ਆਪਣੀ ਵੱਖਰੀ ਹੋਂਦ, ਸ਼ਖਸੀਅਤ ਅਤੇ ਕਿਰਿਆਸ਼ੀਲਤਾ ਦਾ ਨਿਆਰਾਪਣ ਰੱਖਣ ਦੇ ਉਪਦੇਸ਼ ਵਿਚ ਇਹ ਵੀ ਦ੍ਰਿੜ ਕਰਵਾਇਆ ਕਿ ਜਦੋਂ ਤੱਕ ਖ਼ਾਲਸਾ ਆਪਣੀ ਨਿਵੇਕਲੀ ਪਛਾਣ ਬਣਾ ਕੇ ਰੱਖੇਗਾ ਅਤੇ ਉਲਟ ਵਿਚਾਰਾਂ ਦਾ ਧਾਰਨੀ ਨਹੀਂ ਹੋਵੇਗਾ, ਉਦੋਂ ਤੱਕ ਉਹ ਆਪਣਾ ਤੇਜ਼-ਪ੍ਰਤਾਪ, ਸ਼ਕਤੀ ਅਤੇ ਬਖ਼ਸ਼ਿਸ਼ਾਂ ਖ਼ਾਲਸਾ ਪੰਥ ਨੂੰ ਪ੍ਰਦਾਨ ਕਰਦੇ ਰਹਿਣਗੇ। ਇਹ ਗੁਰੂ ਸਾਹਿਬ ਵਲੋਂ ਸਿੱਖ ਪੰਥ ਨੂੰ ਦਿੱਤਾ ਗਿਆ ਸਪੱਸ਼ਟ ਦਿਸ਼ਾ-ਨਿਰਦੇਸ਼ ਸੀ, ਜਿਸ ਦੀ ਪਾਲਣਾ ਕਰਦਿਆਂ ਹੀ ਇਕ ਸਿੱਖ ਦਾ ਜੀਵਨ ਪੰਧ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦੀ ਸ਼ਖ਼ਸੀਅਤ ਨਾਲ ਇਕ-ਮਿੱਕ ਹੋ ਸਕਦਾ ਹੈ, ਅਤੇ ਇਹ ਖ਼ਾਲਸਾ ਹੀ ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਅਤੇ ਆਚਾਰ ਦਾ ਬਿੰਬ ਹੈ।

ਵੱਖ-ਵੱਖ ਇਤਿਹਾਸਕ ਸਰੋਤਾਂ ਤੋਂ ਗੁਰੂ ਸਾਹਿਬ ਦੇ ਵਿਅਕਤੀਤਵ ਨੂੰ ਜਾਣਨ ਤੋਂ ਬਾਅਦ ਸਾਡੇ ਅੰਦਰ ਉਤਸੁਕਤਾ ਪੈਦਾ ਹੋਵੇਗੀ ਕਿ ਅੱਜ ਖ਼ਾਲਸਾ ਪੰਥ 'ਚੋਂ ਕਿਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੇ ਦਰਸ਼ਨ ਹੋ ਸਕਦੇ ਹਨ? ਸਿੱਖ ਵਿਦਵਾਨ ਅਤੇ ਦਾਰਸ਼ਨਿਕ ਗੁਰਪੁਰਵਾਸੀ ਸਿਰਦਾਰ ਕਪੂਰ ਸਿੰਘ ਨੇ ਖ਼ਾਲਸੇ ਦੀ ਹੋਂਦ ਦੇ ਮੁੱਢਲੇ ਆਧਾਰਾਂ ਬਾਰੇ ਬਹੁਤ ਸਪੱਸ਼ਟਤਾ ਨਾਲ ਲਿਖਿਆ ਹੈ ਕਿ ਜਦੋਂ ਇਕ ਸਿੱਖ ਗੁਰਮਤਿ ਮਾਰਗ ਉਤੇ ਚੱਲਦਿਆਂ ਵਿਸ਼ੇਸ਼ ਮੰਜ਼ਲ ਨੂੰ ਪ੍ਰਾਪਤ ਕਰਦਾ ਹੈ, ਤਦ ਹੀ ਉਹ ਗੁਰੂ ਗੋਬਿੰਦ ਸਿੰਘ ਦੇ ਖ਼ਾਲਸਾ ਪਰਿਵਾਰ ਦਾ ਹਿੱਸਾ ਬਣਨ ਦੇ ਯੋਗ ਹੁੰਦਾ ਹੈ। ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਖ਼ਾਲਸੇ ਰਾਹੀਂ ਅਤੇ ਖ਼ਾਲਸੇ ਦੁਆਰਾ ਗੁਰੂ ਗੋਬਿੰਦ ਸਿੰਘ ਜੀ ਬਾਰੇ ਜਾਨਣਾ, ਆਪਸ ਵਿਚ ਇਕਮਿੱਕ ਹੋਇਆ ਸਿੱਖੀ ਮਾਰਗ ਦਾ ਮੂਲ ਨਿਚੋੜ ਹੈ। ਸਿਰਦਾਰ ਕਪੂਰ ਸਿੰਘ ਦੇ ਇਹ ਵਿਚਾਰ ਸਾਨੂੰ ਇਹ ਸਪੱਸ਼ਟ ਕਰਨ ਦਾ ਯਤਨ ਕਰਦੇ ਹਨ ਕਿ ਇਕ ਸਿੱਖ ਖੰਡੇ ਬਾਟੇ ਦੀ ਪਾਹੁਲ ਛਕਦਿਆਂ ਕਿਵੇਂ ਵਿਸ਼ੇਸ਼ ਰੂਹਾਨੀ ਅਵਸਥਾ ਅਤੇ ਸੱਚਾਈ ਪ੍ਰਾਪਤ ਕਰਦਾ ਹੋਇਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਰੂਪ (ਖ਼ਾਲਸਾ) ਹੋ ਨਿਬੜਦਾ ਹੈ। ਸੋ, ਖ਼ਾਲਸਾ ਸਿਧਾਂਤ, ਸੰਸਥਾ ਤੇ ਸੰਗਠਨ ਨੂੰ ਸਮਝ ਕੇ ਹੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਸਮਝਿਆ ਜਾ ਸਕਦਾ ਹੈ।

ਅੱਜ ਦੁਨੀਆ ਭਰ 'ਚ ਕਰੋੜਾਂ ਦੀ ਗਿਣਤੀ ਰੱਖਣ ਦੇ ਬਾਵਜੂਦ ਸਾਡੇ ਵਿਚੋਂ ਕਿੰਨੇ ਕੁ ਸਿੱਖ ਹਨ ਜਿਹੜੇ ਉਨ੍ਹਾਂ ਵਿਚ ਸ਼ਾਮਲ ਹਨ, ਜਿਹੜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ 'ਖ਼ਾਲਸਾ ਮੇਰੋ ਰੂਪ ਹੈ ਖ਼ਾਸ, ਖ਼ਾਲਸੇ ਮਹਿ ਹਓ ਕਰਉ ਨਿਵਾਸੁ' ਦੇ ਦਿੱਤੇ ਮਾਣ ਦੇ ਪਾਤਰ ਹਨ।

ਜਿਸ ਸ਼ਖ਼ਸੀ ਰਹਿਣੀ-ਬਹਿਣੀ ਅਤੇ ਆਚਾਰ ਤੋਂ ਸਾਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖ਼ਸੀਅਤ ਦੇ ਝਲਕਾਰੇ ਪੈਂਦੇ ਹੋਣ, ਅੱਜ ਉਹ ਖ਼ਾਲਸੇ ਦਾ ਨਿਆਰਾਪਣ ਕਿਥੇ ਗਿਆ? ਇਹ ਸਮੁੱਚੀ ਸਿੱਖ ਕੌਮ ਲਈ ਚਿੰਤਨ ਦਾ ਵਿਸ਼ਾ ਹੈ। ਇਸੇ ਨਿਆਰੇਪਣ ਨੂੰ ਵਿਸਾਰਨ ਸਦਕਾ ਹੀ ਅੱਜ ਖ਼ਾਲਸਾ ਪੰਥ ਨੂੰ ਵਿਸ਼ਵਵਿਆਪੀ ਖੁਆਰੀਆਂ ਨਾਲ ਜੂਝਣਾ ਪੈ ਰਿਹਾ ਹੈ। ਗੁਰੂ ਸਾਹਿਬ ਨੇ ਸਪੱਸ਼ਟ ਤਾਂ ਕਿਹਾ ਹੈ ਕਿ :

*'ਜਬ ਇਹ ਗਹੈ ਬਿਪਰਨੁ ਕੀ ਰੀਤ*
*ਮੈ ਨ ਕਰਉ ਇਨ ਕੀ ਪਰਤੀਤਿ।"*

ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾਉਣੇ ਅਤੇ ਪ੍ਰਕਾਸ਼ ਦਿਹਾੜਿਆਂ ਮੌਕੇ ਆਤਿਸ਼ਬਾਜੀਆਂ, ਨਗਰ ਕੀਰਤਨ ਅਤੇ ਧਾਰਮਿਕ ਸਮਾਗਮ, ਬੱਸ ਇਥੋਂ ਤੱਕ ਹੀ ਸੀਮਤ ਰਹਿ ਗਈ ਹੈ ਸਾਡੇ ਅੰਦਰ ਗੁਰੂ ਦੀ ਪ੍ਰਤੀਤ। ਸਾਨੂੰ ਆਪਣੇ ਗੁਰੂ ਪਿਤਾ ਦੀ ਸਿਮਰਤੀ ਵਿਚ ਅੱਜ ਆਪਣੀ ਸਥਿਤੀ ਵੱਲ ਵੀ ਝਾਤ ਮਾਰਨੀ ਚਾਹੀਦੀ ਹੈ। ਕੀ ਅਸੀਂ ਦਸਮ ਪਿਤਾ ਦੇ ਸਾਜੇ ਖ਼ਾਲਸਾ ਪੰਥ ਦੇ ਮੈਂਬਰ ਕਹਾਉਣ ਦੇ ਇਖ਼ਲਾਕੀ ਹੱਕਦਾਰ ਹਾਂ? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਖ਼ਸ਼ੇ ਖ਼ਾਲਸਾ ਜੀਵਨ ਜਾਚ ਦੇ ਗੁਣ ਸਾਡੇ 'ਚ ਹਨ? ਕਿਉਂ ਅਸੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਦਿੱਤੇ ਸਪੱਸ਼ਟ ਆਦੇਸ਼ਾਂ ਦੇ ਬਾਵਜੂਦ ਉਨ੍ਹਾਂ ਦੇ ਆਦੇਸ਼ਾਂ ਦੀ ਅਵੱਗਿਆ ਕਰ ਰਹੇ ਹਾਂ? ਆਓ! ਅੱਜ ਦੇ ਦਿਹਾੜੇ ਅਸੀਂ ਆਪਣੇ ਗਿਰੀਵਾਨ ਦੇ ਅੰਦਰ ਝਾਤੀ ਮਾਰੀਏ ਅਤੇ ਸਭ ਤੋਂ ਪਹਿਲਾਂ ਗੁਰੂ ਸਾਹਿਬ ਦੇ ਦਰਸਾਏ ਗੁਰਮਤਿ ਗਾਡੀਰਾਹ ਦੇ ਪਾਂਧੀ ਬਣਨ ਦੇ ਯਤਨ ਕਰੀਏ। ਇਹੀ ਸਾਡੀ ਗੁਰੂ ਸਾਹਿਬ ਪ੍ਰਤੀ ਸੱਚੀ ਸਿਮਰਤੀ ਹੋਵੇਗੀ।

# ਸਿੱਖ ਰਾਜ ਕਿਵੇਂ ਬਣਿਆ?

**ਲੇਖਕ : ਗਿ: ਸੋਹਨ ਸਿੰਘ 'ਸੀਤਲ'**




ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਕਿਸ਼ਤ - 52

## ਹਾਜ਼ਰ ਖਾਂ ਕੈਦ

ਅਗਲੇ ਦਿਨ ਖ਼ਵਾਜਾ ਮਿਰਜ਼ਾ 'ਤੇ ਮਰਹੱਟਿਆਂ ਨੇ ਹਮਲਾ ਕਰਕੇ ਮੀਰ ਹਾਜ਼ਰ ਖ਼ਾਂ ਸਣੇ ਫ਼ੌਜ ਫੜ ਲਿਆ।ਅਦੀਨਾ ਬੇਗ ਦੀ ਸਲਾਹ ਨਾਲ ਸਿੱਖਾਂ ਨੂੰ ਫੇਰ ਆਪਣੀ ਮਦਦ 'ਤੇ ਲੈ ਲਿਆ ਗਿਆ। ਸਿੱਖਾਂ ਤੋਂ ਮਰਹੱਟਿਆਂ ਨੇ ਤੈਮੂਰ ਤੇ ਜਹਾਨ ਖ਼ਾਂ ਨੂੰ ਝਨਾਂ 'ਤੇ ਜਾ ਘੇਰਿਆ। ਮਰਹੱਟੇ ਵੀਹ ਹਜ਼ਾਰ ਸਿੱਖ ਦਸ ਹਜ਼ਾਰ ਸਨ।

## ਝਨਾਂ ਕੰਢੇ ਲੜਾਈ

ਤੈਮੂਰ ਤੇ ਜਹਾਨ ਖ਼ਾਂ ਤਾਂ ਰਾਤ ਜਾਨ ਬਚਾ ਕੇ ਨੱਸ ਗਏ, ਪਰ ਉਹਨਾਂ ਦਾ ਡੇਰਾ ਸਿੱਖਾਂ ਤੇ ਮਰਹੱਟਿਆਂ ਲੁੱਟ ਲਿਆ। ਏਥੇ ਹਜ਼ਾਰਾਂ ਦੁਰਾਨੀ ਸਿਪਾਹੀ ਕਤਲ ਹੋਏ ਤੇ ਰਹਿੰਦੇ ਕੈਦੀ ਬਣਾ ਲਏ ਗਏ।

ਮਰਹੱਟਿਆਂ ਨੇ ਸਾਰਾ ਪੰਜਾਬ ਮੱਲ ਲਿਆ। ਦੂੱਜੇ ਪਾਸੇ ਮੁਲਤਾਨ ਤਕ ਉਹਨਾਂ ਦੀਆਂ ਫ਼ੌਜਾਂ ਜਾ ਪੁੱਜੀਆਂ। ਅਬਦਾਲੀ ਤੋਂ ਡਰਦੇ ਉਹ ਪੰਜਾਬ ਉੱਤੇ ਆਪਣਾ ਸਿੱਧਾ ਕਬਜ਼ਾ ਨਹੀਂ ਸਨ ਰਖਣਾ ਚਾਹੁੰਦੇ। ਉਹਨਾਂ ਮੁਲਤਾਨ, ਲਾਹੌਰ ਏਥੋਂ ਕੁਛ ਪਠਾਣਾਂ ਨੂੰ ਫੜ ਕੇ ਸਿੱਖ ਅੰਮ੍ਰਿਤਸਰ ਲੈ ਆਏ, ਤੇ ਜਹਾਨ ਖਾਂ ਦਾ ਪੂਰਿਆ ਹੋਇਆ ਸਰੋਵਰ ਉਹਨਾਂ ਤੋਂ ਸਾਫ਼ ਕਰਾਇਆ।

## ਮਰਹੱਟਿਆਂ ਪੰਜਾਬ ਅਦੀਨਾਬੇਗ ਨੂੰ ਦਿੱਤਾ

ਤੇ ਸਰਹਿੰਦ 75 ਲੱਖ ਸਾਲਾਨਾ ਬਦਲੇ ਅਦੀਨਾਬੇਗ ਨੂੰ ਦਿੱਤਾ ਤੇ ਉਸਨੂੰ ਨਵਾਬ ਦਾ ਖ਼ਿਤਾਬ ਬਖ਼ਸ਼ਿਆ। ਪੰਜ ਜੂਨ, 1758 ਈ: ਨੂੰ ਮਰਹੱਟੇ ਜਰਨੈਲ ਵਾਪਸ ਥਾਨੇਸਰ ਆ ਗਏ। ਏਸ ਗੜਬੜ ਦੇ ਸਮੇਂ ਸਿੱਖਾਂ ਨੇ ਆਪਣਿਆਂ ਇਲਾਕਿਆਂ ਵਿਚ ਥਾਂ-ਥਾਂ ਕੱਚੇ ਕਿਲੇ ਬਣਾ ਲਏ। ਉਹ ਜਾਣਦੇ ਸਨ, ਕਿ ਹੁਣ ਅਦੀਨਾਬੇਗ ਨਾਲ ਟੱਕਰ ਲੈਣੀ ਪਏਗੀ।

## ਅਦੀਨਾਬੇਗ ਦੀਨਾ ਨਗਰ

ਅਦੀਨਾਬੇਗ ਨੇ ਆਪਣੀ ਰਾਜਧਾਨੀ ਬਟਾਲੇ ਦੇ ਇਲਾਕੇ ਵਿਚ ਦੀਨਾ ਨਗਰ ਬਣਾ ਲਈ। ਉਹਨੇ ਆਪਣੇ ਮਾਤਹਿਤ ਲਾਹੌਰ ਵਿਚ ਖ਼ਵਾਜਾ ਮਿਰਜ਼ਾ ਖ਼ਾਂ (ਜੋ ਹੁਣ ਉਸਦਾ ਜਵਾਈ ਬਣ ਚੁੱਕਾ ਸੀ) ਨੂੰ ਸੂਬੇਦਾਰ ਤੇ (ਉਸ ਦੇ ਭਰਾ) ਖ਼ਵਾਜਾ ਸਦੀਕਖ਼ਾਂ ਨੂੰ ਨਾਇਬ ਥਾਪਿਆ। ਸਦੀਕਬੇਗ ਨੂੰ ਸਰਹਿੰਦ ਦਾ ਫ਼ੌਜਦਾਰ ਬਣਾਇਆ ਗਿਆ। ਮੁਰਾਦ ਬੇਗਮ ਅਦੀਨਾਬੇਗ ਨਾਲ ਬਟਾਲੇ ਚਲੀ ਗਈ।

## ਅਦੀਨਾਬੇਗ ਸਿੱਖਾਂ ਦਾ ਵੈਰੀ

ਪੰਜਾਬ ਦਾ ਹੁਕਮਰਾਨ ਬਣ ਕੇ ਅਦੀਨਾਬੇਗ ਨੇ ਸਭ ਤੋਂ ਪਹਿਲਾਂ ਸਿੱਖਾਂ ਨੂੰ ਖ਼ਤਮ ਕਰਨ ਦਾ ਇਰਾਦਾ ਕੀਤਾ। ਦਸ ਹਜ਼ਾਰ ਫ਼ੌਜ ਉਹਦੀ ਪੁਰਾਣੀ ਹੈਗੀ ਸੀ, ਤੇ ਕਈ ਹਜ਼ਾਰ ਨਵੀਂ ਹੋਰ ਭਰਤੀ ਕਰ ਲਈ। ਪੰਜਾਬ ਭਰ ਦੇ ਛੋਟੇ ਵੱਡੇ ਹਾਕਮ ਤੇ ਚੌਧਰੀ ਉਹਨੇ ਏਸ ਕੰਮ ਵਾਸਤੇ ਆਪਣੇ ਨਾਲ ਗੰਢ ਲਏ। ਸਿੱਖ ਵੀ ਏਸ ਚਾਲ ਨੂੰ ਤਾੜ ਗਏ ਤੇ ਬਹੁਤ ਸਾਰੇ ਦੀਨਾ ਨਗਰ ਦੇ ਉਦਾਲੇ ਆ ਕੱਠੇ ਹੋਏ। ਅਦੀਨਾਬੇਗ ਨੇ ਦੀਵਾਨ ਹੀਰਾ ਮੱਲ ਤੇ ਆਕਲ ਦਾਸ (ਜੰਡਿਆਲੀਆ) ਨੂੰ ਫੌਜ ਦੇ ਕੇਸਿੱਖਾਂ ਦੇ ਟਾਕਰੇ ਘੱਲਿਆ।

## ਕਾਦੀਆਂ ਦੀ ਲੜਾਈ

ਕਾਦੀਆਂ ਕੋਲ ਬੜੀ ਭਾਰੀ ਲੜਾਈ ਹੋਈ, ਜਿਸ ਵਿਚ ਹੀਰਾ ਮੱਲ ਮਾਰਿਆ ਗਿਆ। ਸਿੱਖਾਂ ਨੇ ਉਹਨਾਂ ਦੇ ਡੇਰਾ ਲੁੱਟ ਲਿਆ।

## ਕਤਲਾਮ ਦਾ ਹੁਕਮ

ਗ਼ੁੱਸੇ ਵਿਚ ਅਦੀਨਾਬੇਗ ਨੇ ਸਿੱਖਾਂ ਦੀ ਕਤਲਾਮ ਦਾ ਹੁਕਮ ਦੇ ਦਿੱਤਾ। ਇਲਾਕੇ ਦੇ ਚੌਧਰੀਆਂ ਤੇ ਹਾਕਮਾਂ ਨੂੰ ਸਖ਼ਤ ਹੁਕਮ ਭੇਜੇ ਗਏ, ਕਿ ਸਿੱਖਾਂ ਦਾ ਖੁਰਾ ਖੋਜ ਮਿਟਾ ਦਿੱਤਾ ਜਾਏ। ਜਿਨਾਂ ਸਿੱਖਾਂ ਦੀ ਮਦਦ ਨਾਲ ਅਦੀਨਾਬੇਗ ਕਈ ਵਾਰ ਆਪਣੇ ਸਿੰਘਾਸਣ 'ਤੇ ਬੈਠਾ ਸੀ, ਹੱਥ ਧੋ ਕੇ ਮਗਰ ਪੈ ਗਿਆ। ਅਦੀਨਾਬੇਗ ਜਾਣਦਾ ਸੀ, ਕਿ ਸਿੱਖਾਂ

## ਝੱਲ ਸਾੜੇ

ਦਾ ਅਜਿੱਤ ਕਿਲਾ ਦਰਿਆਵਾਂ ਦੇ ਝੱਲ ਹਨ।ਉਹਨੇ ਮੀਰ ਅਜ਼ੀਜ਼ ਬਖ਼ਸ਼ੀ ਨੂੰ ਇਕ ਹਜ਼ਾਰ ਤਖਾਣ ਤੇ ਫੌਜ ਦੇ ਕੇ ਝੱਲ ਵਢਣ ਤੇ ਸਾੜਨ 'ਤੇ ਲਾ ਦਿੱਤਾ। ਝੱਲ ਵਿਚੋਂ ਨਿਕਲ ਕੇ ਸ: ਨੰਦ ਸਿੰਘ ਸਾਂਘਣਾ, ਜੱਸਾ ਸਿੰਘ ਰਾਮਗੜੀਆ, ਜੈ ਸਿੰਘ ਕਨ੍ਹਈਆ ਤੇ ਅਮਰ ਸਿੰਘ ਕਿੰਗਰਾ ਕੁਛ ਸਿੰਘਾਂ ਸਣੇ ਅੰਮ੍ਰਿਤਸਰ ਕਿਲਾ ਰਾਮਗੜ ਵਿਚ ਆ ਵੜੇ।

## ਰਾਮ ਗੜ ਨੂੰ ਘੇਰਾ

ਮੀਰ ਅਜ਼ੀਜ਼ ਨੇ ਰਾਮਗੜ੍ਹ ਨੂੰ ਘੇਰਾ ਪਾ ਲਿਆ। ਸਿੱਖ ਬੜੀਬਹਾਦਰੀ ਨਾਲ ਲੜੇ ਤੇ ਵੈਰੀ ਦੀ ਇਕਬਾਹੀ ਚੀਰ ਕੇ ਮਾਲਵੇ ਨੂੰ ਨਿਕਲ ਗਏ।

## ਸੰਘੋਲੋ ਦੀ ਲੜਾਈ

ਸਿੰਘ ਦੁਆਬੇ ਤੇ ਮਾਲਵੇ ਵਿਚ ਲੁੱਟਮਾਰ ਕਰਦੇ ਹੋਏ ਆਨੰਦਪੁਰ ਨੂੰ ਜਾ ਰਹੇ ਸਨ।ਉਹਨਾਂ ਦਾ ਡੇਰਾ ਪਿੰਡ ਸੰਘੋਲੇ ਵਿਚ ਸੀ, ਜਾਂਸਦੀਕਬੇਗ ਬੜੀ ਭਾਰੀ ਫ਼ੌਜ ਤੇ ਤੋਪਖ਼ਾਨਾਲੈ ਕੇ ਜਾ ਪਿਆ।ਏਸ ਹਮਲੇ ਨੇ ਸਿੰਘਾਂ ਦਾ ਬੜਾ ਨੁਕਸਾਨ ਕੀਤਾ।ਉਹ ਡੇਰਾ ਛੱਡ ਕੇ ਆਨੰਦਪੁਰ ਨੂੰ ਭੱਜ ਉਠੇ। ਸਦੀਕਬੇਗ ਤੋਪਖ਼ਾਨਾ ਪਿਛੇ ਛੱਡਕੇ ਸਿੱਖਾਂ ਦੇ ਮਗਰ ਪਿਆ। ਵੈਰੀ ਆਪਣੇ ਤੋਪਖ਼ਾਨੇ ਤੋਂ ਚਾਰ ਪੰਜ ਮੀਲ ਦੂਰ (ਰੋਪੜ ਕੋਲੈ) ਚਲਾ ਗਿਆ, ਤਾਂ ਸਿੰਘਾਂ ਨੇ ਇਕ ਵਾਰ ਪਿਛੇ ਮੁੜ ਕੇ ਵੈਰੀ ਉੱਤੇ ਹਮਲਾਕਰ ਦਿੱਤਾ।

## ਰੋਪੜ ਦੀ ਲੜਾਈ ਵਿਚ ਸਦੀਕਬੇਗ ਹਾਰ ਗਿਆ ।

ਸਿੰਘਾਂ ਦੇ ਦਿਲ ਵਿਚ ਪਿਛਲੀ ਹਾਰ ਦੀ ਬੜੀ ਖਾਰ ਸੀ। ਉਹ ਇਸ ਦਲੇਰੀ ਨਾਲ ਲੜੇ, ਕਿ ਵੈਰੀ ਨੂੰ ਜਾਨ ਬਚਾਉਣ ਵਾਸਤੇ ਪਿੜ ਛੱਡ ਕੇ ਨੱਸਣਾ ਪਿਆ। ਸਦੀਕਬੇਗ ਭੱਜ ਕੇ ਸਰਹਿੰਦ ਜਾ ਵੜਿਆ। ਸਿੰਘਾਂ ਨੇ ਉਹਦਾ ਡੇਰਾ ਲੁੱਟ ਲਿਆ।ਏਥੋਂ ਤਰਨਾ ਦਲ ਨੇ ਆਨੰਦਪੁਰਹੋਲਾ ਮਹੱਲਾ ਜਾ ਕੀਤਾ ਤੇ ਬੁੱਢਾ ਦਲ ਡਰੋਲੀ ਆ ਬੈਠਾ।

## ਅਦੀਨਾਬੇਗ ਮਰਿਆ

ਥਾਂ-ਥਾਂ ਅਦੀਨਾਬੇਗ ਦੇ ਅਫ਼ਸਰ ਸਿੱਖਾਂ ਨੂੰ ਤੰਗ ਕਰਨ ਲੱਗੇ। ਪਰ ਇਹ ਤੰਗੀ ਛੇਤੀ ਹੀ ਕੱਟੀ ਗਈ। ਬਟਾਲੇ ਵਿਚ ਬੀਮਾਰ ਹੋ ਕੇ ਅਦੀਨਾਬੇਗ ਮਰ ਗਿਆ।

◆ ਬਾਕੀ ਅਗਲੇ ਅੰਕ ਵਿੱਚ

# ਗੁਰਇਤਿਹਾਸ ਦੀ ਭੂਮਿਕਾ ਵਿੱਚ ਸੂਰਬੀਰ ਮਾਤਾ ਭਾਗ ਕੌਰ



ਜੰਗ ਲੜਨ ਵਿਚ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਦੇ ਕੇ ਮਾਈ ਭਾਗੋ ਜੀ ਨੇ ਸਿੱਖ ਇਤਿਹਾਸ ਨੂੰ ਇਕ ਨਵਾਂ ਹੀ ਮੋੜ ਦਿੱਤਾ। ਸ੍ਰੀ ਅਨੰਦਪੁਰ ਸਾਹਿਬ ਤੋਂ ਬੇਦਾਵਾ ਦੇ ਕੇ ਗਏ 40 ਮਝੈਲ ਸਿੰਘਾਂ ਨੂੰ ਪ੍ਰੇਰਨਾ ਦੇ ਕੇ ਅਤੇ ਉਨ੍ਹਾਂ ਦੀ ਆਪ ਅਗਵਾਈ ਕਰਕੇ ਗੁਰੂ ਜੀ ਦੀ ਭਾਲ ਵਿਚ ਮਾਈ ਭਾਗੋ ਜੀ ਨੇ ਖਿਦਰਾਣੇ ਦੀ ਧਰਤੀ (ਹੁਣ ਸ੍ਰੀ ਮੁਕਤਸਰ ਸਾਹਿਬ) ਦੇ ਜੰਗੇ ਮੈਦਾਨ ਵਿਚ ਦੁਸ਼ਮਣ ਦੀਆਂ ਫ਼ੌਜਾਂ ਦਾ ਮੁਕਾਬਲਾ ਕੀਤਾ ਤੇ ਜੰਗ ਵਿਚ ਆਪ ਜ਼ਖ਼ਮੀ ਹੋ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਹਿਕਦੀ ਮਾਈ ਭਾਗੋ ਨੂੰ ਵੇਖਿਆ ਤਾਂ ਉਸ ਦੇ ਜ਼ਖਮ ਸਾਫ਼ ਕਰਕੇ ਮਰ੍ਹਮ ਪੱਟੀ ਕਰਕੇ ਉਸ ਨੂੰ ਠੀਕ ਕੀਤਾ।

ਝਬਾਲ ਦੇ ਪੇਰੋ ਸ਼ਾਹ ਦੇ ਦੋ ਪੁੱਤਰ ਸਨ। ਮਾਲੇ ਸ਼ਾਹ ਅਤੇ ਹਰੂ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਿੱਖੀ ਦਾ ਉਨ੍ਹਾਂ 'ਤੇ ਕਾਫੀ ਅਸਰ ਸੀ। ਮਾਲੇ ਸ਼ਾਹ ਦੇ ਘਰ ਚਾਰ ਪੁੱਤਰ ਹੋਏ, ਜੋ ਬੜੇ ਸੂਰਬੀਰ ਸਨ। ਇਨ੍ਹਾਂ ਤੋਂ ਮਗਰੋਂ ਉਸ ਦੇ ਘਰ ਇਕ ਬੀਬੀ ਨੇ ਜਨਮ ਲਿਆ। ਇਸ ਦੇ ਪੈਦਾ ਹੋਣ ਮਗਰੋਂ ਸਾਰਾ ਪਰਿਵਾਰ ਉਨਤੀ ਦੀ ਸਿਖਰ ਵੱਲ ਜਾਣ ਲੱਗਾ। ਸਾਰੇ ਜਣੇ ਉਸ ਨੂੰ 'ਭਾਗ ਭਰੀ' ਕਹਿਣ ਲੱਗੇ ਪਰ ਉਸ ਦੀਆਂ ਸਹੇਲੀਆਂ ਉਸ ਨੂੰ 'ਭਾਗੋ' ਦੇ ਨਾਂਅ ਨਾਲ ਸੱਦਦੀਆਂ ਰਹੀਆਂ। ਅਜੇ ਭਾਗੋ ਸੱਤਾਂ-ਅੱਠਾਂ ਵਰ੍ਹਿਆਂ ਦੀ ਹੀ ਸੀ ਕਿ ਉਸ ਦੇ ਮਾਤਾ ਜੀ ਉਸ ਨੂੰ ਸਤਿਗੁਰੂ ਦੇ ਦਰਬਾਰ ਲੈ ਜਾਂਦੇ। ਉਸ ਵੇਲੇ ਗੁਰਿਆਈ ਦੀ ਗੱਦੀ ਉੱਤੇ ਸਾਹਿਬ ਸ੍ਰੀ ਹਰਿ ਰਾਏ ਜੀ ਬਿਰਾਜਮਾਨ ਸਨ। ਉਸ ਨਿੱਕੀ ਜਿਹੀ ਲੜਕੀ ਦੀ ਸ਼ਰਧਾ ਤੇ ਪਿਆਰ ਦੇਖ ਕੇ ਇਕ ਦਿਨ ਸੱਤਵੇਂ ਪਾਤਸ਼ਾਹ ਨੇ ਸਿਰ 'ਤੇ ਪਿਆਰ ਦਿੰਦਿਆਂ ਕਿਹਾ ਕਿ, 'ਇਹ ਬੜੀ ਸਿਦਕਵਾਨ ਤੇ ਭਾਗਾਂ ਵਾਲੀ ਹੋਵੇਗੀ ਤੇ ਇਸ ਦਾ ਨਾਂਅ ਬੜਾ ਉੱਘਾ ਹੋਵੇਗਾ। ' ਸਤਿਗੁਰਾਂ ਤੋਂ ਇਹ ਵਰ ਲੈ ਕੇ ਮਾਤਾ ਜੀ ਬੜੇ ਪ੍ਰਸੰਨ ਹੋਏ ਤੇ ਬੀਬੀ ਨੂੰ ਸਤਿਗੁਰਾਂ ਦੇ ਚਰਨਾਂ ਨਾਲ ਹੀ ਲਾਈ ਰੱਖਿਆ।

ਜਦੋਂ ਬੀਬੀ ਰਤਾ ਵੱਡੀ ਹੋਈ ਤਾਂ ਉਹ ਆਪਣੇ ਪਿਤਾ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਦਰਸ਼ਨ ਕਰਨ ਲਈ ਜਾਂਦੀ ਹੁੰਦੀ ਸੀ। ਕਸ਼ਮੀਰੀ ਪੰਡਤਾਂ ਦੀ ਫਰਿਆਦ ਤੇ ਗੋਬਿੰਦ ਰਾਏ ਦੇ ਕਹਿਣ 'ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਨੂੰ ਬਚਾਉਣ ਲਈ ਕੁਰਬਾਨੀ ਦਿੱਤੀ। ਇਹ ਸਭ ਅਕਾਲ ਪੁਰਖ਼ ਦਾ ਹੁਕਮ ਸੀ ਤੇ ਇਹ ਹੁਕਮ ਅਟੱਲ ਸੀ। ਸਤਿਗੁਰਾਂ ਨੇ ਆਪਾ ਵਾਰ ਕੇ ਹੀ ਦੇਸ਼ ਅੰਦਰ ਇਕ ਪਰਿਵਰਤਨ ਲਿਆਉਣਾ ਸੀ ਅਤੇ ਆਪਣੇ ਇਕਲੌਤੇ ਸਾਹਿਬਜ਼ਾਦੇ ਜੋ ਅਜੇ ਬਾਲਕ ਹੀ ਸਨ, ਪਰ ਆਪਣੇ ਹਿਰਦੇ ਅੰਦਰ ਇਕ ਜ਼ਬਰਦਸਤ ਜਵਾਲਾਮੁਖੀ ਲੁਕੋਈ ਬੈਠੇ ਸਨ, ਉਸ ਜਵਾਲਾਮੁਖੀ ਨੇ ਥੋੜ੍ਹੇ ਸਮੇਂ ਅੰਦਰ ਹੀ 'ਖਾਲਸੇ' ਦਾ ਰੂਪ ਧਾਰ ਕੇ ਦੇਸ਼ ਅੰਦਰ ਇਕ ਪਰਿਵਰਤਨ ਲਿਆ ਦੇਣਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਿਰਦੇ ਅੰਦਰ ਹਿੰਦੁਸਤਾਨ ਅੰਦਰ ਇਕ ਨਵਾਂ ਰੰਗ ਲਿਆਉਣ ਲਈ ਅਥਾਹ ਜੋਸ਼ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਕੁਰਬਾਨੀ ਅਤੇ ਬੇਮਿਸਾਲ ਸ਼ਹੀਦੀ ਦੀ ਖ਼ਬਰ ਬਿਜਲੀ ਦੀ ਤਰ੍ਹਾਂ ਸਾਰੇ ਦੇਸ਼ ਅੰਦਰ ਫੈਲ ਗਈ। ਸਤਿਗੁਰਾਂ ਨਾਲ ਦਿੱਲੀ ਗਏ ਸਿੱਖਾਂ ਦੀ ਸ਼ਹੀਦੀ ਦੀ ਖ਼ਬਰ ਵੀ ਪਹੁੰਚ ਚੁੱਕੀ ਸੀ। ਦੇਸ਼ ਦੇ ਨੌਜਵਾਨਾਂ ਅੰਦਰ ਕੁਰਬਾਨ ਹੋਣ ਦਾ ਜੋਸ਼ ਠਾਠਾਂ ਮਾਰਨ ਲੱਗ ਪਿਆ ਸੀ ਕਿ ਜੇ ਸਾਡਾ ਵੱਸ ਚੱਲੇ ਤਾਂ ਔਰੰਗਜ਼ੇਬ ਦੇ ਦਿੱਲੀ ਦਾ ਉਹ ਕਾਜ਼ੀ, ਜਿਸ ਦੇ ਹੁਕਮ ਨਾਲ ਇਹ ਭਾਣਾ ਵਰਤਿਆ ਹੈ, ਉਨ੍ਹਾਂ ਦੇ ਸਿਰ ਇਕਦਮ ਧੜ ਨਾਲੋਂ ਵੱਖ ਕਰ ਦਿੱਤੇ ਜਾਣ।

ਬੀਬੀ ਭਾਗੋ ਨੇ ਕਿਹਾ, 'ਪਿਤਾ ਜੀ! ਮੇਰਾ ਦਿਲ ਕਰਦਾ ਹੈ ਕਿ ਮੈਂ ਤਲਵਾਰ ਲੈ ਕੇ ਹੁਣੇ ਦਿੱਲੀ ਚਲੀ ਜਾਵਾਂ ਤੇ ਜਾ ਕੇ ਉਨ੍ਹਾਂ ਦੁਸ਼ਟਾਂ ਦਾ ਖ਼ਾਤਮਾ ਕਰ ਆਵਾਂ, ਜਿਨ੍ਹਾਂ ਨੇ ਮੇਰੇ ਸਹਿਨਸ਼ਾਹ ਗੁਰੂ ਤੇਗ ਬਹਾਦਰ ਜੀ ਨੂੰ ਇਸ ਤਰ੍ਹਾਂ ਸ਼ਹੀਦ ਕੀਤਾ। ' ਮਾਈ ਭਾਗੋ ਹਿੰਮਤ ਅਤੇ ਦਲੇਰੀ ਦੀ ਧਾਰਨੀ ਸੀ। ਸਿੱਖ ਇਤਿਹਾਸ ਵਿਚ ਮਾਈ ਭਾਗੋ ਜੀ ਇਸ ਘਟਨਾ ਕਰਕੇ ਕਾਫੀ ਪ੍ਰਸਿੱਧ ਸਨ ਕਿ ਉਨ੍ਹਾਂ ਨੇ ਮਾਝੇ ਦੇ ਸਿੱਖਾਂ (ਜੋ ਬੇਦਾਵਾ ਲਿਖ ਕੇ ਗੁਰੂ ਜੀ ਨਾਲੋਂ ਬੇਮੁੱਖ ਹੋਏ ਸਨ) ਨੂੰ ਪ੍ਰੇਰਣਾ ਦੇ ਕੇ ਮੁੜ ਗੁਰੂ ਜੀ ਦੇ ਲੜ ਲਾਇਆ। ਉਨ੍ਹਾਂ ਸਿੱਖਾਂ ਨੇ ਖਿਦਰਾਣੇ ਦੀ ਢਾਬ 'ਤੇ ਪਹੁੰਚ ਕੇ ਭਾਰੀ ਜੰਗ ਕੀਤੀ ਤੇ ਗੁਰੂ ਜੀ ਨਾਲ ਟੁੱਟੀ ਗੰਢੀ ਸੀ।

ਮਾਈ ਭਾਗੋ ਇਸ ਯੁੱਧ ਵਿਚ ਜ਼ਖਮੀ ਹੋ ਗਏ ਸਨ। ਮਾਈ ਭਾਗੋ ਜੀ ਹਜ਼ੂਰ ਸਾਹਿਬ ਤੱਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਗਏ ਅਤੇ ਉਸ ਇਲਾਕੇ ਵਿਚ ਵਿਚਰਦੇ ਰਹੇ, ਸਿੱਖੀ ਦਾ ਪ੍ਰਚਾਰ ਕੀਤਾ ਅਤੇ ਬਿਦਰ (ਕਰਨਾਟਕ) ਦੇ ਇਲਾਕੇ ਵਿਚ ਨਾਨਕ ਝੀਰਾ ਜੀ ਦੇ ਕੋਲ ਲਗਭਗ 10 ਕਿਲੋਮੀਟਰ ਦੇ ਜਨਵਾੜੇ ਵਿਚ ਆਪਣਾ ਸਰੀਰ ਤਿਆਗਿਆ। ਆਓ! ਮਾਤਾ ਭਾਗ ਕੌਰ ਦੇ ਜੀਵਨ ਤੋਂ ਪ੍ਰੇਰਨਾ ਲਈਏ, ਜਿਨ੍ਹਾਂ ਧਰਮ, ਕੌਮ ਵਾਸਤੇ ਆਪਾ ਵਾਰਿਆ ਅਤੇ ਬੇਮੁੱਖ ਹੋਏ ਸਿੱਖਾਂ ਨੂੰ ਪ੍ਰੇਰਨਾ ਦੇ ਕੇ ਦਸਮੇਸ਼ ਪਿਤਾ ਪਾਸ ਲਿਆਂਦਾ।

ਲੇਖਕ : ਮੋਹਨ ਸ਼ਰਮਾ

# ਨਸ਼ਾ ਛਡਾਊ ਕੇਂਦਰ ਕਿਹੋ ਜਿਹੇ ਹੋਣ..?




ਮੋਗਾ ਜ਼ਿਲ੍ਹੇ ਦੇ ਕੋਟ ਈਸੇ ਖਾਂ ਕਸਬੇ ਦੇ ਨੇੜੇ ਚੀਮਾ ਪਿੰਡ ਵਿੱਚ 'ਆਸ ਦੀ ਕਿਰਨ' ਨਾਂ ਦਾ ਅਣਅਧਿਕਾਰਤ ਨਸ਼ਾ ਛਡਾਊ ਕੇਂਦਰ ਇਲਾਕੇ ਦੇ ਚਾਰ ਪੰਜ ਨੌਜਵਾਨ ਲੜਕਿਆਂ ਨੇ ਰਲਕੇ ਖੋਲ੍ਹਿਆ ਹੋਇਆ ਸੀ। ਕਿਸੇ ਵੀ ਨਸ਼ਾ ਛਡਾਊ ਕੇਂਦਰ ਜਾਂ ਮੁੜ ਵਸਾਊ ਕੇਂਦਰ ਨੂੰ ਚਲਾਉਣ ਲਈ ਪੰਜਾਬ ਦੇ ਹੈਲਥ ਵਿਭਾਗ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ ਅਤੇ ਇਹ ਮਨਜ਼ੂਰੀ ਨਿਰਧਾਰਤ ਸ਼ਰਤਾਂ ਉਪਰੰਤ ਹੀ ਦਿੱਤੀ ਜਾਂਦੀ ਹੈ।

ਮਨੋਵਿਗਿਆਨਕ ਡਾਕਟਰ ਦਾ ਹੋਣਾ, ਸਿਹਤ ਕਰਮਚਾਰੀਆਂ ਦਾ ਹੋਣਾ, ਯੋਗ ਕਾਊਂਸਲਰ, ਨਰਸਾਂ, ਵਾਰਡ ਬੁਆਏ, ਸਾਫ ਸੁਥਰੀ ਹਵਾਦਾਰ ਇਮਾਰਤ ਅਤੇ ਸਾਫ ਸੁਥਰਾ ਵਾਤਾਵਰਣ ਇੱਕ ਨਸ਼ਾ ਛਡਾਊ ਕੇਂਦਰ ਵਿੱਚ ਹੋਣਾ ਜ਼ਰੂਰੀ ਹੈ। ਸਰਟੀਫਿਕੇਟ ਜਾਰੀ ਕਰਨ ਤੋਂ ਪਹਿਲਾਂ ਕਾਰਜਕਾਰੀ ਮੈਜਿਸਟਰੇਟ, ਸੀ.ਐਮ.ਓ. ਅਤੇ ਹੋਰ ਅਧਿਕਾਰੀ ਸੈਂਟਰ ਦਾ ਮੁਆਇਨਾ ਕਰਦੇ ਹਨ ਅਤੇ ਉਨ੍ਹਾਂ ਦੀ ਸਿਫਾਰਸ਼ ਉਪਰੰਤ ਸਿਹਤ ਵਿਭਾਗ ਸੈਂਟਰ ਚਾਲੂ ਕਰਨ ਲਈ ਤਿੰਨ ਸਾਲ ਵਾਸਤੇ ਲਾਇਸੰਸ ਜਾਰੀ ਕਰਦਾ ਹੈ। ਲਾਇਸੰਸਸ਼ੁਦਾ ਸੈਂਟਰ ਨੂੰ ਸੀ.ਐਮ.ਓ. ਸਮੇਂ ਸਮੇਂ ਸਿਰ ਚੈੱਕ ਵੀ ਕਰਦਾ ਹੈ ਅਤੇ ਦਾਖਲ ਨਸ਼ਈ ਮਰੀਜ਼ਾਂ ਦਾ ਹਾਲ-ਚਾਲ ਵੀ ਪੁੱਛਦਾ ਰਹਿੰਦਾ ਹੈ। ਉਣਤਾਈਆਂ ਸੰਬੰਧੀ ਨਿਰਦੇਸ਼ ਦੇਣੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਜ਼ਿਲ੍ਹਾ ਸਿਹਤ ਅਧਿਕਾਰੀ ਦੀ ਜ਼ਿੰਮੇਵਾਰੀ ਬਣਦੀ ਹੈ। ਪਰ ਚੀਮਾ ਪਿੰਡ ਵਿੱਚ ਖੋਲ੍ਹਿਆ ਗਿਆ ਨਸ਼ਾ ਛਡਾਊ ਕੇਂਦਰ ਸਾਰੇ ਨਿਯਮਾਂ ਨੂੰ ਛਿੱਕੇ ਤੇ ਟੰਗਕੇ ਆਪਣੀ ਮਰਜ਼ੀ ਨਾਲ ਖੋਲ੍ਹਿਆ ਗਿਆ। ਅਜਿਹੇ ਖੋਲ੍ਹੇ ਗਏ ਸੈਂਟਰਾਂ ਵਿੱਚ ਨਸ਼ਈਆਂ ਨੂੰ 'ਇਲਾਜ' ਲਈ ਦਾਖਲ ਕਰਕੇ ਮੋਟੀ ਰਕਮ ਵਸੂਲੀ ਜਾਂਦੀ ਹੈ। ਡਾਕਟਰੀ ਸਹੂਲਤਾਂ, ਰਹਿਣ ਸਹਿਣ ਦਾ ਪ੍ਰਬੰਧ, ਮਨੋਵਿਗਿਆਨਕ ਸੇਵਾਵਾਂ ਦੀ ਥਾਂ ਅਜਿਹੇ ਸੈਂਟਰਾਂ ਵਿੱਚ ਹਿੰਸਾਤਮਕ ਗਤੀਵਿਧੀਆਂ, ਭੁੱਖੇ ਰੱਖਣਾ, ਤਸੀਹੇ ਦੇਣੇ ਅਤੇ ਹੋਰ ਢੰਗ ਤਰੀਕਿਆਂ ਨਾਲ 'ਸੋਧਣ' ਨੂੰ ਹੀ ਸੈਂਟਰ ਦੇ ਸੰਚਾਲਕ ਸਭ ਤੋਂ ਵਧੀਆ ਇਲਾਜ ਸਮਝਦੇ ਹਨ। ਸਿਰਫ ਚੀਮਾ ਸੈਂਟਰ ਵਿੱਚ ਹੀ ਨਹੀਂ ਸਗੋਂ ਪੰਜਾਬ ਦੇ ਹੋਰ ਬਹੁਤ ਸਾਰੀਆਂ ਥਾਵਾਂ 'ਤੇ ਅਜਿਹੇ ਅਣਅਧਿਕਾਰਤ ਸੈਂਟਰ ਪੰਜਾਬ ਨੂੰ 'ਨਸ਼ਾ ਮੁਕਤ ਕਰਨ' ਵਿੱਚ 'ਆਪਣਾ ਬਣਦਾ ਯੋਗਦਾਨ' ਪਾ ਕੇ ਜਿੱਥੇ ਜਵਾਨੀ ਦਾ ਘਾਣ ਕਰ ਰਹੇ ਹਨ, ਉੱਥੇ ਹੀ ਬੇਵੱਸ ਮਾਪਿਆਂ ਤੋਂ ਹਰ ਮਹੀਨੇ ਮੋਟੀ ਰਕਮ ਵੀ ਵਸੂਲਦੇ ਹਨ। ਨਸ਼ਈ ਮਰੀਜ਼ ਦੇ ਮਾਪਿਆਂ ਵੱਲੋਂ ਪੁੱਛਣ 'ਤੇ ਉਨ੍ਹਾਂ ਦਾ ਘੜਿਆ ਘੜਾਇਆ ਜਵਾਬ ਹੁੰਦਾ ਹੈ, "ਥੋੜਾ ਮੁੰਡਾ ਰਿਕਵਰੀ ਜ਼ੋਨ ਵਿੱਚ ਹੈ, ਕੋਈ ਫਿਕਰ ਨਾ ਕਰੋ।"

ਇਸ ਸੈਂਟਰ ਵਿੱਚ ਵੀਹ ਕੁ ਦਿਨ ਪਹਿਲਾਂ ਜਗਰਾਓਂ ਦਾ ਸਤਾਈ ਕੁ ਵਰ੍ਹਿਆਂ ਦਾ ਨੌਜਵਾਨ ਦਾਖਲ ਕਰਵਾਇਆ ਗਿਆ। ਉਸਦਾ ਵਿਆਹ ਵੀ ਪੰਜ-ਛੇ ਮਹੀਨੇ ਪਹਿਲਾਂ ਹੀ ਹੋਇਆ ਸੀ। ਹੋਰਾਂ ਮਾਪਿਆਂ ਦੀ ਤਰ੍ਹਾਂ ਉਸ ਨਸ਼ਈ ਨੌਜਵਾਨ ਦੇ ਮਾਪਿਆਂ ਨੂੰ ਨਸ਼ਾ ਮੁਕਤ ਕਰਕੇ ਵਧੀਆ ਇਨਸਾਨ ਬਣਾਉਣ ਦਾ ਝਾਂਸਾ ਦਿੱਤਾ ਗਿਆ। ਕੁੱਲ ਵੀਹ ਕੁ ਨੌਜਵਾਨ ਇੱਕ ਕਮਰੇ ਵਿੱਚ ਡੱਕ ਕੇ ਰੱਖੇ ਹੋਏ ਸਨ। ਉਨ੍ਹਾਂ ਵਿੱਚ ਜਗਰਾਉਂ ਵਾਲਾ ਲੜਕਾ ਵੀ ਸ਼ਾਮਲ ਹੋ ਗਿਆ।

ਉਸਦੀ ਬਦਕਿਸਮਤੀ ਕਿ 28.11.2024 ਦੀ ਰਾਤ ਨੂੰ ਉਹ ਰਸੋਈ ਵਿੱਚੋਂ ਪਾਣੀ ਲੈ ਰਿਹਾ ਸੀ। ਉਸ ਕੋਲੋਂ ਗਲਤੀ ਨਾਲ ਰਸੋਈ ਵਿੱਚ ਪਾਣੀ ਡੁੱਲ੍ਹ ਗਿਆ। ਨਸ਼ਾ ਛਡਾਊ ਕੇਂਦਰ ਦੇ ਸੰਚਾਲਕਾਂ ਨੇ ਉਸ ਨੂੰ ਲੋਹੇ ਦੀਆਂ ਰਾਡਾਂ ਨਾਲ ਅੰਨ੍ਹੇ ਵਾਹ ਕੁੱਟਿਆ। ਮਾਰ ਨਾ ਝੱਲਦਿਆਂ ਉਹ ਬੇਹੋਸ਼ ਹੋ ਗਿਆ। ਫਿਰ ਉਸ 'ਤੇ ਠੰਢਾ ਪਾਣੀ ਪਾਕੇ ਪਸ਼ੂਆਂ ਵਾਂਗ ਕੁੱਟਦੇ ਰਹੇ। ਅਜਿਹੇ ਅਣਮਨੁੱਖੀ ਤਸੀਹੇ ਨਾ ਝੱਲਦਿਆਂ ਉਹ ਦਮ ਤੋੜ ਗਿਆ। ਮਾਪਿਆਂ ਨੂੰ ਇਸ ਅਨਹੋਣੀ ਦੀ ਖਬਰ ਮਿਲਦਿਆਂ ਹੀ ਘਰ ਵਿੱਚ ਚੀਕ-ਚਿਹਾੜਾ ਪੈ ਗਿਆ। ਮੌਕੇ 'ਤੇ ਪੁਲਿਸ ਪਹੁੰਚ ਗਈ। ਸੰਚਾਲਕ ਫਰਾਰ ਹੋ ਗਏ। ਸਹਿਮੇ ਜਿਹੇ ਬੈਠੇ ਬਾਕੀ ਦਾਖਲ ਨਸ਼ਈਆਂ ਨੇ ਰੋਂਦਿਆਂ ਪ੍ਰਗਟਾਵਾ ਕੀਤਾ ਕਿ ਇਹ ਨਸ਼ਾ ਛਡਾਊ ਕੇਂਦਰ ਨਹੀਂ, ਤਸੀਹਾ ਕੇਂਦਰ ਹੈ। ਅਸੀਂ ਸਾਰੇ ਹੀ ਇਸ ਤਸ਼ੱਦਦ ਦਾ ਸ਼ਿਕਾਰ ਹੁੰਦੇ ਰਹੇ ਹਾਂ।

ਬਿਨਾਂ ਸ਼ੱਕ ਅੰਦਾਜ਼ਨ 71% ਨੌਜਵਾਨਾਂ ਦੀ ਜ਼ਿੰਦਗੀ ਨਸ਼ਿਆਂ ਦੇ ਨਾਗਵਲ ਵਿੱਚ ਫਸ ਚੁੱਕੀ ਹੈ। ਉਹ ਨਸ਼ਾ ਖਰੀਦਣ ਲਈ ਚੋਰੀਆਂ ਕਰਦੇ ਹਨ, ਆਪਣਾ ਖੂਨ ਵੇਚਦੇ ਹਨ, ਭੀਖ ਮੰਗਦੇ ਹਨ।

ਗੰਭੀਰ ਪ੍ਰਸ਼ਨ ਹੈ ਕਿ ਮਨੁੱਖੀ ਜ਼ਿੰਦਗੀ ਨਾਲ ਖਿਲਵਾੜ ਕਰਨ ਵਾਲੇ ਅਣਅਧਿਕਾਰਤ ਨਸ਼ਾ ਛਡਾਊ ਕੇਂਦਰ ਸੰਬੰਧੀ ਪ੍ਰਸ਼ਾਸਨ, ਸਿਹਤ ਵਿਭਾਗ ਅਤੇ ਪੁਲਿਸ ਵਿਭਾਗ ਨੂੰ ਸਿਰਫ ਉਦੋਂ ਹੀ ਪਤਾ ਲੱਗਾ ਜਦੋਂ ਇੱਕ ਨੌਜਵਾਨ ਤਸ਼ੱਦਦ ਦਾ ਸ਼ਿਕਾਰ ਹੋਕੇ ਦਮ ਤੋੜ ਗਿਆ ਅਤੇ ਬਾਕੀ ਦਾਖਲ ਨੌਜਵਾਨ ਸਾਹਾਂ ਦੀ ਭੀਖ ਮੰਗ ਰਹੇ ਸਨ। ਅਜਿਹਾ ਇਹ ਪਹਿਲਾ ਕੇਸ ਨਹੀਂ, ਅਨੇਕਾਂ ਹੋਰ ਅਖਾਉਤੀ ਨਸ਼ਾ ਛਡਾਊ ਕੇਂਦਰ ਨਸ਼ਾ ਛੁਡਵਾਉਣ ਦੇ ਨਾਂ 'ਤੇ ਜਵਾਨੀ ਨੂੰ ਅੰਨ੍ਹੇ ਵਾਹ ਕੁੱਟ ਵੀ ਰਹੇ ਹਨ ਅਤੇ ਬੇਵੱਸ ਮਾਪਿਆਂ ਨੂੰ ਲੁੱਟ ਵੀ ਰਹੇ ਹਨ।

ਦਰਅਸਲ ਪੰਜਾਬ ਵਿੱਚ ਨਸ਼ਿਆਂ ਦੀ ਮਹਾਂਮਾਰੀ ਨੇ ਬਹੁਤ ਸਾਰੇ ਮੈਡੀਕਲ ਸਟੋਰਾਂ, ਜੇਲ੍ਹਾਂ ਦੇ ਬਹੁਤ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ, ਪੁਲਿਸ ਵਿਭਾਗ ਦੀਆਂ ਕੁਝ ਕਾਲੀਆਂ ਭੇਡਾਂ, ਨਸ਼ੇ ਦੇ ਤਸਕਰਾਂ, ਮਨੁੱਖੀ ਜ਼ਿੰਦਗੀ ਦਾ ਖਿਲਵਾੜ ਕਰਨ ਵਾਲੇ ਕੁਝ ਸਿਆਸਤਦਾਨਾਂ ਅਤੇ ਕੁਝ ਸਿਹਤ ਕਰਮਚਾਰੀਆਂ ਨੇ ਨਸ਼ੇ ਦੀ ਅੰਨ੍ਹੀ ਕਮਾਈ ਨਾਲ ਮਹਿਲਨੁਮਾ ਕੋਠੀਆਂ ਵੀ ਉਸਾਰੀਆਂ ਹਨ ਅਤੇ ਬੈਂਕ ਲਾਕਰਾਂ ਵਿੱਚ ਵੀ ਬਹੁਤ ਕੁਝ ਛੁਪਾ ਕੇ ਰੱਖਿਆ ਹੈ। ਹਾਈ ਕੋਰਟ ਦੀ ਮਾਣਯੋਗ ਜੱਜ ਸ਼੍ਰੀ ਮਤੀ ਮੰਜਰੀ ਨਹਿਰੂ ਕੌਲ ਅਤੇ ਮਾਣਯੋਗ ਜੱਜ ਸ਼੍ਰੀ ਸ਼ੇਖਾਵਤ ਦੀਆਂ ਸਖ਼ਤ ਟਿੱਪਣੀਆਂ ਨੇ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਹੈ। ਈ.ਡੀ. ਦੇ ਸਾਬਕਾ ਅਧਿਕਾਰੀ ਨਿਰੰਜਨ ਸਿੰਘ ਨੇ ਇੰਟਰਨੈਟ ਮੀਡੀਆ ਪਲੇਟਫਾਰਮ 'ਤੇ ਪ੍ਰਗਟਾਵਾ ਕੀਤਾ ਹੈ ਕਿ ਈ.ਡੀ. ਦੇ ਉੱਚ ਅਧਿਕਾਰੀ ਨੇ ਡਰੱਗਜ਼ ਨਾਲ ਸੰਬੰਧਿਤ ਕਈ ਕੇਸ ਉਸ ਕੋਲੋਂ ਖੋਹ ਕੇ ਨਵੀਂ ਦਿਲੀ ਟਰਾਂਸਫਰ ਕਰ ਦਿੱਤੇ ਸਨ ਤਾਂ ਜੋ ਨਸ਼ੇ ਦਾ ਧੰਦਾ ਕਰਨ ਵਾਲੇ ਕਾਨੂੰਨ ਦੇ ਸ਼ਿਕੰਜੇ ਤੋਂ ਬਚ ਸਕਣ। ਇੱਥੇ ਹੀ ਬੱਸ ਨਹੀਂ 14 ਜੁਲਾਈ 2018 ਨੂੰ ਆਪਣੇ ਪੇਸ਼ੇ ਪ੍ਰਤੀ ਸਮਰਪਿਤ, ਇਮਾਨਦਾਰ ਅਤੇ ਬੇਦਾਗ ਸੀਨੀਅਰ ਡਰੱਗ ਇੰਸਪੈਕਟਰ ਨੇਹਾ ਸ਼ੋਰੀ ਨੇ ਆਪਣੇ ਵਿਭਾਗ ਦੇ ਡਰੱਗ ਕੰਟਰੋਲਰ ਨੂੰ ਇੱਕ ਰਿਪੋਰਟ ਸੌਂਪੀ ਸੀ, ਜਿਸ ਵਿੱਚ ਉਸ ਵੱਲੋਂ ਨਿੱਜੀ ਨਸ਼ਾ ਛਡਾਊ ਕੇਂਦਰਾਂ ਵਿੱਚ ਬੁਪਰੀਨੌਰਫੀਨ (ਜੀਭ ਤੇ ਰੱਖਣ ਵਾਲੀ ਗੋਲੀ) ਦਾ 100 ਕਰੋੜ ਰੁਪਏ ਦੇ ਘਪਲੇ ਦਾ ਪਰਦਾ ਫਾਸ਼ ਕੀਤਾ ਸੀ। ਅਜਿਹੇ ਵੱਡੇ ਘਪਲੇ ਦੀਆਂ ਪਰਤਾਂ ਖੋਲ੍ਹਣ ਵਾਲੀ ਨੇਹਾ ਸ਼ੋਰੀ ਨੂੰ 31 ਮਾਰਚ 2019 ਨੂੰ ਉਸਦੇ ਦਫਤਰ ਵਿੱਚ ਹੀ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਗੋਲੀ ਮਾਰਨ ਵਾਲੇ ਬਲਵਿੰਦਰ ਸਿੰਘ ਨੇ ਭਾਵੇਂ ਬਾਅਦ ਵਿੱਚ ਆਪਣੇ ਆਪ ਨੂੰ ਗੋਲੀ ਮਾਰਕੇ ਆਤਮ ਹੱਤਿਆ ਕਰ ਲਈ, ਪਰ ਨੇਹਾ ਸ਼ੋਰੀ ਦਾ ਲੈਪਟਾਪ ਅਤੇ ਸਿੰਮ ਕਾਰਡ ਲੱਭੇ ਨਹੀਂ। ਸੌ ਕਰੋੜ ਦਾ ਘਪਲਾ ਵੀ ਫਾਈਲਾਂ ਦਾ ਸ਼ਿੰਗਾਰ ਬਣਕੇ ਰਹਿ ਗਿਆ। ਦੂਜੇ ਪਾਸੇ ਮੁਕਤਸਰ ਵਿਖੇ ਨਿਯੁਕਤ ਡਰੱਗ ਇੰਸਪੈਕਟਰ ਸ਼ਿਸ਼ਾਨ ਮਿੱਤਲ ਪੁਲਿਸ ਦੇ ਧੱਕੇ ਚੜ੍ਹਿਆ ਹੈ ਜੋ ਆਪਣੇ ਅਹੁਦੇ ਦੀ ਦੁਰਵਰਤੋਂ ਕਰਦਿਆਂ ਜੇਲ੍ਹਾਂ ਅਤੇ ਹੋਰ ਥਾਵਾਂ 'ਤੇ ਨਸ਼ਾ ਸਪਲਾਈ ਕਰਦਾ ਸੀ। ਆਪਣੇ ਇਸ ਅਹੁਦੇ ਦੀ ਆੜ ਵਿੱਚ 'ਚਿੱਟਾ' ਤਿਆਰ ਕਰਨ ਲਈ ਹਿਮਾਚਲ ਪ੍ਰਦੇਸ਼ ਦੀ ਬੱਦੀ ਵਿੱਚ ਲੱਗੀ ਫੈਕਟਰੀ ਤੋਂ 'ਸੂਡਰੋਫੈਡਰਿਨ' ਵੀ ਸਪਲਾਈ ਕਰਦਾ ਸੀ। ਤਲਾਸ਼ੀ ਦਰਮਿਆਨ ਬੇਪਨਾਹ ਇਕੱਠੀ ਕੀਤੀ ਕਾਲੀ ਕਮਾਈ ਹੁਣ ਪੁਲਿਸ ਦੇ ਕਬਜ਼ੇ ਵਿੱਚ ਹੈ। ਗੰਭੀਰ ਹੋ ਕੇ ਚਿੰਤਨ ਕਰਨ ਦੀ ਲੋੜ ਹੈ ਕਿ ਅਜਿਹੀ ਕਮਾਈ ਨਾਲ ਜ਼ਰੂਰੀ ਨਹੀਂ ਵਿਆਹ ਦਾ ਜੋੜਾ ਖਰੀਦਿਆ ਜਾਵੇ, ਕੱਫ਼ਣ ਵੀ ਹਿੱਸੇ ਆ ਸਕਦਾ ਹੈ। ਪੱਥਰਾਂ ਨੂੰ ਵੀ ਰੁਆਉਣ ਵਾਲਿਆਂ ਦੇ ਕੀਰਨੇ ਸੁਖ ਦੀ ਨੀਂਦ ਨਹੀਂ ਸੌਣ ਦੇਣਗੇ। ਦੁਖਾਂਤ ਹੈ ਕਿ ਇੱਕ ਪਾਸੇ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲੇ ਸ਼ਹੀਦ ਹੋਏ, ਦੂਜੇ ਪਾਸੇ ਹੁਣ ਚਿੱਟੇ ਦੀ ਰੋਕਥਾਮ ਲਈ ਅਵਾਜ਼ ਉਠਾਉਣ ਵਾਲੇ ਕਈ ਥਾਂਈਂ ਸ਼ਹੀਦ ਹੋਏ ਹਨ।

ਹੁਣ ਸਾਡੀ ਸਰਕਾਰ ਨੂੰ ਅਪੀਲ ਹੈ ਕਿ ਥਾਂ ਥਾਂ ਖੁੰਬਾਂ ਵਾਂਗ ਖੁੱਲ੍ਹੇ ਅਜਿਹੇ ਨਸ਼ਾ ਛਡਾਊ ਕੇਂਦਰਾਂ ਨੂੰ ਤੁਰੰਤ ਬੰਦ ਕਰਕੇ ਜਵਾਨੀ ਨੂੰ ਇਸ ਹੋ ਰਹੇ ਘਾਣ ਤੋਂ ਬਚਾਇਆ ਜਾਵੇ। ਦੂਜੇ ਪਾਸੇ ਜਿਹੜੇ ਨਸ਼ਾ ਛਡਾਊ ਕੇਂਦਰਾਂ ਨੂੰ ਪੰਜਾਬ ਦੇ ਸਿਹਤ ਵਿਭਾਗ ਵੱਲੋਂ ਲਾਇਸੰਸ ਜਾਰੀ ਹੁੰਦਾ ਹੈ, ਉਸ ਸੰਬੰਧੀ ਸਖਤੀ ਨਾਲ ਪੜਤਾਲ ਕੀਤੀ ਜਾਵੇ ਤਾਂ ਕਿ ਨਸ਼ਾ ਛਡਾਉਣ ਦੀ ਥਾਂ ਮਾਪਿਆਂ ਦੀ ਲੁੱਟ ਨਾ ਹੋਵੇ ਅਤੇ ਜਵਾਨੀ ਤਸ਼ੱਦਦ ਦਾ ਸ਼ਿਕਾਰ ਨਾ ਹੋਵੇ।

ਦਰਅਸਲ ਨਸ਼ਿਆਂ ਦੀ ਦਲਦਲ ਵਿੱਚ ਧਸੇ ਨੌਜਵਾਨ ਗੁਮਰਾਹ ਹੋਏ ਨੌਜਵਾਨ ਹਨ। ਇਨ੍ਹਾਂ ਦਾ ਇਲਾਜ ਮਾਰ ਕੁੱਟ, ਜਲਾਲਤ, ਝਿੜਕਾਂ, ਸਮਾਜਿਕ ਬਾਈਕਾਟ, ਸੰਗਲਾਂ ਨਾਲ ਬੰਨ੍ਹ ਕੇ ਰੱਖਣਾ ਜਾਂ ਗਾਲੀ ਗਲੋਚ ਨਹੀਂ ਹੈ। ਇਨ੍ਹਾਂ ਭਟਕੇ ਹੋਏ ਨੌਜਵਾਨਾਂ ਨੂੰ ਧਰਮ, ਸਾਹਿਤ, ਕਿਰਤ ਅਤੇ ਖੇਡਾਂ ਦੇ ਸੰਕਲਪ ਨਾਲ ਜੋੜ ਕੇ ਮੁੱਖ ਧਾਰਾ ਵਿੱਚ ਲਿਆਂਦਾ ਜਾ ਸਕਦਾ ਹੈ। ਨਾਲ ਹੀ ਸਰੀਰਕ ਤਕਲੀਫ ਲਈ ਦਵਾਈ ਦਾ ਪ੍ਰਬੰਧ ਜ਼ਰੂਰੀ ਹੈ। ਇਨ੍ਹਾਂ ਥਿੜਕੇ ਹੋਏ ਜਵਾਨਾਂ ਨੂੰ ਮਾਨਸਿਕ ਤੌਰ 'ਤੇ ਅਰੋਗੀ ਕਰਨਾ, ਅਤਿਅੰਤ ਜ਼ਰੂਰੀ ਹੈ। ਚੰਗਾ ਪੁੱਤ, ਚੰਗਾ ਬਾਪ, ਚੰਗਾ ਪਤੀ ਅਤੇ ਚੰਗਾ ਨਾਗਰਿਕ ਬਣਨ ਦੀ ਪ੍ਰੇਰਨਾ ਦੇਣ ਵਾਲੇ ਇਨ੍ਹਾਂ ਨੌਜਵਾਨਾਂ ਲਈ ਰੋਲ ਮਾਡਲ ਹੋਣੇ ਚਾਹੀਦੇ ਹਨ। ਕਿਸੇ ਨੂੰ ਉਸਾਰੂ ਪ੍ਰੇਰਨਾ ਤਦ ਹੀ ਪੂਰੀ ਤਰ੍ਹਾਂ ਅਸਰ ਕਰਦੀ ਹੈ ਜੇਕਰ ਪ੍ਰੇਰਨਾ ਦੇਣ ਵਾਲਾ ਆਪ ਉਸਾਰੂ ਸਿਧਾਂਤਾਂ 'ਤੇ ਡਟ ਕੇ ਪਹਿਰਾ ਦੇਣ ਲਈ ਯਤਨਸ਼ੀਲ ਹੋਵੇ। ਹਾਂ, ਇਸ ਖੇਤਰ ਵਿੱਚ ਦੁਖੀ ਮਾਪਿਆਂ ਦਾ ਆਰਥਿਕ ਸ਼ੋਸ਼ਣ ਕਰਨ ਵਾਲੇ ਅਤੇ ਜਵਾਨੀ ਨੂੰ ਸਿਵਿਆਂ ਦੇ ਰਾਹ ਪਾਉਣ ਵਾਲਿਆਂ ਨੂੰ ਸਮਾਂ ਆਉਣ 'ਤੇ ਆਪਣੇ ਬੀਜੇ ਕੰਡੇ ਆਪ ਚੁਗਣੇ ਪੈਣਗੇ।

ਲੇਖਕ : ਅਭੈ ਸਿੰਘ, ਸੰਪਰਕ: 98783-75903

# ਗੱਲਾਂ ਮੱਕੀ ਦੀ ਰੋਟੀ ਅਤੇ ਸਰ੍ਹੋਂ ਦੇ ਸਾਗ ਦੀਆਂ

ਪਤਾ ਨਹੀ ਕਦੋਂ, ਕਿੱਥੇ ਤੇ ਕਿਹੜੇ ਅਦਾਰੇ ਵੱਲੋਂ ਅਜਿਹਾ ਐਲਾਨ ਕੀਤਾ ਗਿਆ ਕਿ ਪੰਜਾਬ ਦਾ ਵਿਸ਼ੇਸ਼ ਖਾਣਾ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਹੋਵੇਗਾ, ਪਰ ਇਹ ਬਣ ਚੁੱਕਾ ਹੈ। ਹੋਰ ਵੀ ਕਈ ਚੀਜ਼ਾਂ ਮਸ਼ਹੂਰ ਹਨ ਜਿਵੇਂ ਅੰਮ੍ਰਿਤਸਰੀ ਕੁਲਚੇ ਤੇ ਅੰਮ੍ਰਿਤਸਰੀ ਮੱਛੀ ਵਗੈਰਾ, ਪਰ ਪੂਰੇ ਪੰਜਾਬ ਦੇ ਤੌਰ 'ਤੇ ਮੱਕੀ ਦੀ ਰੋਟੀ ਤੇ ਸਰ੍ਹੋਂ ਦੇ ਸਾਗ ਦੀ ਹਸਤੀ ਚੰਗੀ ਤਰ੍ਹਾਂ ਸਥਾਪਤ ਹੈ। ਪਹਿਲਿਆਂ ਵਿੱਚ ਇਹ ਬਿਲਕੁਲ ਪੇਂਡੂ ਖੁਰਾਕ ਹੀ ਸੀ ਤੇ ਇੱਕ ਹੱਦ ਤੱਕ ਗ਼ਰੀਬੀ ਦਾਵਏ ਦਾ ਖਾਣਾ ਸੀ।

ਸਾਉਣੀ ਦੀ ਮੁੱਖ ਫ਼ਸਲ ਮੱਕੀ ਹੁੰਦੀ ਸੀ। ਬਾਰਸ਼ਾਂ ਹੋਣ ਕਰਕੇ ਇਸ ਦੀ ਪੈਦਾਵਾਰ ਵੀ ਕਣਕ ਨਾਲੋਂ ਵੱਧ ਸੀ ਤੇ ਭਾਅ ਵਿੱਚ ਸਸਤੀ ਵੀ। ਸਿਆਲਾਂ ਵਿੱਚ ਮੱਕੀ ਦੀ ਰੋਟੀ ਉੱਪਰ ਇਸ ਕਰਕੇ ਵੀ ਜ਼ੋਰ ਹੁੰਦਾ ਸੀ ਕਿ ਚੇਤ ਤੇ ਵਿਸਾਖ ਦੇ ਮਹੀਨਿਆਂ ਤੱਕ ਕਣਕ ਦੀ ਕਮੀ ਨਾ ਆ ਜਾਵੇ। ਇਨ੍ਹਾਂ ਮਹੀਨਿਆਂ ਨੂੰ ਥੋੜ੍ਹ ਦੇ ਪੱਖੋਂ ਤੇਰਵਾਂ ਮਹੀਨਾ ਕਿਹਾ ਜਾਂਦਾ ਸੀ। ਸ਼ਾਇਦ ਇਸੇ ਕਰਕੇ ਕਈ ਵਾਰ ਜਦੋਂ ਸਾਗ ਤੇ ਮੱਕੀ ਦੀ ਰੋਟੀ ਬਣੀ ਹੋਈ ਤੋਂ ਪ੍ਰਾਹੁਣਾ ਆ ਜਾਵੇ ਤਾਂ ਉਸ ਵਾਸਤੇ ਉਚੇਚਾ ਕਣਕ ਦਾ ਆਟਾ ਗੁੰਨ੍ਹਿਆ ਜਾਂਦਾ ਸੀ ਤੇ ਦਾਲ ਚੜ੍ਹਾਈ ਜਾਂਦੀ ਸੀ।

ਕਦੇ ਸਕੂਲਾਂ ਦੇ ਬੱਚਿਆਂ ਨੂੰ ਦੁਪਹਿਰ ਦੇ ਖਾਣੇ ਵਾਸਤੇ ਮੱਕੀ ਦੀ ਰੋਟੀ ਭੁਰ ਕੇ ਗੁੜ ਵਿੱਚ ਗੁੰਨ੍ਹੀ ਚੂਰੀ ਆਮ ਹੁੰਦੀ ਸੀ ਜੋ ਕੱਪੜੇ ਦੇ ਪੋਣੇ ਵਿੱਚ ਘੁੱਟ ਕੇ ਬੱਧੀ ਹੁੰਦੀ ਸੀ। ਸਿਆਲਾਂ ਦੇ ਦਿਨਾਂ ਵਿੱਚ ਇਨ੍ਹਾਂ ਵਿਚਲਾ ਘਿਓ ਜੰਮ ਕੇ ਚੂਰੀ ਨੂੰ ਸਖ਼ਤ ਬਣਾ ਦਿੰਦਾ ਸੀ। ਇੱਥੋਂ ਤੱਕ ਸੁਣਿਆ ਕਿ ਕਿਧਰੇ ਮੁੰਡੇ ਲੜਦੇ ਹੋਏ ਬਸਤਿਓਂ ਬਸਤੀ ਹੋ ਗਏ ਤਾਂ ਬਸਤੇ ਵਿਚਲੀ ਚੂਰੀ ਵੱਜਣ ਨਾਲ ਇੱਕ ਮੁੰਡੇ ਦੇ ਮੱਥੇ 'ਤੇ ਰੋਬੜਾ ਪੈ ਗਿਆ। ਅੱਜਕੱਲ੍ਹ ਯੂ ਟਿਊਬ ਉੱਪਰ ਬਹੁਤ ਤਰੀਕੇ ਦੱਸੇ ਜਾਂਦੇ ਹਨ ਕਿ ਕਿਵੇਂ ਮੱਕੀ ਦੀ ਰੋਟੀ ਵੀ ਕਣਕ ਦੀ ਰੋਟੀ ਵਾਂਗ ਪਤਲੀ ਤੇ ਕੂਲੀ ਬਣਾਈ ਜਾ ਸਕਦੀ ਹੈ। ਠੀਕ ਹੈ, ਪਰ ਫਿਰ ਬੰਦਾ ਕਣਕ ਦੀ ਹੀ ਕਿਉਂ ਨਾ ਖਾ ਲਵੇ। ਮੱਕੀ ਦਾ ਸਵਾਦ ਹੀ ਮੋਟੀ ਰੋਟੀ ਨਾਲ ਬਣਦਾ ਹੈ। ਤਦੇ ਤਾਂ ਇੱਕ ਕਿੱਸਾ ਬਣਿਆ ਹੈ ਕਿ ਇੱਕ ਅੰਗਰੇਜ਼ ਨੇ ਖਾਣਾ ਮੰਗਿਆ। ਕਿਸੇ ਨੇ ਮੱਕੀ ਦੀ ਰੋਟੀ ਉੱਪਰ ਸਾਗ ਰੱਖ ਕੇ ਦੇ ਦਿੱਤਾ। ਉਹ ਥੋੜ੍ਹੀ ਦੇਰ ਬਾਅਦ ਸਾਗ ਖਾ ਕੇ ਮੱਕੀ ਦੀ ਰੋਟੀ ਧੋ ਕੇ ਵਾਪਸ ਕਰ ਗਿਆ ਕਿ ਤੁਹਾਡਾ ਖਾਣਾ ਬਹੁਤ ਸਵਾਦ ਸੀ, ਇਹ ਸੰਭਾਲੋ ਆਪਣੀ ਥਾਲੀ। ਇਹ ਹੁੰਦੀ ਹੈ ਮੱਕੀ ਦੀ ਰੋਟੀ। ਅੱਜ ਜੀਟੀ ਰੋਡ ਦੇ ਢਾਬਿਆਂ ਉੱਪਰ 'ਮੱਕੀ ਦੀ ਰੋਟੀ ਤੇ ਸਰ੍ਹੋਂ ਦੇ ਸਾਗ' ਦੇ ਵੱਡੇ ਬੋਰਡ ਤੁਹਾਨੂੰ ਦੂਰੋਂ ਹੀ ਵਿਖਾਈ ਦਿੰਦੇ ਹਨ। ਇਹ ਬੋਰਡ ਕੁਝ ਅਜਿਹੇ ਢਾਬਿਆਂ 'ਤੇ ਵੀ ਲੱਗੇ ਹੁੰਦੇ ਹਨ ਜਿਹੜੇ ਫਾਈਵ ਸਟਾਰ ਹੋਟਲਾਂ ਵਾਲੀ ਦਿੱਖ ਰੱਖਦੇ ਹਨ, ਹਾਲਾਂਕਿ ਛਪੇ ਹੋਏ ਮੈਨਿਊ ਉੱਪਰ ਇਸ ਦੇ ਅੱਗੇ ਬਰੈਕਟਾਂ ਵਿੱਚ ਸੀਜ਼ਨਲ ਲਿਖਿਆਂ ਹੁੰਦਾ ਹੈ, ਭਾਵ ਕਿ ਇਹ ਡਿਸ਼ ਸਿਰਫ਼ ਸਰਦੀਆਂ ਵਿੱਚ ਹੀ ਉਪਲੱਬਧ ਹੋਵੇਗੀ। ਵਿਆਹ ਸ਼ਾਦੀਆਂ ਮੌਕੇ ਵੀ ਮੈਰਿਜ ਪੈਲੇਸਾਂ ਵਿੱਚ ਲੱਗੇ ਖਾਣ ਦੇ ਮੇਜ਼ਾਂ ਉੱਪਰ ਮੱਕੀ ਦੀ ਰੋਟੀ ਤੇ ਸਰ੍ਹੋਂ ਦੇ ਸਾਗ ਦੇ ਸਟਾਲ ਲੱਗੇ ਵੇਖੇ ਜਾਂਦੇ ਹਨ। ਹੋ ਸਕਦਾ ਹੈ ਕਿ ਮੇਰੇ ਵਰਗੇ ਹੋਰ ਵੀ ਕਈ ਹੋਣ ਜਿਹੜੇ ਛੱਤੀ ਪ੍ਰਕਾਰ ਦੇ ਪਕਵਾਨ ਛੱਡ ਕੇ ਸਾਗ ਨਾਲ ਮੱਕੀ ਦੀ ਰੋਟੀ ਖਾ ਕੇ ਮੇਜ਼ਬਾਨਾਂ ਨੂੰ ਫਤਿਹ ਬੁਲਾਉਣ ਤੇ ਰੁਖ਼ਸਤੀ ਲੈਣ ਚਲੇ ਜਾਂਦੇ ਹੋਣਗੇ। ਸ਼ਹਿਰਾਂ ਵਿੱਚ ਕਈ ਫੂਡ ਕਾਰਨਰਾਂ ਉੱਪਰ ਮੱਕੀ ਦੀ ਰੋਟੀ ਤੇ ਸਰ੍ਹੋਂ ਦੇ ਸਾਗ ਦੇ ਬੋਰਡ ਲੱਗੇ ਮਿਲਦੇ ਹਨ। ਕਈ ਰੇਹੜੀਆਂ ਤੇ ਸੜਕ ਕਿਨਾਰੇ ਦੇ ਬੂਥ ਖਾਸ ਤੌਰ 'ਤੇ ਇਸ ਡਿਸ਼ ਵਾਸਤੇ ਮਸ਼ਹੂਰ ਹਨ।

ਫਿਰ ਵੀ ਇਸ ਦੀ ਸਾਦਗੀ, ਸਾਧਾਰਨਤਾ ਤੇ ਦੂਜੇ ਸ਼ਬਦਾਂ ਵਿੱਚ ਗ਼ਰੀਬੀ ਦਾਅਵਾ ਵੀ ਕਾਇਮ ਹੈ। ਇੱਕ ਵਾਰ ਕੈਨੇਡਾ ਦੀ ਇੱਕ ਏਅਰਲਾਈਨ ਨੇ ਇਸ਼ਤਿਹਾਰ ਦਿੱਤਾ ਕਿ ਉਨ੍ਹਾਂ ਦੀ ਕੰਪਨੀ ਦੇ ਜਹਾਜ਼ਾਂ ਵਿੱਚ ਉਡਾਣ ਭਰੋ ਤਾਂ ਤੁਹਾਨੂੰ ਉਡਾਣ ਵਿੱਚ ਮੱਕੀ ਦੀ ਰੋਟੀ ਤੇ ਸਾਗ ਵਰਤਾਇਆ ਜਾਵੇਗਾ। ਸੁਣਿਆ ਹੈ ਕਿ ਸਾਡੇ ਕਈ ਪੰਜਾਬੀ ਭੈਣ-ਭਰਾਵਾਂ ਨੇ ਆਪਣੀਆਂ ਟਿਕਟਾਂ ਹੀ ਕੈਂਸਲ ਕਰਵਾ ਲਈਆਂ ਕਿ ਕੀ ਹਵਾਈ ਜਹਾਜ਼ ਵਿੱਚ ਬੈਠ ਕੇ ਵੀ ਸਾਗ ਤੇ ਮੱਕੀ ਦੀ ਰੋਟੀ ਹੀ ਖਾਵਾਂਗੇ। ਇੱਥੇ ਮੇਰੇ ਕੋਲ ਵੀ ਮੇਰੇ ਪਿੰਡਾਂ ਵੱਲ ਤੋਂ ਮੇਰੇ ਭਤੀਜੇ-ਭਤੀਜੀਆਂ ਤੇ ਬੱਚੇ ਆਏ। ਮੈਂ ਉਨ੍ਹਾਂ ਨੂੰ ਬੜੇ ਚਾਅ ਨਾਲ ਸ਼ਹਿਰੋਂ ਬਾਹਰ ਇੱਕ ਢਾਬੇ 'ਤੇ ਲੈ ਗਿਆ ਤੇ ਦੱਸਿਆ ਕਿ ਇਹ ਢਾਬਾ ਮੱਕੀ ਦੀ ਰੋਟੀ ਤੇ ਸਰ੍ਹੋਂ ਦੇ ਸਾਗ ਵਾਸਤੇ ਮਸ਼ਹੂਰ ਹੈ। ਉਨ੍ਹਾਂ ਵਿੱਚੋਂ ਇੱਕ ਆਵਾਜ਼ ਆਈ ਕਿ ਉਹ ਤਾਂ ਰੋਜ਼ ਦਿਹਾੜੀ ਸਾਗ ਹੀ ਖਾ ਖਾ ਕੇ ਅੱਕੇ ਪਏ ਹਨ, ਇਸ ਵਾਸਤੇ ਜੇ ਸ਼ਹਿਰ ਆਏ ਹਾਂ ਤਾਂ ਕੋਈ ਚੱਜ ਦੀ ਚੀਜ਼ ਖਵਾਈ ਜਾਵੇ। ਉਨ੍ਹਾਂ ਵਾਸਤੇ ਛੋਲੇ ਭਟੂਰੇ ਹੀ ਸ਼ਾਹੀ ਖਾਣਾ ਸੀ। ਹਾਲਾਂਕਿ ਅਜਿਹੇ ਖਾਣੇ ਤਾਂ ਹੁਣ ਪਿੰਡਾਂ ਤੇ ਛੋਟੇ ਕਸਬਿਆਂ ਵਿੱਚ ਵੀ ਬਹੁਤ ਮਿਲਣ ਲੱਗ ਪਏ ਹਨ। ਕਿਸੇ ਦਾ ਲਿਖਿਆ ਅਖ਼ਬਾਰ ਵਿੱਚ ਵੀ ਪੜ੍ਹਿਆ ਸੀ ਕਿ ਹੁਣ ਉਲਟੀ ਗੰਗਾ ਬਹਿਣ ਲੱਗ ਪੈਣੀ ਹੈ, ਪਿੰਡਾਂ ਵਿੱਚ ਤੇ ਬਹਿਕਾਂ ਵਿੱਚ ਵੀ ਪੀਜ਼ਾ ਤੇ ਬਰਗਰ ਪਹੁੰਚ ਰਹੇ ਹਨ ਤੇ ਸ਼ਹਿਰਾਂ ਦਾ ਰੁਝਾਨ ਮੱਕੀ ਦੀ ਰੋਟੀ ਤੇ ਸਾਗ ਵੱਲ ਵੱਧ ਰਿਹਾ ਹੈ। ਅੱਜਕੱਲ੍ਹ ਪਿੰਡਾਂ ਦੀਆਂ ਗਲੀਆਂ ਤੇ ਬਹਿਕਾਂ ਵਿੱਚ ਵੀ ਜ਼ੋਮੈਟੋ ਦੇ ਮੋਟਰਸਾਈਕਲ ਪਹੁੰਚ ਰਹੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਮੂਲ ਰੂਪ ਵਿੱਚ ਪੰਜਾਬੀ ਡਿਸ਼ ਵਜੋਂ ਸਥਾਪਤ ਹੈ, ਪ੍ਰਵਾਨ ਹੈ, ਪਰ ਅਜਿਹੀਆਂ ਲਜ਼ੀਜ਼ ਵਸਤੂਆਂ ਸਿਆਸਤਦਾਨਾਂ ਦੀਆਂ ਬਣਾਈਆਂ ਲਕੀਰਾਂ ਦੇ ਘੇਰੇ ਵਿੱਚ ਹੀ ਸੀਮਤ ਨਹੀਂ ਰਹਿ ਸਕਦੀਆਂ। ਇਹ ਖਾਣਾ ਚੜ੍ਹਦੇ ਤੇ ਲਹਿੰਦੇ ਦੋਹਾਂ ਪੰਜਾਬਾਂ ਦੀ ਸ਼ਾਨ ਹੈ ਤੇ ਇਸ ਤੋਂ ਇਲਾਵਾ ਜਿੱਧਰ ਜਿੱਧਰ ਵੀ ਪੰਜਾਬੀ ਜ਼ੁਬਾਨ ਤੇ ਕਲਚਰ ਹੈ, ਇਹ ਵੀ ਮੌਜੂਦ ਹੈ। ਸਾਡੇ ਵਰਤਮਾਨ ਪੰਜਾਬੀ ਸੂਬੇ ਦੀਆਂ ਸਰਹੱਦਾਂ ਤੋਂ ਬਾਹਰ ਹਰਿਆਣਾ, ਹਿਮਾਚਲ ਤੇ ਜੰਮੂ ਕਸ਼ਮੀਰ ਦੇ ਇਲਾਕਿਆਂ ਵਿੱਚ ਵੀ ਇਸ ਦਾ ਅਹਿਮ ਮੁਕਾਮ ਹੈ। ਜੰਮੂ ਦੇ ਨਜ਼ਦੀਕ ਪਤਨੀ ਟਾਪ 'ਤੇ ਸੈਰ ਸਟਾਪਾ ਸਥਾਨ 'ਤੇ ਜਾਂਦਿਆਂ ਬੱਸ ਵਿੱਚ ਇੱਕ ਡੋਗਰੀ ਗਾਣਾ ਚੱਲਦਾ ਸੀ, "ਜ਼ੋਰਾਂ ਦੀ ਭੁੱਖ ਲੱਗਦੀ, ਰੋਟੀਆਂ ਪਕਾਈਦੇ ਚਾਰ। ਮੱਕੀਏ ਦਾ ਢੋਡਾ ਬਣਦਾ ਤੇ ਸਿਰਿਆਂ ਦਾ ਬਣਦਾ ਏ ਸਾਗ।"

ਇਸ ਤੋਂ ਅੱਗੇ ਕਸ਼ਮੀਰ ਵਾਦੀ ਵਿੱਚ ਵੀ ਇੱਕ ਵੱਖਰੀ ਤਰ੍ਹਾਂ ਦਾ ਸਾਗ ਹੈ ਜਿਸ ਨੂੰ ਉਹ ਕਸ਼ਮੀਰੀ ਸਾਗ ਕਹਿੰਦੇ ਹਨ। ਜ਼ਮੀਨ ਦੇ ਹੇਠਾਂ ਸਾਡੀ ਗੰਢ ਗੋਭੀ ਵਰਗਾ ਇੱਕ ਡਲਾ ਹੁੰਦਾ ਹੈ ਤੇ ਉੱਪਰ ਸਰ੍ਹੋਂ ਵਰਗੀਆਂ ਹੀ ਗੰਦਲਾਂ। ਇਹ ਸਾਗ ਮੱਕੀ ਦੀ ਰੋਟੀ ਨਾਲ ਨਹੀਂ ਚੌਲਾਂ ਨਾਲ ਖਾਧਾ ਜਾਂਦਾ ਹੈ। ਇੱਥੇ ਮੱਕੀ ਦੀ ਰੋਟੀ ਵੀ ਬਣਦੀ ਹੈ ਜੋ ਅਕਸਰ ਲੂਣੀ ਚਾਹ ਨਾਲ ਹੀ ਖਾਧੀ ਜਾਂਦੀ ਹੈ। ਬੰਗਾਲ ਵਿੱਚ ਲਾਲ ਚਲਾਈ ਦਾ ਸਾਗ ਚੱਲਦਾ ਹੈ ਜਿਸ ਨੂੰ ਉਹ ਮੱਛੀ ਨਾਲ ਵੀ ਪਕਾਉਂਦੇ ਹਨ।

ਦਰਅਸਲ, ਸਾਰੀ ਦੁਨੀਆ ਵਿੱਚ ਕਿਸੇ ਨਾ ਕਿਸੇ ਨਾਮ ਤੇ ਰੂਪ ਵਿੱਚ ਸਾਗ ਬਣਦਾ ਹੀ ਹੈ। ਸਮੁੰਦਰੀ ਬਨਸਪਤੀ ਵੀ ਇੱਕ ਤਰ੍ਹਾਂ ਦਾ ਸਾਗ ਹੀ ਹੈ, ਪਰ ਪੰਜਾਬ ਦੀ ਮੱਕੀ ਦੀ ਰੋਟੀ ਤੇ ਸਰ੍ਹੋਂ ਦੇ ਸਾਗ ਦੀ ਆਪਣੀ ਹੀ ਰੰਗਤ ਹੈ ਜੋ ਅੱਜ ਦੇ ਪੰਜਾਬ ਦੀਆਂ ਸਰਕਾਰੀ ਸਰਹੱਦਾਂ ਤੋਂ ਬਾਹਰ ਵੀ ਉਛਲਦੀ ਹੈ।

# ਬਹੁਪੱਖੀ ਸੰਕਟਾਂ ਵਿਚ ਫਸੇ ਪੰਜਾਬ ਦਾ ਹੱਲ ਕੀ ਹੋਵੇ?

ਲੇਖਕ : ਡਾਕਟਰ ਪਰਮਜੀਤ ਸਿੰਘ ਢੀਂਗਰਾ

ਜਦੋਂ ਅਸੀਂ ਅਜੋਕੇ ਪੰਜਾਬ ਦੇ ਸਰੋਕਾਰਾਂ ਦੀ ਗੱਲ ਕਰਦੇ ਹਾਂ ਤਾਂ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਸਾਡਾ ਇਸ ਤੋਂ ਭਾਵ 21ਵੀਂ ਸਦੀ ਦੇ ਪਹਿਲੇ 3 ਦਹਾਕਿਆਂ ਦਾ ਪੰਜਾਬ ਹੈ।

ਭਾਵੇਂ ਪਿਛਲੀ ਸਦੀ ਦੇ ਅਖੀਰਲੇ ਦਹਾਕੇ ਵਿਚ ਐਲ.ਪੀ.ਜੀ. (ਲਿਬਰਲਾਈਜੇਸ਼ਨ, ਪ੍ਰਾਈਵੇਟਾਈਜੇਸ਼ਨ, ਗਲੋਬਲਾਈਜੇਸ਼ਨ) ਭਾਵ ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦੇ ਮਾਡਲ ਅਧੀਨ ਜੋ ਨੀਤੀਆਂ ਘੜੀਆਂ ਗਈਆਂ ਤੇ ਕੌਮਾਂਤਰੀ ਵਪਾਰ ਸਮਝੌਤੇ ਕੀਤੇ ਗਏ, ਜਿਨ੍ਹਾਂ ਦਾ ਜ਼ਹਿਰੀਲਾ ਅਸਰ 21ਵੀਂ ਸਦੀ 'ਚ ਧੀਮੇ ਜ਼ਹਿਰ ਵਜੋਂ ਸ਼ੁਰੂ ਹੋਇਆ ਤੇ ਹੁਣ ਵੀ ਲਗਾਤਾਰ ਹੋ ਰਿਹਾ ਹੈ। ਇਸ ਨੇ ਆਰਥਿਕ, ਸਮਾਜਿਕ, ਰਾਜਨੀਤਕ, ਭਾਸ਼ਾਈ ਤੇ ਸੱਭਿਆਚਾਰਕ ਸਰੋਕਾਰਾਂ ਦੇ ਨਾਲ ਹੀ ਸਿੱਖਿਆ, ਸਿਹਤ ਤੇ ਕੁਦਰਤੀ ਸਰੋਤਾਂ ਨੂੰ ਨਸ਼ਟ ਕਰਨ 'ਚ ਕੋਈ ਕਸਰ ਨਹੀਂ ਛੱਡੀ। ਪੰਜਾਬ ਦੀ ਹਾਲਤ ਦਿਨ-ਬ-ਦਿਨ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਇਸ ਦੇ ਮੁੱਖ ਕਾਰਨਾਂ ਦੀ ਘੋਖ ਕਰਕੇ ਹੀ ਅਸੀਂ ਪੰਜਾਬ ਦੀ ਬਿਹਤਰੀ ਲਈ ਕੋਈ ਸੂਝ ਭਰਿਆ ਹੱਲ ਲੱਭ ਸਕਦੇ ਹਾਂ।

ਰਾਜਨੀਤਕ ਤੌਰ 'ਤੇ ਪੰਜਾਬ ਦਾ ਮੌਜੂਦਾ ਦ੍ਰਿਸ਼ ਬੇਹੱਦ ਨਿਰਾਸ਼ਾਜਨਕ ਹੈ। ਪਿਛਲੀਆਂ ਸਰਕਾਰਾਂ ਤੇ ਵਰਤਮਾਨ ਹਾਕਮ ਧਿਰ ਕੋਲ ਡੁੱਬਦੇ ਜਾ ਰਹੇ ਪੰਜਾਬ ਨੂੰ ਬਚਾਉਣ/ਸਾਂਭਣ ਦਾ ਕੋਈ ਨੀਤੀਗਤ ਮਾਡਲ ਨਹੀਂ ਹੈ। ਜਿਹੜੀ ਵੀ ਸਰਕਾਰ ਆਉਂਦੀ ਹੈ ਉਹ ਨੀਤੀਆਂ ਦੀ ਬਜਾਏ ਜੁਮਲੇ ਘੜਦੀ ਹੈ। ਕੋਈ ਸੂਬੇ ਨੂੰ ਕੈਲੀਫੋਰਨੀਆ ਬਣਾਉਣ ਤੇ ਕੋਈ ਰੰਗਲਾ ਪੰਜਾਬ ਬਣਾਉਣ ਦਾ ਜੁਮਲਾ ਘੜਦਾ ਹੈ, ਪਰ ਪੰਜਾਬ ਨਾ ਤਾਂ ਕੈਲੇਫੋਰਨੀਆ ਤੇ ਨਾ ਹੀ ਰੰਗਲਾ ਬਣ ਸਕਿਆ। ਪੰਜਾਬ ਨੂੰ ਆਉਣ ਵਾਲੇ ਨੋਟਾਂ ਦੇ ਭਰੇ ਕਥਿਤ ਟਰੱਕ ਕਿਤੇ ਰਾਹ 'ਚ ਹੀ ਲੁੱਟ ਲਏ ਗਏ।ਪੰਜਾਬ 'ਤੇ ਕਾਬਜ਼ ਰਾਜਨੀਤਕ ਧਿਰਾਂ ਨੇ ਕਦੇ ਵੀ ਇਤਿਹਾਸ ਤੋਂ ਕੋਈ ਸਬਕ ਨਹੀਂ ਸਿੱਖਿਆ। ਸਿੱਖਾਂ ਨੇ ਕਦੇ ਦਿੱਲੀ ਜਿੱਤ ਕੇ ਨਿਸ਼ਾਨ ਸਾਹਿਬ ਗੱਡ ਕੇ ਛੱਡ ਦਿੱਤੀ ਸੀ ਤੇ ਉਹ ਅੰਗਰੇਜ਼ਾਂ ਦੇ ਖ਼ਿਲਾਫ਼ ਜਾਨ ਹੂਲ ਕੇ ਲੜੇ, ਪਰ ਪੰਜਾਬ 'ਤੇ ਅੰਗਰੇਜ਼ਾਂ ਨੇ ਕਾਬਜ਼ ਹੋਣ ਤੋਂ ਬਾਅਦ ਉਨ੍ਹਾਂ ਨੇ ਸਿੱਖਾਂ ਨੂੰ ਨਿਹੱਥੇ ਕਰਕੇ ਉਨ੍ਹਾਂ ਦੇ ਹਥਿਆਰ ਵੀ ਖੋਹ ਲਏ। ਫਿਰ ਵੀ ਅੰਗਰੇਜ਼ਾਂ ਨੂੰ ਸਭ ਤੋਂ ਵੱਧ ਚੁਣੌਤੀ ਪੰਜਾਬ ਤੋਂ ਹੀ ਮਿਲੀ। ਪੰਜਾਬੀ ਫਾਂਸੀਆਂ ਚੜ੍ਹਨ, ਕਾਲੇ ਪਾਣੀਆਂ ਦੀਆਂ ਸਜ਼ਾਵਾਂ ਤੇ ਉਮਰ ਕੈਦ ਕੱਟਣ 'ਚ ਪਹਿਲੇ ਨੰਬਰ 'ਤੇ ਹਨ, ਪੰਜਾਬ ਨੇ ਕਦੇ ਵੀ ਦਿੱਲੀ ਦੀ ਈਨ ਨਹੀਂ ਮੰਨੀ। ਸ਼ਾਹ ਮੁਹੰਮਦ 'ਜੰਗ ਹਿੰਦ, ਪੰਜਾਬ ਦਾ ਹੋਣ ਲੱਗਾ' 'ਚ ਪੰਜਾਬ ਨੂੰ ਵੱਖਰੀ ਇਕਾਈ ਮੰਨਦਾ ਹੈ,ਪੰਜਾਬੀਆਂ ਲਈ ਇਹ ਧਰਤੀ ਦੇਸ਼ ਪੰਜਾਬ ਹੈ।

ਪੰਜਾਬ ਦੀ ਰਾਜਨੀਤੀ 'ਚ ਦਿੱਲੀ ਦੀ ਵਧਦੀ ਦਖ਼ਲਅੰਦਾਜ਼ੀ ਨੇ ਪੰਜਾਬੀਆਂ ਦੇ ਮਨਾਂ ਵਿਚ ਇਸ ਸ਼ੱਕ ਨੂੰ ਵਧਾ ਦਿੱਤਾ ਹੈ ਕਿ ਪੰਜਾਬ ਦੀ ਵੰਡ ਤੋਂ ਲੈ ਕੇ ਇਸ ਦੇ ਪੁਨਰ ਗਠਨ, ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਬਿਜਲੀ, ਪਾਣੀਆਂ, ਹੈੱਡ ਵਰਕਸ ਤੇ ਆਰਥਿਕ ਸਰੋਤਾਂ ਤੱਕ ਹਰ ਥਾਂ ਇਸ ਨਾਲ ਧ੍ਰੋਹ ਕਮਾਇਆ ਗਿਆ ਹੈ। ਪੰਜਾਬ ਦੀ ਹਰ ਸਰਕਾਰ ਨੇ ਪੰਜਾਬ ਦੀ ਇਤਿਹਾਸਕ ਸੋਚ ਦੇ ਨੀਤੀਗਤ ਮਾਡਲ ਨੂੰ ਸਿਰਜਣ ਦੀ ਥਾਂ ਦਿੱਲੀ ਦੀ ਨੌਕਰਸ਼ਾਹੀ 'ਤੇ ਵਧੇਰੇ ਟੇਕ ਰੱਖੀ ਹੈ। ਜਦੋਂ ਵੀ ਦਿੱਲੀ ਤੋਂ ਆਰਥਿਕ ਸਲਾਹਕਾਰ ਲਿਆਂਦੇ ਗਏ, ਤਾਂ ਇਸ ਦੀ ਆਲੋਚਨਾ ਹੋਈ, ਫਿਰ ਵੀ ਉਨ੍ਹਾਂ ਨੂੰ ਹਮੇਸ਼ਾ ਸ਼ਾਹੀ ਰੁਤਬੇ ਦੇ ਕੇ ਨਿਵਾਜਿਆ ਗਿਆ ਹੈ। ਅਜਿਹੇ ਆਰਥਿਕ ਸਲਾਹਕਾਰ ਅਕਸਰ ਕਾਰਪੋਰੇਟ ਪੱਖੀ ਹੁੰਦੇ ਹਨ, ਜੋ ਲੋਕ ਹਿੱਤਾਂ ਦੀ ਬਜਾਏ ਕਾਰਪੋਰੇਟ ਸੈਕਟਰ ਦਾ ਵਧੇਰੇ ਧਿਆਨ ਰੱਖਦੇ ਹਨ। ਕੀ ਪੰਜਾਬ ਨੂੰ ਸਮਝਣ ਵਾਲੇ ਪੰਜਾਬੀ ਨੀਤੀ ਘਾੜਿਆਂ ਦਾ ਕਾਲ ਹੈ? ਕੀ ਪੰਜਾਬ ਕੋਲ ਅਕਾਦਮਿਕ ਯੋਗਤਾ ਦੀ ਘਾਟ ਹੈ? ਪਿਛਲੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਉਨ੍ਹਾਂ ਦੇ ਜੁਮਲਿਆਂ ਤੇ ਫੋਕੀਆਂ ਤਸੱਲੀਆਂ ਤੋਂ ਅੱਕੇ ਲੋਕਾਂ ਨੇ ਦਿੱਲੀ ਵਲੋਂ ਆਈ ਹਨੇਰੀ 'ਤੇ ਭਰੋਸਾ ਕਰ ਲਿਆ ਤੇ ਬਦਲਾਅ ਦਾ ਨਾਅਰਾ ਦੇਣ ਵਾਲਿਆਂ ਦੀ ਅਜਿਹੀ ਸਰਕਾਰ ਬਣਾ ਦਿੱਤੀ, ਜਿਸ ਬਾਰੇ ਸ਼ਾਇਦ ਉਨ੍ਹਾਂ ਖੁਦ ਵੀ ਨਾ ਸੋਚਿਆ ਹੋਵੇ। ਪਰ ਪੰਜਾਬੀਆਂ ਨੂੰ ਛੇਤੀ ਅਹਿਸਾਸ ਹੋ ਗਿਆ ਕਿ ਇਹ ਬਦਲਾਅ ਤਾਂ ਪਹਿਲਾਂ ਵਾਲੇ ਜੁਮਲੇਬਾਜ਼ਾਂ ਤੋਂ ਵੱਖਰਾ ਨਹੀਂ ਹੈ।ਇਸ ਸਰਕਾਰ ਨੇ ਗਾਰੰਟੀਆਂ ਦਾ ਇਕ ਨਵਾਂ ਵਿਧਾਨ ਘੜ ਕੇ ਮੁਫ਼ਤ ਦੀ ਝਾਕ ਵਾਲੇ ਲੋਕਾਂ ਦੇ ਲਾਲਚ ਨੂੰ ਖੂਬ ਹੁਲਾਰਾ ਦਿੱਤਾ। ਆਮ ਲੋਕ ਗੰਧਲੀ ਹੋ ਚੁੱਕੀ ਰਾਜਨੀਤੀ ਤੋਂ ਬੇਚੈਨ ਹੋਣ ਲੱਗੇ ਹਨ।

ਅਕਾਲੀ ਦਲ ਕਦੇ ਪੰਜਾਬ ਦੇ ਮੁੱਦਿਆਂ ਨੂੰ ਉਠਾਉਂਦਾ ਰਿਹਾ ਤੇ ਉਸ ਨੂੰ ਲੋਕਾਂ ਦਾ ਪੂਰਾ ਸਾਥ ਵੀ ਮਿਲਿਆ ਤੇ ਉਸ ਨੂੰ ਪੰਜਾਬ ਪ੍ਰਸਤ ਪਾਰਟੀ ਵਜੋਂ ਵੇਖਿਆ ਜਾਂਦਾ ਰਿਹਾ। ਪਰ ਪਿਛਲੇ ਕੁਝ ਅਰਸੇ ਤੋਂ ਅਕਾਲੀ ਦਲ ਨੂੰ ਇਕ ਰਾਜਨੀਤਕ ਪਾਰਟੀ ਦੀ ਬਜਾਏ ਪ੍ਰਾਈਵੇਟ ਕੰਪਨੀ ਵਾਂਗ ਚਲਾਇਆ ਜਾ ਰਿਹਾ ਹੈ। ਕਦੇ ਕਾਂਗਰਸ ਦੀ ਤਬਾਹੀ ਦਾ ਕਾਰਨ ਪਰਿਵਾਰਵਾਦ ਬਣਿਆ ਹੈ, ਜਿਸ ਨੇ ਦੇਸ਼ 'ਚੋਂ ਪਾਰਟੀ ਦੀ ਸਰਦਾਰੀ ਖ਼ਤਮ ਕਰ ਦਿੱਤੀ। ਹੁਣ ਅਕਾਲੀ ਦਲ ਵੀ ਇਕ ਪਰਿਵਾਰਕ ਪਾਰਟੀ ਬਣਦਾ ਜਾ ਰਿਹਾ ਹੈ। ਪਾਰਟੀਆਂ ਦੀ ਅਜਿਹੀ ਰਾਜਨੀਤਕ ਸੋਚ ਕਰਕੇ ਪੰਜਾਬ ਦੇ ਹੱਕਾਂ ਦੀ ਗੱਲ ਕਰਨ ਤੇ ਲੜਨ ਵਾਲੀ ਕਿਸੇ ਸਿਆਸੀ ਜਮਾਤ ਦੀ ਅਣਹੋਂਦ ਕਰਕੇ ਪੰਜਾਬ ਦਾ ਰਾਜਨੀਤਕ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। ਲੀਡਰਾਂ ਦੇ ਇਕ ਸਿਆਸੀ ਪਾਰਟੀ ਨੂੰ ਛੱਡ ਕੇ ਦੂਜੀ ਵਿਚ ਜਾਣ ਨਾਲ ਰਾਜਸੀ ਖਲਾਅ ਵਧਣ ਦੇ ਨਾਲ ਹੀ ਲੀਡਰਾਂ ਦੀ ਲੋਕਾਂ ਪ੍ਰਤੀ ਜੁਆਬਦੇਹੀ ਵੀ ਖ਼ਤਮ ਹੁੰਦੀ ਜਾ ਰਹੀ ਹੈ।

ਕਿਸੇ ਵੀ ਖਿੱਤੇ ਦੀ ਖੁਸ਼ਹਾਲੀ ਉਸ ਦੇ ਪੈਦਾਵਾਰੀ ਸਾਧਨਾਂ 'ਤੇ ਨਿਰਭਰ ਕਰਦੀ ਹੈ। ਪੰਜਾਬ ਸ਼ੁਰੂ ਤੋਂ ਇਕ ਖੇਤੀਬਾੜੀ ਪ੍ਰਧਾਨ ਸੂਬਾ ਰਿਹਾ ਹੈ। ਐਲ.ਪੀ.ਜੀ. ਨੀਤੀ ਨੇ ਖੇਤੀਬਾੜੀ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ।

> *"ਕਿਸੇ ਵੀ ਖਿੱਤੇ ਦੀ ਖੁਸ਼ਹਾਲੀ ਉਸ ਦੇ ਪੈਦਾਵਾਰੀ ਸਾਧਨਾਂ 'ਤੇ ਨਿਰਭਰ ਕਰਦੀ ਹੈ। ਪੰਜਾਬ ਸ਼ੁਰੂ ਤੋਂ ਇਕ ਖੇਤੀਬਾੜੀ ਪ੍ਰਧਾਨ ਸੂਬਾ ਰਿਹਾ ਹੈ। ਐਲ.ਪੀ.ਜੀ. ਨੀਤੀ ਨੇ ਖੇਤੀਬਾੜੀ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ। ਕੇਂਦਰ ਨੇ ਇਸੇ ਕੜੀ ਵਿਚ 3 ਖੇਤੀ ਕਾਨੂੰਨ ਲਿਆਂਦੇ ਸਨ, ਜੋ ਵਾਪਸ ਲੈਣੇ ਪਏ ਹਨ। ਇਹ ਅਟੱਲ ਸੱਚਾਈ ਹੈ ਕਿ ਭਵਿੱਖ 'ਚ ਖੇਤੀ ਹੀ ਸਭ ਤੋਂ ਵੱਡਾ ਆਰਥਕ ਤੇ ਸੁਰੱਖਿਅਤ ਖੇਤਰ ਹੈ। ਮਨੁੱਖ ਨੂੰ ਜਿਊਂਦੇ ਰਹਿਣ ਲਈ ਹਮੇਸ਼ਾ ਖਾਣੇ ਦੀ ਲੋੜ ਰਹੇਗੀ, ਜਿਸ ਦੀ ਪੂਰਤੀ ਸਿਰਫ ਖੇਤੀ ਹੀ ਕਰ ਸਕਦੀ ਹੈ।ਕਦੇ ਭਾਰਤ ਭੁੱਖਮਰੀ ਦਾ ਸ਼ਿਕਾਰ ਸੀ, ਦੇਸ਼ ਨੂੰ ਪੰਜਾਬ ਨੇ ਹਰੇ ਇਨਕਲਾਬ ਰਾਹੀਂ ਅਨਾਜ ਪੱਖੋਂ ਆਤਮ ਨਿਰਭਰ ਬਣਾ ਦਿੱਤਾ। ਪਰ ਇਸ ਦੌਰਾਨ ਪੰਜਾਬ ਦੀ ਸਿਹਤ ਤੇ ਵਾਤਾਵਰਨ ਬੁਰੀ ਤਰ੍ਹਾਂ ਪਲੀਤ ਹੋ ਗਿਆ ਹੈ।"*




ਕੇਂਦਰ ਨੇ ਇਸੇ ਕੜੀ ਵਿਚ 3 ਖੇਤੀ ਕਾਨੂੰਨ ਲਿਆਂਦੇ ਸਨ, ਜੋ ਵਾਪਸ ਲੈਣੇ ਪਏ ਹਨ। ਇਹ ਅਟੱਲ ਸੱਚਾਈ ਹੈ ਕਿ ਭਵਿੱਖ 'ਚ ਖੇਤੀ ਹੀ ਸਭ ਤੋਂ ਵੱਡਾ ਆਰਥਕ ਤੇ ਸੁਰੱਖਿਅਤ ਖੇਤਰ ਹੈ। ਮਨੁੱਖ ਨੂੰ ਜਿਊਂਦੇ ਰਹਿਣ ਲਈ ਹਮੇਸ਼ਾ ਖਾਣੇ ਦੀ ਲੋੜ ਰਹੇਗੀ, ਜਿਸ ਦੀ ਪੂਰਤੀ ਸਿਰਫ ਖੇਤੀ ਹੀ ਕਰ ਸਕਦੀ ਹੈ।ਕਦੇ ਭਾਰਤ ਭੁੱਖਮਰੀ ਦਾ ਸ਼ਿਕਾਰ ਸੀ, ਦੇਸ਼ ਨੂੰ ਪੰਜਾਬ ਨੇ ਹਰੇ ਇਨਕਲਾਬ ਰਾਹੀਂ ਅਨਾਜ ਪੱਖੋਂ ਆਤਮ ਨਿਰਭਰ ਬਣਾ ਦਿੱਤਾ। ਪਰ ਇਸ ਦੌਰਾਨ ਪੰਜਾਬ ਦੀ ਸਿਹਤ ਤੇ ਵਾਤਾਵਰਨ ਬੁਰੀ ਤਰ੍ਹਾਂ ਪਲੀਤ ਹੋ ਗਿਆ ਹੈ। ਪੰਜਾਬ ਦੇ ਬਹੁਤੇ ਬਲਾਕ ਪਾਣੀ ਪੱਖੋਂ 'ਡਾਰਕ ਜ਼ੋਨ' ਵਿਚ ਆ ਗਏ ਹਨ। 15 ਲੱਖ ਤੋਂ ਵੱਧ ਟਿਊਬਵੈੱਲ ਧਰਤੀ ਨੂੰ ਖੋਖਲਾ ਕਰਦੇ ਜਾ ਰਹੇ ਹਨ।ਫ਼ਸਲੀ ਵਿਭਿੰਨਤਾ ਤੇ ਫ਼ਸਲਾਂ ਦੇ ਉਚਿਤ ਮੰਡੀਕਰਨ ਵੱਲ ਕਿਸੇ ਸਰਕਾਰ ਨੇ ਧਿਆਨ ਨਹੀਂ ਦਿੱਤਾ। ਮਿਡਲ ਈਸਟ 'ਚ ਸਬਜ਼ੀਆਂ, ਫਲਾਂ ਦੀ ਭਾਰੀ ਮੰਗ ਹੈ ਤੇ ਇਹ ਖਿੱਤਾ ਪੰਜਾਬ ਦੇ ਨੇੜੇ ਹੈ। ਅਨਾਜ, ਸਬਜ਼ੀਆਂ ਤੇ ਫਲਾਂ ਨੂੰ ਸਹਿਜੇ ਹੀ ਕੌਮਾਂਤਰੀ ਮੰਡੀ ਵਿਚ ਭੇਜਿਆ ਜਾ ਸਕਦੇ ਹੈ, ਪਰ ਇਸ ਬਾਰੇ ਕੋਈ ਸਰਕਾਰੀ ਨੀਤੀ ਨਹੀਂ ਬਣੀ।ਪੰਜਾਬ ਦੀ ਖੇਤੀਬਾੜੀ ਯੂਨੀਵਰਸਿਟੀ ਵੀ ਕਿਸਾਨੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਕੋਈ ਠੋਸ ਯੋਜਨਾ ਤਿਆਰ ਨਹੀਂ ਕਰ ਸਕੀ।

ਪੰਜਾਬ ਦੀ ਆਰਥਿਕਤਾ ਦਾ ਦੂਜਾ ਸਰੋਤ ਉਦਯੋਗ ਹੈ। ਪੰਜਾਬ ਵਿਚਲੇ ਬਹੁਤੇ ਉਦਯੋਗ ਸਰਕਾਰਾਂ ਦੀ ਉਦਾਸੀਨਤਾ ਕਰਕੇ ਦੂਜੇ ਸੂਬਿਆਂ 'ਚ ਚਲੇ ਗਏ ਹਨ। ਲੁਧਿਆਣਾ, ਮੰਡੀ ਗੋਬਿੰਦਗੜ੍ਹ, ਰਾਜਪੁਰਾ ਤੇ ਬਟਾਲਾ ਜਿਹੇ ਸ਼ਹਿਰ ਉਦਯੋਗਿਕ ਹੁਲਾਰਾ ਨਾ ਮਿਲਣ ਕਰਕੇ ਸੁਸਤ ਪੈ ਗਏ ਹਨ। ਪੰਜਾਬ ਦੀਆਂ ਸਭ ਸਰਕਾਰਾਂ ਦੇ ਮੁਖੀਆਂ ਵਲੋਂ ਭਾਸ਼ਣ ਤਾਂ ਬਹੁਤ ਦਿੱਤੇ, ਪਰ ਅਮਲੀ ਤੌਰ 'ਤੇ ਉਦਯੋਗ ਨੂੰ ਆਰਥਿਕਤਾ ਦਾ ਧੁਰਾ ਬਣਾਉਣ 'ਚ ਚੁੱਪ ਵੱਟੀ ਰੱਖੀ। ਜੇਕਰ ਟਾਟਾ ਵਰਗੀਆਂ ਕੰਪਨੀਆਂ ਪੰਜਾਬ ਵਿਚ ਆਉਂਦੀਆਂ ਵੀ ਹਨ ਤਾਂ ਵੀ ਇਥੋਂ ਦੀ ਆਰਥਿਕਤਾ ਨੂੰ ਉਸ ਸਮੇਂ ਤੱਕ ਬਹੁਤਾ ਫਾਇਦਾ ਨਹੀਂ ਹੋਣਾ, ਜਦੋਂ ਤੱਕ ਖੇਤੀ ਆਧਾਰਿਤ ਉਦਯੋਗਾਂ ਨੂੰ ਵਿਕਸਿਤ ਨਹੀਂ ਕੀਤਾ ਜਾਂਦਾ। ਇਸ ਨਾਲ ਹੀ ਪਰਾਲੀ ਤੇ ਰਹਿੰਦ ਖੂੰਹਦ ਨੂੰ ਸਮੇਟ ਕੇ ਵਾਤਾਵਰਨ ਦੀ ਸਮੱਸਿਆ ਨੂੰ ਹੱਲ ਕਰਨਾ ਵੀ ਬੇਹੱਦ ਜ਼ਰੂਰੀ ਹੈ। ਸੂਬੇ 'ਚ 'ਟੂਰਿਜ਼ਮ' ਨੂੰ ਵਿਕਸਿਤ ਕਰਕੇ ਰੁਜ਼ਗਾਰ ਤੇ ਪੱਕੇ ਆਰਥਿਕ ਸਰੋਤ ਪੈਦਾ ਕੀਤੇ ਜਾ ਸਕਦੇ ਹਨ। ਰੇਤੇ ਦੀਆਂ ਖੱਡਾਂ ਤੋਂ ਲਾਭ ਕਮਾਇਆ ਜਾ ਸਕਦਾ ਹੈ, ਪਰ ਸਰਕਾਰ ਰੇਤ ਮਾਫੀਏ ਨੂੰ ਨੱਥ ਪਾਉਣ ਵਿਚ ਨਾਕਾਮ ਰਹੀ ਹੈ। ਪੰਜਾਬ ਗੈਂਗਸਟਰਵਾਦੀ ਸਭਿਆਚਾਰ ਤੇ ਨਸ਼ੇ ਦੀ ਹਨੇਰੀ 'ਚ ਡੋਲ ਰਿਹਾ ਹੈ। ਹੁਣ ਫਿਰੌਤੀਆਂ, ਕਤਲ, ਹਿੰਸਾ, ਨਫ਼ਰਤ, ਚਾਪਲੂਸੀ ਸਮਾਜ ਦੇ ਅੰਗ ਬਣ ਗਏ ਹਨ, ਨੈਤਿਕਤਾ ਲੱਭਿਆਂ ਨਹੀਂ ਲੱਭਦੀ। ਧਾਰਮਿਕ ਕੱਟੜਤਾ ਦੇ ਜਨੂੰਨ 'ਚ ਲੋਕ ਤਰਕ ਨਾਲ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ। ਹਿੰਸਾ, ਲੁੱਟਾਂ-ਖੋਹਾਂ ਆਮ ਗੱਲ ਹੋ ਗਈ ਹੈ, ਬੇਰੁਜ਼ਗਾਰੀ, ਰਿਸ਼ਵਤਖੋਰੀ ਦਾ ਬੋਲਬਾਲਾ ਹੈ। ਦਫ਼ਤਰਾਂ, ਕਚਹਿਰੀਆਂ, ਥਾਣਿਆਂ ਵਿਚ ਰਿਸ਼ਵਤ ਬਿਨਾਂ ਕੋਈ ਕੰਮ ਨਹੀਂ ਹੁੰਦਾ।

ਨਸ਼ਿਆਂ ਨੇ ਜਿਸ ਤਰ੍ਹਾਂ ਪੰਜਾਬ ਦੀ ਜਵਾਨੀ ਨੂੰ ਖੋਖਲਾ ਕਰ ਦਿੱਤਾ ਹੈ, ਉਸ ਦੀ ਹਾਨੀਪੂਰਤੀ ਕਦੇ ਵੀ ਨਹੀਂ ਹੋ ਸਕੇਗੀ। ਜੇ ਨਸ਼ੇ ਸਰਹੱਦ ਪਾਰੋਂ ਆਉਂਦੇ ਹਨ ਤਾਂ ਇਨ੍ਹਾਂ ਨੂੰ ਰੋਕਣ ਦੀ ਜ਼ਿੰਮੇਵਾਰੀ ਕਿਸ ਦੀ ਹੈ, ਜੇਕਰ ਦੇਸ਼ ਅੰਦਰ ਵੀ ਬਣ ਰਹੇ ਹਨ ਤਾਂ ਇਨ੍ਹਾਂ ਦੀ ਰੋਕਥਾਮ ਕਿਵੇਂ ਹੋਵੇਗੀ? ਨਸ਼ੇ ਦੇ ਸੌਦਾਗਰਾਂ, ਰਾਜਤੰਤਰ ਤੇ ਪੁਲਿਸ ਦੀ ਜੁਗਲਬੰਦੀ ਨੂੰ ਖ਼ਤਮ ਕਰਨ ਦਾ ਜ਼ਿੰਮਾ ਕਿਸ ਦਾ ਹੈ? ਨਸ਼ਾ ਤੇ ਨਸ਼ੇ ਦੇ ਸੌਦਾਗਰਾਂ ਦਾ ਫਾਹਾ ਵੱਢਣ ਦੀਆਂ ਗੱਲਾਂ ਕਰਨ ਵਾਲੀ ਹਾਕਮ ਧਿਰ ਨੂੰ ਅਜਿਹੇ ਅਨੇਕਾਂ ਸਵਾਲਾਂ ਦੇ ਜੁਆਬ ਦੇਣੇ ਹੀ ਪੈਣਗੇ। ਲੋਕਾਂ ਦੀ ਜਾਨ ਤੇ ਮਾਲ ਦੀ ਸੁਰੱਖਿਆ ਲਈ ਮਜ਼ਬੂਤ ਰਾਜਨੀਤਕ ਇੱਛਾ ਸ਼ਕਤੀ ਜ਼ਰੂਰੀ ਹੈ।ਸੂਬੇ 'ਚ ਸਿੱਖਿਆ ਤੇ ਸਿਹਤ ਖੇਤਰ ਵੀ ਬਿਮਾਰ ਹਨ। ਹਸਪਤਾਲਾਂ 'ਚ ਡਾਕਟਰਾਂ, ਦਵਾਈਆਂ, ਪੈਰਾ-ਮੈਡੀਕਲ ਸਟਾਫ ਦੀ ਵੱਡੀ ਘਾਟ ਹੈ। ਸਿੱਖਿਆ ਖੇਤਰ 'ਚ ਪਿਛਲੀਆਂ ਸਰਕਾਰਾਂ ਨੇ ਬੜੇ ਪ੍ਰਯੋਗ ਕੀਤੇ ਤੇ ਅਨੇਕਾਂ ਤਰ੍ਹਾਂ ਨਾਲ ਸਿੱਖਿਆ ਦੀ ਹੀ ਨਹੀਂ ਅਧਿਆਪਕਾਂ ਦੀ ਵੀ ਵਰਗ ਵੰਡ ਕੀਤੀ ਗਈ। ਸਿੱਟਾ ਇਹ ਨਿਕਲਿਆ ਕਿ ਸਿੱਖਿਆ ਦੇ ਖੇਤਰ ਵਿਚ ਮੋਹਰੀ ਰਹਿਣ ਵਾਲਾ ਪੰਜਾਬ ਖਿਸਕ ਕੇ 17ਵੇਂ ਸਥਾਨ 'ਤੇ ਪਹੁੰਚ ਗਿਆ। ਨਵੀਂ ਸਰਕਾਰ ਵਲੋਂ ਦਿੱਲੀ ਤੋਂ ਦਰਾਮਦ ਕੀਤਾ ਨਵਾਂ ਸਿੱਖਿਆ ਮਾਡਲ ਗੁਣਵੱਤਾ ਵਿਚ ਕੋਈ ਸੁਧਾਰ ਨਹੀਂ ਲਿਆ ਸਕਿਆ। ਸਕੂਲਾਂ ਵਿਚ ਵੀ ਡਾਕਟਰਾਂ ਵਾਂਗ ਅਧਿਆਪਕਾਂ ਦੀ ਗਿਣਤੀ ਪੂਰੀ ਨਹੀਂ। ਅਧਿਆਪਕਾਂ ਨੂੰ ਚੋਣਾਂ ਕਰਵਾਉਣ ਤੋਂ ਲੈ ਕੇ ਚੋਣ ਸੂਚੀਆਂ ਸੋਧਣ, ਵੋਟਾਂ ਬਣਾਉਣ, ਕੱਟਣ ਵਰਗੇ ਵਾਧੂ ਦੇ ਕੰਮਾਂ ਲਈ ਰਾਖਵੇਂ ਰੱਖਿਆ ਹੋਇਆ ਹੈ। ਉਚੇਰੀ ਸਿੱਖਿਆ ਦੀ ਗੱਲ ਕਰੀਏ ਤਾਂ ਉਸ ਦਾ ਹਾਲ ਤਾਂ ਸਕੂਲਾਂ ਤੋਂ ਵੀ ਬੁਰਾ ਹੈ। ਕਾਲਜ, ਯੂਨੀਵਰਸਿਟੀਆਂ ਅਧਿਆਪਕਾਂ ਤੋਂ ਸੱਖਣੀਆਂ ਹਨ। ਬੁਨਿਆਦੀ ਢਾਂਚੇ ਲਈ ਫੰਡ ਨਹੀਂ ਤਾਂ ਲੈਬਜ਼ ਤੇ ਲਾਇਬ੍ਰੇਰੀਆਂ ਲਈ ਵੀ ਸਟਾਫ ਨਹੀਂ। ਇਸ ਦਾ ਫਾਇਦਾ ਪ੍ਰਾਈਵੇਟ ਸੰਸਥਾਵਾਂ ਵਲੋਂ ਵਿਦਿਆਰਥੀ ਵਰਗ ਦੀ ਅੰਨ੍ਹੀ ਲੁੱਟ ਕਰਕੇ ਉਠਾਇਆ ਜਾ ਰਿਹਾ ਹੈ।

ਸੱਭਿਆਚਾਰ ਤੇ ਭਾਸ਼ਾ ਕਿਸੇ ਸਮਾਜ ਦੇ ਨਰੋਏ ਅੰਗ ਹੁੰਦੇ ਹਨ। ਸੱਭਿਆਚਾਰ ਮਨੁੱਖ ਨੂੰ ਜਿਊਣ ਦੇ ਢੰਗ ਸਿਖਾਉਂਦਾ ਹੈ। ਹਰ ਪੀੜ੍ਹੀ ਆਪਣੀਆਂ ਮਾਣਮੱਤੀਆਂ ਪ੍ਰਾਪਤੀਆਂ ਸੱਭਿਆਚਾਰ ਦੀ ਝੋਲੀ ਪਾ ਕੇ ਇਸ ਨੂੰ ਹੋਰ ਅਮੀਰ ਕਰਦੀ ਹੈ। ਕਿਰਤ ਕਰਨ, ਨਾਮ ਜਪਣ, ਵੰਡ ਛਕਣ ਤੇ ਸਦਾ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਪੰਜਾਬੀ ਹੁਣ ਲਾਲਚੀ, ਹਿੰਸਕ ਤੇ ਵਾਤਾਵਰਨ ਨੂੰ ਬਰਬਾਦ ਕਰਨ ਵਾਲੇ ਬਣਦੇ ਜਾ ਰਹੇ ਹਨ। ਆਪਣੇ ਸੱਭਿਆਚਾਰ ਦੀ ਗਿਰਾਵਟ ਨੂੰ ਵੇਖ ਕੇ ਖੁਸ਼ ਹੁੰਦੇ, ਨੱਚਦੇ-ਗਾਉਂਦੇ ਤੇ ਜ਼ਿੰਦਗੀ ਨੂੰ ਸਿਰਫ਼ ਜਸ਼ਨ ਵਜੋਂ ਭੋਗਣ ਵਾਲੇ ਬਣ ਗਏ ਹਨ। ਇਸ ਨੈਤਿਕ ਗਿਰਾਵਟ ਨੇ ਪੰਜਾਬੀ ਪਛਾਣ ਨੂੰ ਬਹੁਤ ਠੇਸ ਪਹੁੰਚਾਈ ਹੈ। ਪੰਜਾਬੀ ਗਾਇਕੀ, ਵਿਆਹਾਂ 'ਚ ਫਜ਼ੂਲ ਖਰਚੀ, ਦਿਖਾਵੇ ਦੀ ਸ਼ਾਨੋ ਸ਼ੌਕਤ ਤੇ ਫੁਕਰੇਪਣ ਨੇ ਸੱਭਿਆਚਾਰ ਨੂੰ ਵੱਡੀ ਢਾਹ ਲਗਾਈ ਹੈ। ਅਸੀਂ ਹੁਣ ਹਥਿਆਰਾਂ ਦੇ ਪ੍ਰਦਰਸ਼ਨ ਨੂੰ ਆਪਣੀ ਸ਼ਾਨ ਸਮਝਣ ਲੱਗ ਪਏ ਹਾਂ। ਸੱਭਿਆਚਾਰ ਦੇ ਨਾਂਅ 'ਤੇ ਫੈਲਾਏ ਜਾ ਰਹੇ ਦਿਖਾਵੇ ਨੂੰ ਸਖ਼ਤੀ ਨਾਲ ਨੱਥ ਪਾਉਣ ਦੀ ਲੋੜ ਹੈ।

ਭਾਸ਼ਾ ਸੰਚਾਰ ਦਾ ਮਾਧਿਅਮ ਹੀ ਨਹੀਂ, ਸਗੋਂ ਮਨੁੱਖ ਦੀ ਨਿਵੇਕਲੀ ਪਛਾਣ ਵੀ ਹੁੰਦੀ ਹੈ। ਅਜੋਕੇ ਦੌਰ 'ਚ ਪੰਜਾਬੀ ਭਾਸ਼ਾ ਸਭ ਤੋਂ ਵੱਧ ਸੰਕਟਗ੍ਰਸਤ ਨਜ਼ਰ ਆਉਂਦੀ ਹੈ, ਜਿਸ ਦੀ ਵਜ੍ਹਾ ਪ੍ਰਸ਼ਾਸਨ ਵਲੋਂ ਪੰਜਾਬੀ ਨੂੰ ਇਮਾਨਦਾਰੀ ਨਾਲ ਲਾਗੂ ਨਾ ਕਰਨਾ ਹੈ। ਭਾਸ਼ਾ ਨੂੰ ਰੁਜ਼ਗਾਰ ਨਾਲ ਜੋੜਨਾ ਅਜੋਕੇ ਸਮੇਂ ਦੀ ਵੱਡੀ ਲੋੜ ਹੈ। ਪੰਜਾਬ ਦੇ 25 ਹਜ਼ਾਰ ਪ੍ਰਾਈਵੇਟ ਸਕੂਲਾਂ ਵਿਚੋਂ ਬਹੁਤੇ ਪੰਜਾਬੀ ਨੂੰ ਬਣਦਾ ਸਤਿਕਾਰ ਨਹੀਂ ਦੇ ਰਹੇ ਤੇ ਇਸ ਨੂੰ ਪੜ੍ਹਾਉਣਾ ਗੈਰ ਜ਼ਰੂਰੀ ਸਮਝਿਆ ਜਾ ਰਿਹਾ ਹੈ। ਸੂਬੇ ਦੀ ਨੌਕਰਸ਼ਾਹੀ ਨੇ ਕਦੇ ਵੀ ਪੰਜਾਬੀ ਦਾ ਪੱਖ ਨਹੀਂ ਪੂਰਿਆ, ਪੰਜਾਬੀ ਭਾਸ਼ਾ ਦੀ ਤਰੱਕੀ ਲਈ ਪ੍ਰੋਗਰਾਮ ਨਹੀਂ ਉਲੀਕੇ।ਇਸ ਸਥਿਤੀ 'ਚ ਬਦਲਾਅ ਲਿਆਉਣ ਲਈ ਸਰਕਾਰ ਦੀ ਨੀਤੀ ਤੇ ਨੀਅਤ ਦੋਵੇਂ ਸਾਫ ਹੋਣੇ ਚਾਹੀਦੇ ਹਨ।ਸਮੁੱਚੇ ਤੌਰ 'ਤੇ ਵੇਖੀਏ ਤਾਂ ਬੇਚੈਨ, ਉਦਾਸ, ਨਿਰਾਸ਼ ਤੇ ਸੰਕਟਾਂ ਦੇ ਸ਼ਿਕਾਰ ਅਜੋਕੇ ਪੰਜਾਬ ਵਿਚ ਮੌਜੂਦਾ ਸਥਿਤੀ ਵਿਚ ਹੰਭਲਾ ਮਾਰ ਕੇ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ, ਤਾਂ ਜੋ ਉਹ ਸਹੀ ਤੇ ਗ਼ਲਤ ਫ਼ੈਸਲਿਆਂ ਬਾਰੇ ਇਮਾਨਦਾਰੀ ਨਾਲ ਨਿਰਣਾ ਲੈ ਸਕਣ। ਤਾਅਨੇ, ਮਿਹਣਿਆਂ ਵਾਲੀ ਰਾਜਨੀਤੀ ਪੰਜਾਬ ਦਾ ਸੱਭਿਆਚਾਰ ਨਹੀਂ। ਹਰ ਪਲ ਰਾਜਨੀਤੀ ਦੀ ਸ਼ਤਰੰਜੀ ਚਾਲ ਚੱਲਣਾ ਖ਼ਤਰਨਾਕ ਹੈ। ਇਹ ਵੇਲਾ ਸਿਰ ਜੋੜ ਕੇ ਵਿਚਾਰ ਕਰਨ ਦਾ ਹੈ, ਦੂਸ਼ਣਬਾਜ਼ੀ 'ਚ ਗੁਆਉਣ ਦਾ ਨਹੀਂ। ਭਾਵੇਂ ਅੱਜ ਹਰ ਕੋਈ ਬਾਹਰੋਂ ਪੰਜਾਬ ਪ੍ਰਸਤ ਹੋਣ ਦਾ ਦਿਖਾਵਾ ਕਰ ਰਿਹਾ ਹੋਵੇ, ਪਰ ਅੰਦਰੋਂ ਸਭ ਆਪਣੇ ਆਕਾਵਾਂ ਦੇ ਹਿਤੈਸ਼ੀ ਨਜ਼ਰ ਆਉਂਦੇ ਹਨ।




# ਰੋਚਕ ਜਾਣਕਾਰੀ



- ਕੀ ਤੁਸੀਂ ਜਾਣਦੇ ਹੋ ਕਿ ਹੁਣ ਤੱਕ ਕਿਹੜਾ ਮੋਬਾਈਲ ਸਭ ਤੋਂ ਵੱਧ ਵਿਕਿਆ ਹੈ? ਭਵਿੱਖ ਵਿੱਚ ਮੋਬਾਈਲ ਕਿੰਨੇ ਸਮਾਰਟ ਹੋਣਗੇ? ਮੋਬਾਈਲ ਬਾਰੇ ਦਿਲਚਸਪ ਜਾਣਕਾਰੀ ਲਈ ਇਸ ਪੋਸਟ ਨੂੰ ਜ਼ਰੂਰ ਪੜ੍ਹੋ।ਜੇਕਰ ਤੁਸੀਂ ਕਿਸੇ ਨੂੰ ਪੁੱਛੋ ਕਿ ਮੋਬਾਈਲ ਨੂੰ " ਦੂਰਭਾਸ਼ੀ ਯੰਤਰ ਵੀ ਕਿਹਾ ਜਾਂਦਾ ਹੈ। ਪੂਰੀ ਦੁਨੀਆਂ ਵਿੱਚ ਸਭ ਤੋਂ ਵੱਧ ਵਿਕਣ ਵਾਲਾ ਮੋਬਾਈਲ ਫ਼ੋਨ ਨੋਕੀਆ-1100 ਹੈ। ਇਸ ਮੋਬਾਈਲ ਫੋਨ ਦੀ ਵਿਕਰੀ 250 ਮਿਲੀਅਨ (25 ਕਰੋੜ) ਸੀ, ਜੋ ਕਿ ਇੱਕ ਵਿਸ਼ਵ ਰਿਕਾਰਡ ਹੈ।
- ਦੁਨੀਆਂ ਦਾ ਪਹਿਲਾ ਫੋਨ ਅਮਰੀਕਾ ਦੀ ਮੋਟੋਰੋਲਾ ਕੰਪਨੀ ਨੇ 1973 ਈਸਵੀ ਵਿੱਚ ਬਣਾਇਆ ਸੀ।
- 3 ਅਪ੍ਰੈਲ 1973 ਨੂੰ ਮੋਬਾਈਲ ਫੋਨ 'ਤੇ ਪਹਿਲੀ ਕਾਲ ਮੋਟੋਰੋਲਾ ਕੰਪਨੀ ਦੇ ਕਰਮਚਾਰੀ "ਮਾਰਟਿਨ ਕੂਪਰ" ਦੁਆਰਾ ਕੀਤੀ ਗਈ ਸੀ।
- 1997 ਵਿੱਚ, ਇੱਕ ਮੋਬਾਈਲ ਫੋਨ ਤੋਂ ਪਹਿਲੀ ਫੋਟੋ ਫਿਲਿਪ ਕਾਨ (ਕੈਮਰਾ ਫੋਨ ਦੇ ਖੋਜੀ) ਦੁਆਰਾ ਲਈ ਗਈ ਸੀ।
- ਦੁਨੀਆਂ ਦੇ 70% ਮੋਬਾਈਲ ਫੋਨ ਚੀਨ ਵਿੱਚ ਬਣੇ ਹੁੰਦੇ ਹਨ।
- ਦੁਨੀਆਂ ਦੀ ਮਸ਼ਹੂਰ ਮੋਬਾਇਲ ਕੰਪਨੀ ਐਪਲ ਨੇ 2012 'ਚ ਇਕ ਸਕਿੰਟ 'ਚ 4 ਮੋਬਾਇਲ ਵੇਚੇ ਸਨ ਯਾਨੀ 3,40,000 ਮੋਬਾਇਲ ਫੋਨ ਹਰ ਦਿਨ।
- ਮੋਬਾਈਲ ਰੇਡੀਏਸ਼ਨ: ਇਨਸੌਮਨੀਆ, ਉਲਝਣ, ਸਿਰ ਦਰਦ, ਚਿੜਚਿੜਾਪਨ ਆਦਿ ਦਾ ਕਾਰਨ ਬਣ ਸਕਦਾ ਹੈ।
- ਮੋਬਾਈਲ ਵਰਤਣ ਵਿਚ ਇੰਨਾ ਆਸਾਨ ਹੈ ਕਿ ਛੋਟੇ ਬੱਚੇ ਇਸ ਨੂੰ ਬਹੁਤ ਤੇਜ਼ੀ ਨਾਲ ਸਿੱਖਦੇ ਹਨ। ਪੂਰੀ ਦੁਨੀਆਂ ਵਿੱਚ 49% ਮੋਬਾਈਲ ਫ਼ੋਨ ਉਪਭੋਗਤਾ ਆਪਣੇ ਮੋਬਾਈਲ ਫ਼ੋਨਾਂ ਦੀ ਵਰਤੋਂ ਗੇਮਾਂ ਖੇਡਣ ਲਈ ਕਰਦੇ ਹਨ ਅਤੇ 30% ਮੋਬਾਈਲ ਵਰਤੋਂਕਾਰ ਸੋਸ਼ਲ ਵੈੱਬਸਾਈਟਾਂ (ਫੇਸਬੁੱਕ, ਟਵਿੱਟਰ, ਯੂਟਿਊਬ ਆਦਿ..) ਲਈ ਵਰਤਦੇ ਹਨ।
- ਸਮਾਰਟ ਫ਼ੋਨ ਜਾਂ ਮੋਬਾਈਲ ਫ਼ੋਨ ਤੋਂ ਹਵਾਈ ਜਹਾਜ਼ ਦੀ ਉਡਾਣ ਮੋਡ ਜਾਂ ਸਵਿੱਚ-ਆਫ਼ ਦੇ ਦੌਰਾਨ ਬਣਾਈ ਰੱਖਿਆ ਜਾਂਦਾ ਹੈ। ਸਫ਼ਰ ਕਿਉਂਕਿ ਜੇਕਰ ਜਹਾਜ਼ ਦੇ ਰੇਡੀਓ ਸਿਗਨਲ ਵਿੱਚ ਫ਼ੋਨ ਦੇ ਸਿਗਨਲ ਵਿੱਚ ਵਿਘਨ ਪੈਂਦਾ ਹੈ, ਤਾਂ ਪਾਇਲਟ ਅਤੇ ਕੰਟਰੋਲ ਟਾਵਰ ਵਿਚਕਾਰ ਸੰਚਾਰ ਵਿੱਚ ਵਿਘਨ ਪੈ ਸਕਦਾ ਹੈ, ਜੇਕਰ ਅਜਿਹਾ ਹੁੰਦਾ ਹੈ, ਤਾਂ ਜਹਾਜ਼ ਵਿੱਚ ਉਲਝਣ ਦਾ ਖਤਰਾ ਪੈਦਾ ਹੋ ਸਕਦਾ ਹੈ। ਇਹੀ ਕਾਰਨ ਹੈ ਕਿ ਫਲਾਈਟ ਦੇ ਟੇਕਆਫ ਅਤੇ ਲੈਂਡਿੰਗ ਦੌਰਾਨ ਫੋਨ ਨੂੰ ਫਲਾਈਟ ਮੋਡ ਜਾਂ ਸਵਿਚ-ਆਫ ਰੱਖਣਾ ਜ਼ਰੂਰੀ ਹੈ। ਦੁਨੀਆਂ ਦਾ ਪਹਿਲਾ ਐਂਡਰਾਇਡ ਫੋਨ, HTC (ਹਾਈ ਟੈਕ ਕੰਪਿਊਟਰ) ਲਾਂਚ ਕੀਤਾ ਗਿਆ ਸੀ। ਇਹ ਮੋਬਾਈਲ ਬਣਾਉਣ ਵਾਲੀ ਕੰਪਨੀ ਹੈ।
- 2007 'ਚ ਜਦੋਂ ਐਂਡ੍ਰਾਇਡ ਬਾਜ਼ਾਰ 'ਚ ਆਇਆ ਤਾਂ ਨੋਕੀਆ ਨੇ ਇਸ ਦਾ ਮਜ਼ਾਕ ਉਡਾਇਆ।
- ਦੁਨੀਆਂ ਦਾ ਪਹਿਲਾ ਮੋਬਾਈਲ ਫੋਨ ਲਗਭਗ $4000 ਵਿੱਚ ਸੰਯੁਕਤ ਰਾਜ ਵਿੱਚ ਵੇਚਿਆ ਗਿਆ ਸੀ।
- ਮਲੇਸ਼ੀਆ 'ਚ ਪਤੀ ਆਪਣੀ ਪਤਨੀ ਨੂੰ ਮੋਬਾਈਲ ਟੈਕਸਟ ਮੈਸੇਜ ਰਾਹੀਂ ਤਲਾਕ ਦੇ ਸਕਦਾ ਹੈ। ਇਹ ਕਾਨੂੰਨੀ ਤੌਰ 'ਤੇ ਜਾਇਜ਼ ਹੈ।
- 99 ਫੀਸਦੀ ਮੋਬਾਈਲ ਵਾਇਰਸ ਐਂਡਰਾਇਡ ਫੋਨ ਨੂੰ ਨਿਸ਼ਾਨਾ ਬਣਾ ਕੇ ਬਣਾਏ ਜਾਂਦੇ ਹਨ।
- ਜਾਪਾਨੀ ਲੋਕ 90% ਵਾਟਰਪਰੂਫ (ਵਾਟਰਪਰੂਫ) ਮੋਬਾਈਲ ਫ਼ੋਨਾਂ ਦੀ ਵਰਤੋਂ ਕਰਦੇ ਹਨ।
- ਪੂਰੀ ਦੁਨੀਆਂ ਵਿੱਚ 100 ਵਿੱਚੋਂ 90 ਲੋਕ ਮੋਬਾਈਲ ਫ਼ੋਨ ਦੀ ਵਰਤੋਂ ਕਰਦੇ ਹਨ।
- ਟਾਇਲਟ ਦੇ ਹੈਂਡਲ ਨਾਲੋਂ ਮੋਬਾਈਲ ਫੋਨ ਵਿੱਚ 12 ਗੁਣਾ ਜ਼ਿਆਦਾ ਬੈਕਟੀਰੀਆ ਹੁੰਦੇ ਹਨ।ਬੱਚੇ ਮੋਬਾਈਲ ਬਹੁਤ ਜਲਦੀ ਸਿੱਖਦੇ ਹਨ ਅਤੇ ਮੋਬਾਈਲ ਫੋਨ ਦੀ ਵਰਤੋਂ ਕਰਨ ਵਿੱਚ ਉਨ੍ਹਾਂ ਨੂੰ ਮਜ਼ਾ ਆਉਂਦਾ ਹੈ। ਕਈ ਮਾਪੇ ਸੋਚਦੇ ਹਨ ਕਿ ਜੇਕਰ ਉਨ੍ਹਾਂ ਦਾ ਬੱਚਾ ਮੋਬਾਈਲ ਫੋਨ ਦੀ ਵਰਤੋਂ ਕਰ ਰਿਹਾ ਹੈ ਤਾਂ ਉਹ ਬਹੁਤ ਤੇਜ਼ ਹੈ ਪਰ ਅਜਿਹਾ ਨਹੀਂ ਹੈ। ਕਈ ਮਨੋਵਿਗਿਆਨੀਆਂ ਦਾ ਮੰਨਣਾ ਹੈ ਕਿ ਜਿਹੜੇ ਬੱਚੇ ਜ਼ਿਆਦਾ ਫੋਨ ਦੀ ਵਰਤੋਂ ਕਰਦੇ ਹਨ, ਉਨ੍ਹਾਂ ਦਾ ਬੌਧਿਕ ਵਿਕਾਸ ਦੂਜੇ ਬੱਚਿਆਂ ਨਾਲੋਂ ਘੱਟ ਹੁੰਦਾ ਹੈ। 95% ਨੌਜਵਾਨ ਹਮੇਸ਼ਾ ਆਪਣੇ ਹੱਥਾਂ ਜਾਂ ਜੇਬਾਂ ਵਿੱਚ ਸਮਾਰਟ ਫੋਨ ਰੱਖਦੇ ਹਨ।
- ਸੋਨਿਮ ਐਕਸਪੀ 3300 ਦੁਨੀਆਂ ਦਾ ਸਭ ਤੋਂ ਮਜ਼ਬੂਤ ਫੋਨ ਹੈ, ਜੋ 84 ਫੁੱਟ ਦੀ ਉਚਾਈ ਤੋਂ ਡਿੱਗਣ ਤੋਂ ਬਾਅਦ ਵੀ ਖਰਾਬ ਨਹੀਂ ਹੋਇਆ। ਇਹ ਫੋਨ ਗਿੰਨੀਜ਼ ਆਫ ਵਰਲਡ ਰਿਕਾਰਡ ਵਿੱਚ ਦਰਜ ਹੈ।
- ਔਸਤਨ, ਇੱਕ ਵਿਅਕਤੀ ਦਿਨ ਵਿੱਚ 80 ਤੋਂ ਵੱਧ ਵਾਰ ਆਪਣੇ ਮੋਬਾਈਲ ਫੋਨ ਨੂੰ ਅਨਲੌਕ ਕਰਦਾ ਹੈ।
- ਭਾਰਤ ਵਿੱਚ ਬਹੁਤ ਸਾਰੇ ਲੋਕ ਅਜਿਹੇ ਹਨ ਜਿਨ੍ਹਾਂ ਦੇ ਘਰ ਵਿੱਚ ਟਾਇਲਟ ਨਹੀਂ ਹੈ ਪਰ ਘਰ ਦੇ ਮੈਂਬਰ ਸਮਾਰਟ ਫੋਨ ਦੀ ਵਰਤੋਂ ਕਰਦੇ ਹਨ।
- ਸੈਮਸੰਗ ਐੱਸ-3 ਮੋਬਾਇਲ ਫੋਨ ਦੇ ਲਾਂਚ ਹੋਣ ਤੋਂ ਬਾਅਦ ਇਸ ਫੋਨ ਦੀ ਵਿਕਰੀ ਇੰਨੀ ਵਧ ਗਈ ਕਿ ਹਰ ਮਿੰਟ 'ਚ ਕਰੀਬ 500 ਮੋਬਾਇਲ ਫੋਨ ਵਿਕਣ ਲੱਗੇ।
- ਫੁਬਿੰਗ, ਜਿਸਦਾ ਮਤਲਬ ਹੈ "ਤੁਹਾਡੇ ਮੋਬਾਈਲ ਫੋਨ ਲਈ ਆਪਣੇ ਦੋਸਤਾਂ ਨੂੰ ਨਜ਼ਰਅੰਦਾਜ਼ ਕਰੋ", ਇੱਕ ਨਵਾਂ ਸ਼ਬਦ ਹੈ ਜੋ ਬਹੁਤ ਘੱਟ ਲੋਕ ਜਾਣਦੇ ਹਨ।
- ਮੋਬਾਈਲ ਫ਼ੋਨ ਦਾ ਕਾਰੋਬਾਰ ਦੁਨੀਆਂ ਦਾ ਸਭ ਤੋਂ ਤੇਜ਼ੀ ਨਾਲ ਵੱਧ ਰਿਹਾ ਕਾਰੋਬਾਰ ਹੈ।
- ਸਟੋਰਡੌਟ ਨਾਮ ਦੀ ਇੱਕ ਕੰਪਨੀ ਨੇ ਇੱਕ ਪ੍ਰੋਟੋਟਾਈਪ ਦਿਖਾਇਆ ਜਿਸ ਵਿੱਚ ਉਨ੍ਹਾਂ ਨੇ ਇੱਕ ਸੁਪਰ ਫਾਸਟ ਚਾਰਜਿੰਗ ਬੈਟਰੀ ਬਣਾਈ ਹੈ ਜੋ ਸਿਰਫ 30 ਸਕਿੰਟਾਂ ਵਿੱਚ ਪੂਰੀ ਤਰ੍ਹਾਂ ਚਾਰਜ ਹੋ ਜਾਂਦੀ ਹੈ।
- ਆਉਣ ਵਾਲੇ ਸਮੇਂ 'ਚ 3ਡੀ ਸਪੋਰਟਿੰਗ ਫੋਨ ਬਾਜ਼ਾਰ 'ਚ ਆਉਣਗੇ, ਜਿਨ੍ਹਾਂ ਰਾਹੀਂ ਤੁਸੀਂ 3ਡੀ ਫਿਲਮਾਂ, ਗੇਮਾਂ ਅਤੇ ਹੋਰ ਫੀਚਰਸ ਦਾ ਆਨੰਦ ਲੈ ਸਕੋਗੇ।
-

**-ਮੁਖਵਿੰਦਰ ਚੋਹਲਾ ਮਰਹੂਮ, ਚਲੰਤ ਜਸਪਾਲ ਬਾਸਰਕੇ**

## ਆਪਣੇ ਬੱਚਿਆਂ ਨੂੰ ਪੰਜਾਬੀ ਜ਼ਰੂਰ ਪੜ੍ਹਾਉ

**ਸਰ੍ਹੀ ਦੇ ਸਕੂਲਾਂ ਦੇ ਕੁੱਲ ਵਿਦਿਆਰਥੀਆਂ ਵਿੱਚੋਂ**
**ਪੰਜਾਬੀ ਪਰਿਵਾਰਾਂ ਦੇ 20% ਤੋਂ ਵੱਧ ਬੱਚੇ ਹਨ।**



- ਬੀ.ਸੀ ਸਰਕਾਰ ਵਲੋਂ 1994 ਤੋਂ ਬੀ.ਸੀ ਦੇ ਸਕੂਲਾਂ ਵਿੱਚ,ਦੂਜੀ ਭਾਸ਼ਾ ਦੇ ਤੌਰ ਤੇ ਪੰਜਾਬੀ ਦੀ ਪੜ੍ਹਾਈ ਚਾਲੂ ਹੈ।
- ਸੋ ਆਪਦੀ ਮਾਂ-ਬੋਲੀ ਬੱਚਿਆਂ ਨੂੰ ਬੋਲਣੀ,ਪੜ੍ਹਨੀ ਤੇ ਲਿਖਣੀ ਜ਼ਰੂਰ ਸਿਖਾਓ।ਤੁਸੀਂ ਆਪਦੇ ਨੇੜੇ ਦੇ ਸਕੂਲਾਂ ਵਿੱਚ 5ਵੀਂ ਗਰੇਡ ਤੋਂ 8ਵੀਂ ਗਰੇਡ ਤੱਕ ਪੰਜਾਬੀ ਪੜ੍ਹਾ ਸਕਦੇ ਹੋ।ਇਸ ਵਾਸਤੇ ਹੇਠ ਲਿਖੀਆਂ ਗੱਲਾਂ ਤੇ ਅਮਲ ਕਰੋ:
- ਜੇ ਤੁਹਾਡਾ ਬੱਚਾ ਚੌਥੀ ਗਰੇਡ ਵਿਚ ਹੈ ਤਾਂ ਤੁਸੀਂ ਇਸ ਸਾਲ ਪੰਜਾਬੀ ਪੜ੍ਹਨ ਦਾ ਫਾਰਮ ਭਰਕੇ ਆਪਦੇ ਸਕੂਲ ਦੇ ਪ੍ਰਿੰਸੀਪਲ ਨੂੰ ਦੇ ਦਿਓ।
- ਪੰਜਾਬੀ ਪੜ੍ਹਨ ਦੇ,ਫਰੈਂਚ ਪੜ੍ਹਨ ਨਾਲੋਂ ਜਿਆਦਾ ਲਾਭ ਹਨ ਅਤੇ ਭਵਿੱਖ ਵਿੱਚ ਤਰੱਕੀਆਂ(ਨੌਕਰੀਆਂ) ਲੱਭਣ ਵਿੱਚ ਸੌਖ ਹੋਵੇਗੀ।
- ਸਕੂਲਾਂ ਵਿੱਚ ਪੰਜਾਬੀ ਤਾਂ ਹੀ ਚਾਲੂ ਹੋਵੇਗੀ ਘੱਟੋ-ਘੱਟ 25 ਬੱਚੇ 5ਵੀਂ ਕਲਾਸ ਵਿੱਚ ਪੰਜਾਬੀ ਪੜ੍ਹਨ ਵਾਸਤੇ ਫਾਰਮ ਭਰਕੇ ਦੇਣਗੇ।

**ਮਾਪਿਆਂ ਵਾਸਤੇ ਫਾਇਦੇ:**

- ਸਮੇਂ ਦੀ ਬੱਚਤ : ਤੁਹਾਡੇ ਬੱਚੇ ਸਕੂਲ ਵਿੱਚ ਹੀ ਆਪਣੇ ਹਮ-ਉਮਰ ਬੱਚਿਆਂ ਨਾਲ ਪੰਜਾਬੀ ਪੜ੍ਹਨਗੇ,ਜਿਸ ਨਾਲ ਮਾਪਿਆਂ ਨੂੰ ਬਹੁਤ ਸੌਖ ਰਹੇਗੀ।
- ਪਰਿਵਾਰ ਵਿੱਚ ਦਾਦਾ-ਦਾਦੀ, ਨਾਨਾ-ਨਾਨੀ, ਅਤੇ ਰਿਸ਼ਤੇਦਾਰਾਂ ਨਾਲ ਹੋਰ ਨੇੜਤਾ ਵਧੇਗੀ।
- ਜਿਸ ਨਾਲ ਬੱਚੇ ਆਪਦੇ ਸੱਭਿਆਚਾਰ ਨਾਲ ਜੁੜੇ ਰਹਿਣਗੇ ਅਤੇ ਉਹ ਬਾਹਰਲੇ ਭੈੜੇ ਅਨਸਰਾਂ ਤੋਂ ਵੀ ਬੱਚੇ ਰਹਿਣਗੇ।
- ਮਾਂ ਬੋਲੀ ਪੰਜਾਬੀ ਪੜ੍ਹਨ ਨਾਲ ਬੱਚੇ ਦਾ ਮਨੋ-ਬਲ ਵੀ ਉੱਚਾ ਹੋ ਜਾਂਦਾ ਹੈ।
- ਅੱਜ ਕੱਲ ਅੰਗਰੇਜ਼ੀ ਦੇ ਨਾਲ, ਜੇ ਤੁਹਾਡੇ ਬੱਚੇ ਨੂੰ ਪੰਜਾਬੀ ਬੋਲਣੀ, ਪੜ੍ਹਨੀ ਤੇ ਲਿਖਣੀ ਹੈ ਤਾਂ ਜੌਬ(ਕੰਮ) ਲੈਣ ਲਈ ਪਹਿਲ ਮਿਲਦੀ ਹੈ।

## ਰਸਤਾ ਲੱਭੋ



## ਬਿੰਦੂ ਮਿਲਾਓ



# ਸਥਾਨਕ ਸਰਕਾਰਾਂ, ਸਰਕਾਰੀ ਹੱਥ ਠੋਕਾ ਨਾ ਬਣਨ

ਲੇਖਕ : ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਸਥਾਨਕ ਸਰਕਾਰਾਂ ਅਰਥਾਤ ਨਗਰ ਨਿਗਮ, ਨਗਰ ਕੌਂਸਲਾਂ, ਮਿਊਂਸਪਲ ਪੰਚਾਇਤਾਂ, ਗ੍ਰਾਮ ਪੰਚਾਇਤਾਂ , ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਸਰਕਾਰ ਵਲੋਂ ਸਰਕਾਰੀ ਸੰਸਥਾਵਾਂ ਬਣਾਕੇ ਰੱਖ ਦਿੱਤੀਆਂ ਗਈਆਂ ਹਨ, ਹਾਲਾਂਕਿ ਵਿਧਾਨਿਕ ਤੌਰ 'ਤੇ ਸਥਾਨਕ ਸਰਕਾਰਾਂ ਦਾ ਰੁਤਬਾ ਲੋਕ ਸਭਾ, ਵਿਧਾਨ ਸਭਾ ਵਰਗਾ ਹੈ। ਦੇਸ਼ ਦੀ ਸਰਕਾਰ ਚੁਨਣ ਲਈ ਲੋਕ ਸਭਾ ਦੀ ਚੋਣ ਹਰ ਪੰਜ ਵਰ੍ਹਿਆਂ ਬਾਅਦ ਹੁੰਦੀ ਹੈ। ਸੂਬੇ ਦੀ ਵਿਧਾਨ ਸਭਾ ਦੀ ਚੋਣ ਵੀ ਹਰ ਪੰਜ ਵਰ੍ਹਿਆਂ ਬਾਅਦ ਚੁਣੀ ਜਾਂਦੀ ਹੈ। ਸਥਾਨਕ ਸਰਕਾਰਾਂ ਦੀ ਚੋਣਾਂ ਵੀ ਪੰਜ ਵਰ੍ਹਿਆਂ ਬਾਅਦ ਕੀਤੀ ਜਾਣੀ ਤਹਿ ਹਨ। ਪਰ ਕਿਉਂਕਿ ਸਰਕਾਰੀ ਪੰਜਾ ਸਥਾਨਕ ਸਰਕਾਰਾਂ ਦੇ ਉਤੇ ਹੈ, ਅਤੇ ਸਰਕਾਰ ਵਲੋਂ ਨਿਯਮਾਂ-ਵਿਨਿਯਮਾਂ ਦੀ ਵਰਤੋਂ ਕਰਦਿਆਂ ਇਹਨਾ ਸੰਸਥਾਵਾਂ ਦੀਆਂ ਚੋਣਾਂ ਸਿਆਸੀ ਲਾਹਾ ਲੈਣ ਲਈ ਲਮਕਾ ਦਿੱਤੀਆਂ ਜਾਂਦੀਆਂ ਹਨ। ਪੰਚਾਇਤ ਐਕਟ ਅਨੁਸਾਰ ਗ੍ਰਾਮ ਪੰਚਾਇਤਾਂ ਦੀ ਚੋਣ 5 ਵਰ੍ਹਿਆਂ ਬਾਅਦ ਕਰਵਾਉਣੀ ਹੀ ਪੈਂਦੀ ਹੈ। ਪੰਜਾਬ 'ਚ ਇਸ ਵੇਰ ਸਮੇਂ ਤੋਂ ਪਹਿਲਾਂ ਪੰਚਾਇਤਾਂ ਭੰਗ ਕਰਕੇ ਪਿੰਡਾਂ ਦੇ ਲੋਕਾਂ ਦੇ ਸੰਵਿਧਾਨਿਕ ਹੱਕ ਖੋਹਣ ਦਾ ਯਤਨ ਹੋਇਆ, ਫਿਰ 5 ਸਾਲ ਪੂਰੇ ਹੋਣ ਉਪਰੰਤ ਪੰਚਾਇਤਾਂ ਦੇ ਪ੍ਰਬੰਧਕ ਲਗਾ ਦਿੱਤੇ ਗਏ ਅਤੇ ਪੰਚਾਇਤਾਂ ਦਾ ਕੰਮਕਾਰ ਸਿੱਧਾ ਸਰਕਾਰੀ ਮਸ਼ੀਨਰੀ ਦੇ ਹੱਥ ਆ ਗਿਆ। ਪੰਜਾਬ ਹਰਿਆਣਾ ਹਾਈਕੋਰਟ ਦੇ ਹੁਕਮਾਂ 'ਤੇ ਹੀ ਪੰਚਾਇਤਾਂ, (ਜੋ ਪਿੰਡ ਦੀ ਮੁਢਲੀ ਸਥਾਨਕ ਸਰਕਾਰ ਹੈ) ਦੀਆਂ ਚੋਣਾਂ ਹੋ ਸਕੀਆਂ। ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ ਦੀ ਮਿਆਦ ਕਦੋਂ ਦੀ ਮੁੱਕ ਚੁੱਕੀ ਹੈ, ਪਰ ਇਹਨਾ ਦੀ ਚੋਣ ਦਾ ਹਾਲੇ ਕੋਈ ਨਾਮੋ ਨਿਸ਼ਾਨ ਨਹੀਂ ਦਿਸਦਾ। ਜਿਵੇਂ ਪੰਜਾਬ ਦੇ ਪਿੰਡਾਂ ਦੇ ਲੋਕਾਂ ਨੇ ਕਾਨੂੰਨੀ ਡੰਡੇ ਨਾਲ ਚੋਣਾਂ ਕਰਵਾਈਆਂ, ਇਵੇਂ ਹੀ ਪੰਜਾਬ ਦੇ ਸ਼ਹਿਰੀ ਲੋਕਾਂ ਨੇ ਪੰਜਾਬ ਹਰਿਆਣਾ ਹਾਈਕੋਰਟ ਦਾ ਦਰ ਖੜਕਾ ਮਿਊਂਸਪਲ ਚੋਣਾਂ ਦਾ ਰਾਹ ਖੁਲ੍ਹਵਾਇਆ। ਪੰਜ ਨਗਰ ਨਿਗਮਾਂ ਅਤੇ 44 ਨਗਰ ਕੌਂਸਲਾਂ ਪੰਚਾਇਤਾਂ ਦੀਆਂ ਚੋਣਾਂ ਅਦਾਲਤੀ ਹੁਕਮਾਂ 'ਤੇ ਹੀ ਸਿਰੇ ਚੜ ਸਕੀਆਂ ਹਨ। ਫਗਵਾੜਾ ਨਗਰ ਨਿਗਮ ਦੀ ਚੋਣ 10 ਵਰ੍ਹਿਆਂ ਬਾਅਦ, ਹੋਰ 4 ਨਿਗਮਾਂ ਲੁਧਿਆਣਾ, ਪਟਿਆਲਾ, ਅੰਮ੍ਰਿਤਸਰ, ਜਲੰਧਰ ਦੀਆਂ ਚੋਣਾਂ, ਮਿਆਦ ਬੀਤਣ ਦੇ ਲੰਮਾ ਸਮਾਂ ਬਾਅਦ ਹੀ ਦੇਸ਼ ਦੀ ਉੱਚ ਅਦਾਲਤ ਦੇ ਹੁਕਮਾਂ 'ਤੇ ਹੋ ਸਕੀਆਂ ਹਨ। ਇਹ ਚੋਣਾਂ ਕਰਵਾਉਣ ਸਬੰਧੀ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਦੀ ਬਹੁਤ ਕਿਰਕਿਰੀ ਹੋਈ, ਕਿਉਂਕਿ ਸਰਕਾਰ ਆਪਣੇ ਲਈ ਇਹ ਚੋਣਾਂ ਕਰਵਾਉਣ ਵਾਸਤੇ ਢੁਕਵਾ ਸਮਾਂ ਉਡੀਕ ਰਹੀ ਸੀ, ਜਦਕਿ ਹੋਰ ਸਿਆਸੀ ਧਿਰਾਂ ਇਹ ਲਮਕ ਰਹੀਆਂ ਚੋਣਾਂ ਤੁਰੰਤ ਕਰਵਾਉਣ ਦੇ ਹੱਕ ਵਿੱਚ ਸਨ। ਹੁਣ ਜਦੋਂ ਇਹਨਾ ਚੋਣਾਂ ਦਾ ਵਿਗਲ ਵੱਜ ਚੁੱਕਾ ਹੈ, ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਆਪੋ-ਆਪਣਾ ਸਿਆਸੀ ਅਧਾਰ ਪੱਕਾ ਕਰਨ ਲਈ ਪਾਰਟੀ ਚੋਣ ਨਿਸ਼ਾਨਾਂ 'ਤੇ ਚੋਣਾਂ ਲੜ ਰਹੀਆਂ ਹਨ। ਸਥਾਨਕ ਪਾਰਟੀ ਵਰਕਰ ਇਹਨਾ ਚੋਣਾਂ 'ਚ ਸਰਗਰਮ ਹਨ। ਸਥਾਨਕ ਪੱਧਰ 'ਤੇ ਪਾਰਟੀਆਂ ਵਲੋਂ ਆਪਸੀ ਗੱਠਜੋੜ ਵੇਖਣ ਨੂੰ ਮਿਲ ਰਹੇ ਹਨ, ਕਿਧਰੇ ਭਾਜਪਾ-ਅਕਾਲੀ ਇਕੱਠੇ ਦਿਖ ਰਹੇ ਹਨ, ਕਿਧਰੇ ਕਾਂਗਰਸ-ਬਸਪਾ ਗੱਠਜੋੜ ਹੈ, ਪਰ ਆਮ ਤੌਰ 'ਤੇ ਸਾਰੀਆਂ ਸਿਆਸੀ ਧਿਰਾਂ ਆਪਣੇ ਉਮੀਦਵਾਰ ਖੜੇ ਕਰਕੇ ਆਉਣ ਵਾਲੀਆਂ 2027 ਦੀਆਂ ਚੋਣਾਂ ਲਈ ਆਪਣਾ ਪਾਰਟੀ ਕਾਡਰ ਬਣਾ ਰਹੀਆਂ ਹਨ। ਇਸ ਕੰਮ ਵਿੱਚ ਆਮ ਆਦਮੀ ਪਾਰਟੀ ਵਧੇਰੇ ਪਹਿਲਕਦਮੀ ਕਰਦਿਆਂ, ਸਰਕਾਰੀ ਮਸ਼ੀਨਰੀ ਵਰਤਕੇ ਵੀ ਅਤੇ ਆਪਣੇ ਸਿਆਸੀ ਪ੍ਰਭਾਵ ਨਾਲ ਵੀ ਦੂਜੀਆਂ ਪਾਰਟੀਆਂ ਦੇ ਵਰਕਰਾਂ ਨੂੰ ਆਪਣੇ ਨਾਲ ਮਿਲਾ ਰਹੀ ਹੈ। ਜਿਥੇ ਹੋਰ ਪਾਰਟੀਆਂ ਦੇ ਨੇਤਾ ਆਪਣੇ ਸੂਬਾ ਪ੍ਰਧਾਨ ਦੀ ਅਗਵਾਈ 'ਚ ਚੋਣ ਮੈਦਾਨ ਵਿੱਚ ਹਨ, ਉਥੇ ਭਾਜਪਾ, ਪ੍ਰਧਾਨ ਤੋਂ ਸੱਖਣੀ ਇਹ ਚੋਣ ਲੜ ਰਹੀ ਹੈ, ਹਾਲਾਂਕਿ ਘੱਟੋ-ਘੱਟ 5 ਨਗਰ ਨਿਗਮਾਂ ਅਤੇ ਹੋਰ ਸ਼ਹਿਰੀ ਖੇਤਰਾਂ 'ਚ ਭਾਜਪਾ ਦੇ ਵਰਕਰ ਵੱਧ ਹਨ ਅਤੇ ਉਹ ਸਰਗਰਮੀਆਂ ਨਾਲ ਚੋਣ ਲੜ ਰਹੇ ਹਨ। ਏਵੇਂ ਹੀ ਸ਼੍ਰੋਮਣੀ ਅਕਾਲੀ ਦਲ, ਜੋ ਖ਼ਾਸ ਕਰਕੇ ਅੰਮ੍ਰਿਤਸਰ, ਪਟਿਆਲਾ, ਲੁਧਿਆਣਾ 'ਚ ਵੱਡੇ ਕਾਡਰ ਵਾਲਾ 'ਦਲ' ਗਿਣਿਆ ਜਾਂਦਾ ਸੀ, ਪ੍ਰਧਾਨ ਦੀ ਅਗਵਾਈ ਤੋਂ ਸੱਖਣਾ ਅਤੇ ਆਪਸੀ ਕਾਟੋ-ਕਲੇਸ਼ ਕਾਰਨ ਆਪਣਾ ਸ਼ਹਿਰਾਂ ਵਿਚਲਾ ਅਧਾਰ ਗੁਆ ਰਿਹਾ ਹੈ, ਕਿਉਂਕਿ ਬਹੁਤੇ ਥਾਵਾਂ ਉਤੇ ਉਸ ਵਲੋਂ ਆਪਣੇ ਉਮੀਦਵਾਰ ਹੀ ਖੜੇ ਨਹੀਂ ਕੀਤੇ ਜਾ ਸਕੇ। ਹਾਂ, ਕੁਝ ਥਾਵਾਂ ਉਤੇ ਉਸ ਵਲੋਂ ਆਪਣੇ ਪੁਰਾਣੇ ਸਾਥੀ ਭਾਜਪਾ ਨਾਲ ਗਲਵਕੜੀ ਪਾਈ ਦਿਸਦੀ ਹੈ। ਮਿਊਂਸਪਲ ਚੋਣਾਂ ਦੇ ਨਤੀਜੇ ਕੁਝ ਵੀ ਹੋਣ। ਇਹਨਾ ਚੋਣਾਂ 'ਚ ਪੂਰੀ



ਗਹਿਗਚ ਹੈ, ਕਾਂਗਰਸ, ਆਪ ਦੀ ਟੱਕਰ ਸਿੱਧੀ ਹੈ ਹਾਲਾਂਕਿ ਭਾਜਪਾ, ਵੀ ਸ਼ਹਿਰਾਂ ਵਿੱਚ ਪ੍ਰਭਾਵ ਦਿਖਾ ਰਹੀ ਹੈ ਅਤੇ ਬਸਪਾ, ਸ਼੍ਰੋਮਣੀ ਅਕਾਲੀ ਦਲ ਆਪਣੀ ਹੋਂਦ ਘੱਟੋ-ਘੱਟ ਜਲੰਧਰ, ਫਗਵਾੜਾ 'ਚ ਜ਼ਰੂਰ ਵਿਖਾਏਗਾ। ਇਹਨਾ ਚੋਣਾਂ 'ਚ ਪ੍ਰਚਾਰ ਲਈ ਉਮੀਦਵਾਰਾਂ ਕੋਲ ਕੁਝ ਦਿਨ ਹੀ ਹਨ, ਚੋਣ 21 ਦਸੰਬਰ 2024 ਨੂੰ ਹੋਣੀ ਹੈ, ਪਰ ਸਰਗਰਮੀ, ਗਹਿਮਾ-ਗਹਿਮੀ ਵੱਡੀ ਵਿਖਾਈ ਦਿੰਦੀ ਹੈ। ਪੰਜਾਬ 'ਚ ਸਾਲ 2024 ਦਾ ਵਰ੍ਹਾਂ ਚੋਣਾਂ ਦਾ ਅਤੇ ਸਿਆਸੀ ਤਾਕਤ ਦਿਖਾਉਣ ਅਤੇ ਲੋਕਾਂ ਨੂੰ ਭਰਮਾਉਣ ਦਾ ਵਰ੍ਹਾ ਹੀ ਰਿਹਾ ਹੈ। ਸਾਲ 2024 ਦੇ ਸ਼ੁਰੂ 'ਚ ਪਹਿਲਾਂ ਲੋਕ ਸਭਾ ਚੋਣਾਂ ਹੋਈਆਂ। ਭਾਜਪਾ ਨੇ ਦੇਸ਼ 'ਚ ਜਿੱਤ ਪ੍ਰਾਪਤ ਕੀਤੀ। ਪੰਜਾਬ 'ਚ ਕਾਂਗਰਸ ''ਆਪ'' ਤੋਂ ਬਾਜੀ ਮਾਰ ਗਈ, ਮੌਕੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ''ਇੰਡੀਆਂ ਗੱਠਜੋੜ'' ਤੋਂ ਵੱਖਰਾ ਰਹਿ ਕੇ ਇਹ ਚੋਣ ਜਿੱਤਕੇ ਦੇਣ ਦਾ ਭਰੋਸਾ ਉਹਨਾ ਵਲੋਂ ਦਿੱਤਾ ਗਿਆ ਸੀ ਪਰ ਆਮ ਆਦਮੀ ਪਾਰਟੀ ਦੀ ਸਾਖ ਨੂੰ ਖੋਰਾ ਲੱਗਾ ਅਤੇ ਮੁੱਖ ਮੰਤਰੀ ਦਾ ਵਕਾਰ ਵੀ ਦਾਅ 'ਤੇ ਲੱਗਾ। ਉਪਰੰਤ ਵਿਧਾਨ ਸਭਾ ਜਲੰਧਰ ਜ਼ਿਮਨੀ ਚੋਣਾਂ 'ਚ ਆਪ ਮੁੱਖ ਮੰਤਰੀ ਨੇ ਜਲੰਧਰ ਡੇਰਾ ਲਗਾਕੇ ਚੋਣ ਜਿੱਤੀ। ਗ੍ਰਾਮ ਪੰਚਾਇਤੀ ਚੋਣਾਂ ਅਕਤੂਬਰ 2024 ਪੰਜਾਬ ਹਾਈਕੋਰਟ ਦੇ ਹੁਕਮਾਂ ਨਾਲ ਸਰਕਾਰ ਨੂੰ ਕਰਵਾਉਣੀਆਂ ਪਈਆਂ। ਫਿਰ ਚਾਰ ਵਿਧਾਨ ਸਭਾ ਦੀਆਂ ਜਿਮਨੀ ਚੋਣਾਂ ਨਵੰਬਰ ਵਿੱਚ ਕਰਵਾਈਆਂ ਗਈਆਂ। ਹੁਣ ਸੁਪਰੀਮ ਕੋਰਟ ਦੇ ਹੁਕਮ ਅਨੁਸਾਰ ਮਿਊਂਸਪਲ ਸੰਸਥਾਵਾਂ ਦੀਆਂ ਚੋਣਾਂ ਹੋ ਰਹੀਆਂ ਹਨ। ਆਮ ਆਦਮੀ ਪਾਰਟੀ ਆਪਣੇ ਪ੍ਰਧਾਨ ਅਮਨ ਅਰੋੜਾ ਦੀ ਅਗਵਾਈ 'ਚ ਚੋਣ ਲੜ ਰਹੀ ਹੈ। ਮੁੱਖ ਮੰਤਰੀ ਲਗਭਗ ਚੁੱਪ ਹਨ। ਜਿਵੇਂ ਪਿੰਡਾਂ 'ਚ ਚੋਣਾਂ ਸਮੇਂ ਨਾਮਜ਼ਦਗੀਆਂ ਵੇਲੇ ਧਾਂਦਲੀਆਂ ਹੋਈਆਂ, ਲੋਕ ਉੱਚ ਅਦਾਲਤ, ਹਾਈਕੋਰਟ 'ਚ ਗਏ, ਦੁਬਾਰਾ ਚੋਣਾਂ ਹੋਈਆਂ ਜਾਂ ਕੁਝ ਪੰਚਾਇਤਾਂ ਵਲੋਂ ਉਹਨਾ ਦੀਆਂ ਪਟੀਸ਼ਨਾਂ ਦਰਜ਼ ਹੋਈਆਂ। ਕਈ ਥਾਵਾਂ 'ਤੇ ਧੱਕੇ ਨਾਲ ਸਰਪੰਚ ਐਲਾਨ ਦਿੱਤੇ ਗਏ। ਇਹ ਸ਼ਾਇਦ ਪਿਛਲੇ ਕਿਸੇ ਵੀ ਸਰਕਾਰ ਦੇ ਸਮੇਂ ' ਚ ਨਹੀਂ ਹੋਇਆ ਹਾਲਾਂਕਿ ਹਰ ਸਰਕਾਰ ਦੇ ਸਮੇਂ ਜ਼ੋਰ ਜਬਰਦਸਤੀ ਨਾਲ ਆਪਣੇ ਧੜੇ ਦੇ ਲੋਕਾਂ ਨੂੰ ਸਰਕਾਰੀ ਦਖ਼ਲ ਅੰਦਾਜੀ ਨਾਲ ਅੱਗੇ ਲਿਆਂਦਾ ਜਾਂਦਾ ਹੈ। ਇਹਨਾ ਚੋਣਾਂ ਵਿੱਚ ਸ਼ਰਾਬ ਅਤੇ ਪੈਸੇ ਦੀ ਇੰਨੀ ਵਰਤੋਂ ਹੋਈ ਕਿ ਪਿੰਡਾਂ ਦੇ ਲੋਕ ਹੈਰਾਨ-ਪ੍ਰੇਸ਼ਾਨ ਰਹਿ ਗਏ। ਵੋਟਾਂ ਦੀ ਖਰੀਦੋ-ਫ਼ਰੋਖਤ ਦਾ ਵਰਤਾਰਾ ਪਿੰਡਾਂ ਦੀ ਆਪਸੀ ਮਿਲਵਰਤਨ ਅਤੇ ਪੇਂਡੂ ਸਭਿਆਚਾਰ 'ਤੇ ਧੱਬਾ ਸਾਬਤ ਹੋਇਆ ਦਿਸਿਆ। ਬਿਲਕੁਲ ਇਵੇਂ ਦਾ ਵਰਤਾਰਾ ਸ਼ਹਿਰਾਂ ਵਿੱਚ ਵੇਖਣ ਨੂੰ ਮਿਲ ਰਿਹਾ ਹੈ, ਜਿਥੇ ਸ਼ਰਾਬ ਦਾ ਦੌਰ ਜਾਰੀ ਹੈ। ਪੈਸੇ ਦੀ ਖੁਲ੍ਹੀ ਵਰਤੋਂ ਦਾ ਖਦਸ਼ਾ ਵੀ ਪਰਗਟਾਇਆ ਜਾ ਰਿਹਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਸਥਾਨਕ ਸਰਕਾਰਾਂ ਦੀ ਚੋਣ ਜਿਸ ਢੰਗ ਨਾਲ ਕਰਵਾਈ ਜਾਂਦੀ ਹੈ, ਉਸ ਨਾਲ ਕੀ ਸਚਮੁੱਚ ਸਥਾਨਕ ਲੋਕਾਂ ਦੇ ਸਹੀ ਨੁਮਾਇੰਦੇ ਚੁਣੇ ਜਾਂਦੇ ਹਨ? ਕੀ ਇਸ ਤਰ੍ਹਾਂ ਚੁਣੇ ਹੋਏ ਨੁਮਾਇੰਦੇ, ਲੋਕ ਸੇਵਾ ਲਈ ਆਪਣੇ ਆਪ ਨੂੰ ਸਮਰਪਿਤ ਰਹਿੰਦੇ ਹਨ? ਕੀ ਉਹ ਵਿਕਾਸ ਦੇ ਕਾਰਜ ਇਮਾਨਦਾਰੀ ਨਾਲ, ਧੜੇਬੰਦੀ ਤੋਂ ਨਿਰਲੇਪ ਰਹਿਕੇ ਕਰ ਸਕਣਗੇ? ਪੰਜਾਬ ਵਿੱਚ ਪਿੰਡ ਪੰਚਾਇਤਾਂ ਨੂੰ ਸਰਕਾਰੀ ਅਫ਼ਸਰਾਂ, ਸਿਆਸੀ ਲੋਕਾਂ ਨੇ ਪੰਗੂ ਬਣਾ ਦਿੱਤਾ ਹੈ, ਉਹਨਾ ਸਾਰੇ ਅਧਿਕਾਰ ਆਪਣੇ ਹੱਥ ਵੱਸ ਕਰ ਲਏ ਹੋਏ ਹਨ, ਜਿਹੜੇ ਪੰਚਾਇਤ ਐਕਟ ਅਨੁਸਾਰ ਪੰਚਾਇਤਾਂ ਨੂੰ ਪ੍ਰਦਾਨ ਕੀਤੇ ਗਏ ਸਨ। ਨਿਯਮਾਂ ਦੇ ਨਾਮ 'ਤੇ ਹਰ ਕੰਮ ਸਕੱਤਰ ਜਾਂ ਗ੍ਰਾਮ ਸੇਵਕ, ਪੰਚਾਇਤ ਅਫ਼ਸਰ ਅਤੇ ਹੋਰ ਅਫ਼ਸਰ ਕਰਦੇ ਹਨ। ਆਜ਼ਾਦਾਨਾ ਤੌਰ 'ਤੇ ਉਹਨਾ ਨੂੰ ਕੋਈ ਵਿਕਾਸ ਦਾ ਕੰਮ ਕਰਾਉਣ ਜਾਂ ਪੰਚਾਇਤ ਖਾਤਿਆਂ 'ਚੋਂ ਪੈਸੇ ਕਢਵਾਉਣ ਦਾ ਹੱਕ ਨਹੀਂ। ਕੋਈ ਵੀ ਕੰਮ ਆਪਣੀ ਮਰਜ਼ੀ ਨਾਲ ਕਰਾਉਣ ਦੀ ਗੱਲ ਤਾਂ ਦੂਰ ਦੀ ਹੋਈ, ਪੰਚਾਇਤੀ ਮਤਾ ਪਾਸ ਕਰਕੇ, ਕੰਮ ਕਰਵਾਉਣ 'ਚ ਵੀ ਅਧਿਕਾਰੀ ਰੁਕਾਵਟਾਂ ਪਾਉਂਦੇ ਹਨ। ਗ੍ਰਾਮ ਪੰਚਾਇਤਾਂ ਦੀਆਂ ਮੀਟਿੰਗਾਂ ਅਤੇ ਆਮ ਅਜਲਾਸ ਕਰਾਉਣਾ ਸਿਰਫ ਪੰਚਾਇਤ ਸਕੱਤਰ, ਅਫ਼ਸਰਾਂ ਦੀ ਮਰਜ਼ੀ 'ਤੇ ਸੀਮਤ ਹੋ ਕੇ ਰਹਿ ਗਿਆ ਹੈ। ਸਾਂਝੇ ਫੰਡ ਖਰਚਣਾ ਇੰਨਾ ਗੁੰਝਲਦਾਰ ਹੈ ਕਿ ਸਧਾਰਨ ਸਰਪੰਚ ਇਹਨਾ ਪੇਚੀਦਗੀਆਂ ਤੋਂ ਪ੍ਰੇਸ਼ਾਨ ਹੋ ਕੇ ਕਰਮਚਾਰੀਆਂ, ਅਧਿਕਾਰੀਆਂ ਅੱਗੇ ਹਥਿਆਰ ਸੁੱਟ ਦਿੰਦਾ ਹੈ। ਇਹੋ ਹਾਲ ਸ਼ਹਿਰੀ ਸਥਾਨਕ ਸਰਕਾਰਾਂ ਅਰਥਾਤ ਨਿਗਮ ਕੌਂਸਲਾਂ ਦਾ ਹੈ। ਨਿਗਮ, ਕੌਂਸਲਾਂ ਦੀਆਂ ਮੀਟਿੰਗਾਂ ਉਪਰੰਤ ਵਿਕਾਸ ਕਾਰਜਾਂ ਦੇ ਮਤੇ ਅਤੇ ਫਿਰ ਟੈਂਡਰ ਲੱਗਣ, ਉੱਚ ਅਧਿਕਾਰੀਆਂ ਦੀਆਂ ਪ੍ਰਵਾਨਗੀਆਂ, ਅਸਲ 'ਚ ਮੈਂਬਰਾਂ ਦੇ ਪੱਲੇ ਕੁਝ ਵੀ ਨਹੀਂ ਰਹਿਣ ਦਿੰਦੀਆਂ। ਨਿਗਮਾਂ, ਕੌਂਸਲਾਂ 'ਚ ਆਮ ਲੋਕਾਂ ਨੂੰ ਕੰਮ ਕਰਵਾਉਣੇ ਇੰਨੇ ਔਖੇ ਹਨ ਕਿ ਲੋਕ ਕਰਮਚਾਰੀਆਂ ਨੂੰ ਰਿਸ਼ਵਤ ਦੇਕੇ ਕੰਮ ਕਰਵਾਉਣਾ ਚੰਗਾ ਸਮਝਣ ਲੱਗੇ ਹਨ। ਜਿਵੇਂ "ਸਰਕਾਰੇ-ਹਿੰਦ" ਵਲੋਂ, ਤਾਕਤਾਂ ਦਾ ਕੇਂਦਰੀਕਰਨ ਕਰਕੇ, ਸੂਬਿਆਂ ਦੇ ਹੱਕ ਹਥਿਆਕੇ, ਉਹਨਾ ਨੂੰ ਪੰਗੂ ਬਣਾ ਦਿੱਤਾ ਜਾ ਰਿਹਾ ਹੈ। ਸੂਬੇ 'ਚ ਕੀਤੇ ਜਾਣ ਵਾਲੇ ਹਰ ਕੰਮ ਦੀ ਮਨਜ਼ੂਰੀ ਕੇਂਦਰ ਦੇ ਹੱਥ ਦੇਣ ਦਾ ਯਤਨ ਹੋ ਗਿਆ ਹੈ, ਇਵੇਂ ਹੀ ਸੂਬਾ ਸਰਕਾਰਾਂ ਨੇ ਸਥਾਨਕ ਸਰਕਾਰਾਂ ਦੇ ਸਾਰੇ ਅਧਿਕਾਰ ਹਥਿਆਏ ਹੋਏ ਹਨ। ਸਥਾਨਕ ਸਰਕਾਰਾਂ ਦੇ ਚੁਣੇ ਹੋਏ ਨੁਮਾਇੰਦੇ, ਲੋਕ ਨੁਮਾਇੰਦੇ ਹੀ ਨਹੀਂ ਰਹਿਣ ਦਿੱਤੇ ਗਏ, ਬੱਸ ਇੱਕ "ਮੋਹਰਾ" ਬਣਾ ਦਿੱਤੇ ਗਏ ਹਨ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਗ੍ਰਾਮ ਪੰਚਾਇਤਾਂ ਅਕਤੂਬਰ 2024 'ਚ ਚੁਣੀਆਂ ਗਈਆਂ ਹਨ, ਪਰ ਨਵੀਆਂ ਪੰਚਾਇਤਾਂ ਸਰਪੰਚਾਂ ਨੂੰ ਹਾਲੀ ਤੱਕ ਚਾਰਜ ਹੀ ਨਹੀਂ ਦਿੱਤੇ ਗਏ। ਪਹਿਲਾਂ ਜਨਵਰੀ 2024 ਤੋਂ ਅਕਤੂਬਰ 2024 ਤੱਕ ਸਰਕਾਰੀ ਅਧਿਕਾਰੀਆਂ ਨੂੰ ਪੰਚਾਇਤਾਂ ਦਾ ਕੰਮ ਸੌਂਪਕੇ ਪਿੰਡਾਂ ਦੇ ਵਿਕਾਸ ਕੰਮਾਂ ਦਾ,ਜੋ ਥੋੜ੍ਹੇ ਬਹੁਤੇ ਹੋਣੇ ਸਨ, ਨਾਸ ਮਾਰਿਆ ਗਿਆ, ਹੁਣ ਨਵੀਆਂ ਪੰਚਾਇਤਾਂ ਨੂੰ ਚਾਰਜ ਦੇਣ ਦਾ ਕੰਮ ਲਟਕਾਇਆ ਜਾ ਰਿਹਾ ਹੈ। ਸਥਾਨਕ ਸਰਕਾਰਾਂ ਦਾ ਅਸਲ ਅਰਥ ਤਾਂ ਸਥਾਨਕ ਪੱਧਰ 'ਤੇ ਲੋਕ ਨਿਆਂ, ਲੋੜਾਂ ਅਨੁਸਾਰ ਵਿਕਾਸ, ਅਤੇ ਚੰਗਾ ਪ੍ਰਬੰਧਨ ਹੈ। ਪਿੰਡਾਂ, ਸ਼ਹਿਰਾਂ 'ਚ, ਸੂਬਾ ਤੇ ਕੇਂਦਰ ਸਰਕਾਰ ਦੀਆਂ ਸੰਸਥਾਵਾਂ ਤੇ ਕੰਮਾਂ ਦੀ ਦੇਖਭਾਲ, ਸਕੀਮਾਂ ਲਾਗੂ ਕਰਨਾ ਅਤੇ ਉਹਨਾ ਦਾ ਪ੍ਰਬੰਧ ਜੇਕਰ ਸਥਾਨਕ ਲੋਕਾਂ ਦੀ ਸ਼ਮੂਲੀਅਤ, ਪ੍ਰਬੰਧਨ ਨਾਲ ਹੋਏਗਾ ਤਾਂ ਸਾਰਥਿਕ ਸਿੱਟੇ ਨਿਕਲਣਗੇ, ਪਰ ਜੇਕਰ ਇਹ ਸਥਾਨਕ ਸਰਕਾਰਾਂ ਨਾਮਾਤਰ ਹੀ ਹੋਣਗੀਆਂ ਤਾਂ ਸਿਆਸੀ ਲੋਕਾਂ ਦਾ ਸਿਆਸੀ ਤਾਕਤ ਹਥਿਆਉਣ ਦਾ ਸਾਧਨ ਬਣਕੇ ਰਹਿ ਜਾਣਗੀਆਂ ਜਿਵੇਂ ਕਿ ਸਥਾਨਕ ਸਰਕਾਰਾਂ ਅਜੋਕੀ ਸਥਿਤੀ ਵਿੱਚ ਵਿਖਾਈ ਦਿੰਦੀਆਂ ਹਨ। ਅੱਜ ਸੂਬੇ ਪੰਜਾਬ ਦੇ ਪਿੰਡਾਂ, ਸ਼ਹਿਰਾਂ ਦੇ ਸਫ਼ਾਈ ਪੱਖੋਂ ਹਾਲਾਤ ਕੀ ਹਨ? ਵਾਤਾਵਰਨ ਪ੍ਰਦੂਸ਼ਿਤ ਹੈ। ਸਾਫ਼ ਸੁਥਰੇ ਨਾਲੇ-ਖਾਲੇ, ਕਾਲੇ ਬਣੇ ਹੋਏ ਹਨ। ਪਿੰਡਾਂ, ਸ਼ਹਿਰਾਂ 'ਚ ਸੜਕਾਂ ਦਾ ਬੁਰਾ ਹਾਲ ਹੈ। ਪੇਂਡੂ ਲਿੰਕ ਸੜਕਾਂ ਤਾਂ ਟੁੱਟੀਆਂ ਹੀ ਪਈਆਂ ਹਨ, ਸ਼ਹਿਰੀ ਸੜਕਾਂ ਦੇ ਮੰਦੇ ਹਾਲ ਹਨ। ਸਰਕਾਰੀ ਇਮਾਰਤਾਂ ਦੇਖਭਾਲ ਖੁਣੋ ਵਾਸਤਾ ਪਾ ਰਹੀਆਂ ਹਨ। ਸਰਕਾਰੀ ਸਕੀਮਾਂ ਸਰਕਾਰੀ ਕਰਮਚਾਰੀਆਂ ਦੀ ਕੁਤਾਹੀ ਕਾਰਨ ਲੋਕਾਂ ਤੱਕ ਨਹੀਂ ਪੁੱਜਦੀਆਂ। ਜਿਹੜੇ ਕੰਮ ਲੋਕਾਂ ਦੇ ਸਥਾਨਕ ਲੀਡਰਸ਼ਿਪ ਨੇ ਸੌਖਿਆਂ ਕਰਨੇ ਹੁੰਦੇ ਹਨ, ਉਹ ਸਰਕਾਰ ਵਲੋਂ ਗੁੰਝਲਦਾਰ ਬਣਾ ਦਿੱਤੇ ਗਏ ਹਨ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਸਥਾਨਕ ਸਰਕਾਰਾਂ ਦਾ ਆਪਣਾ ਕੋਈ ਆਮਦਨ ਦਾ ਵਸੀਲਾ ਜਾਂ ਸਰੋਤ ਨਹੀਂ ਹੈ, ਉਹਨਾ ਨੂੰ ਕੇਂਦਰ ਜਾਂ ਸੂਬੇ ਦੀਆਂ ਗ੍ਰਾਂਟਾਂ 'ਤੇ ਹੀ ਆਮ ਤੌਰ 'ਤੇ ਨਿਰਭਰ ਬਣਾ ਦਿੱਤਾ ਗਿਆ ਹੈ। ਇਹੋ ਜਿਹੇ ਹਾਲਤਾਂ 'ਚ ਚੰਗੇ ਨੁਮਾਇੰਦਿਆਂ ਦੀ ਸਥਾਨਕ ਸਰਕਾਰਾਂ 'ਚ ਚੋਣ, ਵਧੇਰੇ ਮਹੱਤਵਪੂਰਨ ਹੈ ਅਤੇ ਸਮੇਂ ਦੀ ਮੰਗ ਹੈ। ਜਿਵੇਂ ਸਥਾਨਕ ਪੇਂਡੂ, ਸ਼ਹਿਰੀ ਲੋਕਾਂ ਨੇ ਸਮੇਂ ਸਿਰ ਪੰਚਾਇਤੀ, ਨਗਰ ਕੌਂਸਲ ਚੋਣਾਂ ਕਰਵਾਉਣ ਲਈ ਕਾਨੂੰਨੀ ਲੜਾਈ ਲੜੀ ਹੈ, ਜਿੱਤ ਪਰਾਪਤ ਕੀਤੀ ਹੈ, ਉਵੇਂ ਹੀ ਉਹਨਾ ਨੂੰ ਸਥਾਨਕ ਸਰਕਾਰਾਂ ਵਿੱਚ ਸਰਕਾਰੀ ਦਖ਼ਲ ਅੰਦਾਜੀ ਬੰਦ ਕਰਵਾਉਣ ਦੀ ਲੜਾਈ ਵੀ ਲੜਨੀ ਹੋਵੇਗੀ। ਭਾਰਤੀ ਸੰਵਿਧਾਨ ਸਥਾਨਕ ਸਰਕਾਰਾਂ ਨੂੰ ਪੂਰਾ ਅਧਿਕਾਰ ਤੇ ਮਹੱਤਵ ਦਿੰਦਾ ਹੈ। ਇਸ ਅਧਿਕਾਰ ਨੂੰ ਕਾਇਮ ਰੱਖਣਾ ਭਾਰਤੀ ਲੋਕਤੰਤਰ ਦੀ ਮੁਢਲੀ ਇਕਾਈ "ਸਥਾਨਕ ਸਰਕਾਰਾਂ" ਦਾ ਫ਼ਰਜ਼ ਵੀ ਬਣਦਾ ਹੈ।

JARNAIL SINGH



ART CLASSES
604-825-4659
604-724-6922
604-595-5885
#106- 12882-85 Ave. Surrey

# ਸਿਹਤ ਸੰਸਾਰ



ਲੇਖਕ : ਡਾ. ਅਜੀਤਪਾਲ ਸਿੰਘ

ਦਮਾ ਫੇਫੜਿਆਂ ਦੀ ਇੱਕ ਲੰਬੇ ਸਮੇਂ ਦੀ ਪੁਰਾਣੀ ਬਿਮਾਰੀ ਹੈ, ਜਿਸ ਨਾਲ ਸਾਹ ਨਾਲੀਆਂ ਸੁੱਜ ਜਾਂਦੀਆਂ ਹਨ ਅਤੇ ਤੰਗ ਕਰਦੀਆਂ ਹਨ। ਅਸਥਮਾ ਨੂੰ ਬਿਹਤਰ ਤਰੀਕੇ ਨਾਲ ਸਮਝਣ ਲਈ ਆਉ ਸਮਝੀਏ ਕਿ ਏਅਰਵੇਜ਼ ਕਿਵੇਂ ਕੰਮ ਕਰਦੇ ਹਨ। ਏਅਰਵੇਜ਼ ਉਹ ਟਿਊਬਾਂ ਹੁੰਦੀਆਂ ਹਨ ਜਿਹੜੀਆਂ ਤੁਹਾਡੇ ਫੇਫੜਿਆਂ ਦੇ ਅੰਦਰ ਅਤੇ ਬਾਹਰ ਹਵਾ ਲੈ ਜਾਂਦੀਆਂ ਹਨ। ਤੁਹਾਡੀਆਂ ਸਾਹ ਦੀਆਂ ਨਾਲੀਆਂ ਕੁਝ ਸਾਹ ਰਾਹੀਂ ਅੰਦਰ ਜਾਣ ਵਾਲੇ ਪਦਾਰਥਾਂ 'ਤੇ ਜ਼ੋਰਦਾਰ ਪ੍ਰਤੀਕਿਰਿਆ ਕਰ ਸਕਦੀਆਂ ਹਨ। ਜਦੋਂ ਸਾਹ ਨਾਲੀਆਂ ਪ੍ਰਤੀਕਿਰਿਆ ਕਰਦੀਆਂ ਹਨ ਤਾਂ ਇਸਦੇ ਨਤੀਜੇ ਵਜੋਂ ਉਹਨਾਂ ਦੇ ਆਲੇ ਦੁਆਲੇ ਦੀਆਂ ਮਾਸਪੇਸ਼ੀਆਂ ਨੂੰ ਕੱਸਣਾ, ਸੋਜ ਵਧਣ ਜਾਂ ਵਧੇਰੇ ਬਲਗਮ ਪੈਦਾ ਹੋ ਸਕਦੀ ਹੈ। ਇਹ ਸਭ ਸਾਹ ਨਾਲੀਆਂ ਨੂੰ ਹੋਰ ਤੰਗ ਕਰਨ ਅਤੇ ਦਮੇ ਦੇ ਲੱਛਣਾਂ ਨੂੰ ਚਾਲੂ ਕਰਨ ਦਾ ਕਾਰਨ ਬਣਦੇ ਹਨ।

**ਦਮੇ ਦੇ ਲੱਛਣ:**

ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਦੇ ਦਮੇ ਦੇ ਬਹੁਤ ਵੱਖਰੇ ਹੁੰਦੇ ਹਨ। ਦਮੇ ਦੇ ਕੁਝ ਆਮ ਲੱਛਣਾਂ ਇਹ ਹਨ:

* ਘਰਘਰਾਹਟ।
* ਕਸਰਤ ਕਰਦੇ ਸਮੇਂ ਕਮਜ਼ੋਰੀ ਜਾਂ ਥਕਾਵਟ ਮਹਿਸੂਸ ਕਰਨਾ।
* ਥਕਾਵਟ, ਚਿੜਚਿੜਾਪਨ, ਮੂਡੀ ਮਹਿਸੂਸ ਕਰਨਾ।
* ਛਿੱਕਾਂ ਆਉਣਾ, ਸਿਰਦਰਦ, ਖੰਘ, ਗਲੇ ਵਿੱਚ ਖਰਾਸ਼, ਵਗਦਾ ਨੱਕ, ਨੱਕ ਬੰਦ ਹੋਣਾ।
* ਛਾਤੀ ਵਿੱਚ ਦਰਦ, ਦਬਾਅ ਜਾਂ ਜਕੜਨ।
* ਸਾਹ ਚੜ੍ਹਨਾ ਜਾਂ ਸਾਹ ਆਸਾਨੀ ਨਾਲ ਨਾ ਆਉਣਾ।
* ਖੰਘ, ਖਾਸ ਕਰਕੇ ਰਾਤ ਨੂੰ।
* ਸੌਣ ਵਿੱਚ ਸਮੱਸਿਆ।

**ਦਮੇ ਦਾ ਕਾਰਨ:**

ਦਮੇ ਜਾਂ 'ਟਰਿੱਗਰਜ਼' ਦੇ ਕਾਰਨ ਹਰੇਕ ਵਿਅਕਤੀ ਲਈ ਵੱਖ-ਵੱਖ ਹੁੰਦੇ ਹਨ। ਦਮੇ ਦੇ ਕੁਝ ਆਮ ਕਾਰਨ ਇਹ ਹਨ:

* ਐਲਰਜੀਨ ਜਿਵੇਂ ਕਿ ਪਾਲਤੂ ਜਾਨਵਰਾਂ ਦੇ ਦੰਦ, ਬੀਜਾਣੂ, ਧੂੜ ਦੇ ਕਣ ਅਤੇ ਉੱਲੀ।
* ਪਰਾਗ ਐਲਰਜੀ।
* ਤੰਬਾਕੂ ਦਾ ਧੂੰਆਂ।
* ਮੌਸਮ, ਠੰਢੀ ਹਵਾ, ਨਮੀ, ਤਾਪਮਾਨ ਵਿੱਚ ਬਦਲਾਅ।
* ਕੁਝ ਦਵਾਈਆਂ।
* ਜ਼ੁਕਾਮ, ਫਲੂ, ਸਾਈਨਿਸਾਈਟਿਸ ਵਰਗੀਆਂ ਲਾਗਾਂ।
* ਜਲਣ ਵਾਲੀਆਂ ਚੀਜ਼ਾਂ ਜਿਵੇਂ ਕਿ ਹਵਾ ਪ੍ਰਦੂਸ਼ਣ, ਤੇਜ਼ ਗੰਧ ਵਾਲੇ ਅਤਰ ਜਾਂ ਸਫਾਈ ਉਤਪਾਦ।
* ਕਸਰਤ-ਪ੍ਰੇਰਿਤ ਦਮਾ।
* ਮਜ਼ਬੂਤ ਭਾਵਨਾਵਾਂ ਜਿਵੇਂ ਕਿ ਹਾਸਾ ਜਾਂ ਰੋਣਾ, ਤਣਾਅ, ਚਿੰਤਾ।

**ਦਮੇ ਦਾ ਨਿਦਾਨ (ਤਸ਼ਖ਼ੀਸ) ਕਿਵੇਂ ਕੀਤਾ ਜਾਂਦਾ ਹੈ?**

ਦਮੇ ਦੀ ਜਾਂਚ ਕਰਨ ਦਾ ਪਹਿਲਾ ਕਦਮ ਤੁਹਾਡੇ ਮੈਡੀਕਲ ਅਤੇ ਪਰਿਵਾਰਕ ਇਤਿਹਾਸ ਨੂੰ ਸਮਝਣਾ ਹੈ। ਦਮੇ ਦੇ ਸੰਭਾਵਿਤ ਟਰਿੱਗਰਾਂ ਦੀ ਪਛਾਣ ਕਰਨ ਲਈ ਤੁਸੀਂ ਡਾਕਟਰ ਨਾਲ ਵਿਸਤ੍ਰਿਤ ਚਰਚਾ ਕਰਨੀ ਹੋਵੇਗੀ। ਫਿਰ ਦਮੇ ਦੇ ਲੱਛਣਾਂ ਨੂੰ ਦੇਖਣ ਲਈ ਇੱਕ ਸਰੀਰਕ ਮੁਆਇਨਾ ਕਰਵਾਇਆ ਜਾਵੇਗਾ।

ਸਪਾਈਰੋਮੈਟਰੀ ਜਾਂ ਫੇਫੜਿਆਂ ਦੇ ਫੰਕਸ਼ਨ ਟੈਸਟ ਨਾਮਕ ਇੱਕ ਡਾਇਗਨੌਸਟਿਕ ਟੈਸਟ ਵੀ ਤਜਵੀਜ਼ ਕੀਤਾ ਜਾ ਸਕਦਾ ਹੈ। ਇਹ ਫੇਫੜੇ ਦੇ ਫੰਕਸ਼ਨ ਟੈਸਟ ਵਿੱਚ ਹਵਾ ਦੀ ਮਾਤਰਾ ਨੂੰ ਮਾਪਦਾ ਹੈ, ਜੋ ਤੁਸੀਂ ਅੰਦਰ ਲਿਜਾਂਦੇ ਅਤੇ ਬਾਹਰ ਲਿਆਉਂਦੇ ਹੋ ਅਤੇ ਕਿੰਨੀ ਤੇਜ਼ੀ ਨਾਲ ਤੁਸੀਂ ਹਵਾ ਨੂੰ ਬਾਹਰ ਕੱਢ ਸਕਦੇ ਹੋ।

**ਦਮੇ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ?**

ਦਮਾ ਲੰਬੇ ਸਮੇਂ ਦੀ ਸਾਹ ਦੀ ਬਿਮਾਰੀ ਹੈ ਅਤੇ ਇਸਦਾ ਇਲਾਜ ਨਹੀਂ ਕੀਤਾ ਜਾ ਸਕਦਾ। ਦਮੇ ਦਾ ਇਲਾਜ ਬਿਮਾਰੀ ਨੂੰ ਕੰਟਰੋਲ ਕਰਨ 'ਤੇ ਕੇਂਦ੍ਰਿਤ ਹੈ। ਇਸ ਦੇ ਇਲਾਜ ਵਿੱਚ ਦੋ ਤਰ੍ਹਾਂ ਦੀਆਂ ਦਵਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ- ਜਲਦੀ ਰਾਹਤ ਅਤੇ ਲੰਬੇ ਸਮੇਂ ਲਈ ਕੰਟਰੋਲਲ ਤੇਜ਼-ਰਾਹਤ ਵਾਲੀਆਂ ਦਵਾਈਆਂ ਦਮੇ ਦੇ ਲੱਛਣਾਂ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦੀਆਂ ਹਨ, ਜੋ ਅਚਾਨਕ ਭੜਕ ਜਾਂਦੇ ਹਨ। ਸਾਹ ਨਾਲੀ ਦੀ ਸੋਜਸ਼ ਨੂੰ ਘਟਾਉਣ ਅਤੇ ਦਮੇ ਦੇ ਲੱਛਣਾਂ ਨੂੰ ਰੋਕਣ ਲਈ ਲੰਬੇ ਸਮੇਂ ਦੀ ਨਿਯੰਤਰਣ ਦਵਾਈ ਦੀ ਵਰਤੋਂ ਕੀਤੀ ਜਾਂਦੀ ਹੈ।

ਦਮੇ ਦੀ ਦਵਾਈ ਸਾਹ ਰਾਹੀਂ ਅੰਦਰ ਲਈ ਜਾ ਸਕਦੀ ਹੈ। ਇਹ ਇੰਜੈਕਟੇਬਲ ਜਾਂ ਮੌਖਿਕ ਵੀ ਹੋ ਸਕਦੀ ਹੈ ਜਿਵੇਂ ਕਿ ਸਟੀਰੌਇਡਜ਼, ਸਾੜ ਵਿਰੋਧੀ ਦਵਾਈਆਂ ਅਤੇ ਇਨਹੇਲਰ ਜਾਂ ਇੱਥੋਂ ਤਕ ਕਿ ਨੈਬੂਲਾਈਜ਼ਰ ਦੀ ਵਰਤੋਂ ਕਰਕੇ ਵੀ ਚਲਾਈ ਜਾ ਸਕਦੀ ਹੈ। ਤੁਹਾਡੇ ਦਮੇ ਦੇ ਦੌਰੇ ਦੀ ਤੀਬਰਤਾ ਅਤੇ ਬਾਰੰਬਾਰਤਾ 'ਤੇ ਨਿਰਭਰ ਕਰਦੇ ਹੋਏ, ਇਲਾਜ ਮੁਹੱਈਆ ਕੀਤਾ ਜਾਂਦਾ ਹੈ।

**ਦਮੇ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ?**

ਹਾਲਾਂਕਿ ਦਮੇ ਨੂੰ ਪੂਰੀ ਤਰ੍ਹਾਂ ਰੋਕਿਆ ਨਹੀਂ ਜਾ ਸਕਦਾ ਹੈ, ਇਸ ਨੂੰ ਬਿਹਤਰ ਢੰਗ ਨਾਲ ਸੰਭਾਲਣ ਲਈ ਤੁਸੀਂ ਕੁਝ ਉਪਾਅ ਕਰ ਸਕਦੇ ਹੋ ਜਿਵੇਂ ਕਿ: ਆਪਣੀ ਦਮੇ ਦੇ ਇਲਾਜ ਦੀ ਯੋਜਨਾ ਦੀ ਪਾਲਣਾ ਕਰੋ। ਨਮੂਨੀਆ ਅਤੇ ਫਲੂ ਲਈ ਟੀਕੇ ਲਗਵਾਓ। ਆਪਣੇ ਸਾਹ ਦੀ ਨਿਗਰਾਨੀ ਕਰੋ ਤੇ ਦਮੇ ਦੇ ਟਰਿੱਗਰਾਂ ਦੀ ਪਛਾਣ ਕਰੋ ਅਤੇ ਉਹਨਾਂ ਤੋਂ ਬਚੋ।

# ਅਗਨਾਸ਼ਾ (ਪੈਂਕਰਿਅਸ) ਦਾ ਕੈਂਸਰ: ਰੋਕਥਾਮ ਅਤੇ ਇਲਾਜ

ਲੇਖਕ : ਡਾ. ਅਜੀਤਪਾਲ ਸਿੰਘ

ਪੈਂਕਰਿਅਸ (ਅਗਨਾਸ਼ਾ) ਗਲੈਂਡ ਹੈ ਜੋ ਪੇਟ ਅਤੇ ਰੀੜ੍ਹ ਦੇ ਵਿਚਕਾਰ ਪੇਟ ਵਿੱਚ ਡੂੰਘਾ ਪਿਆ ਹੁੰਦਾ ਹੈ ਜੋ ਡਿਊਡਿਨਮ ਨੂੰ ਜੋੜਦਾ ਹੈ। ਇਹ ਉਹ ਪਾਚਕ ਅੰਗ ਹੈ ਜੋ ਮੁੱਖ ਤੌਰ 'ਤੇ ਪਾਚਨ ਇੰਜਾਇਮਾਂ ਰਾਹੀਂ ਭੋਜਨ ਪਚਾਉਣ ਵਿੱਚ ਮਦਦ ਕਰਦਾ ਹੈ ਅਤੇ ਬਲੱਡ ਸ਼ੂਗਰ ਦੇ ਲੈਵਲ 'ਤੇ ਨਜ਼ਰ ਰੱਖਣ ਲਈ ਇੰਸੂਲਿਨ ਬਣਾਉਂਦਾ ਹੈ। ਅਗਨਾਸ਼ਾ ਪੇਟ ਵਿੱਚ ਡੂੰਘਾ, ਵੱਡੀ ਤੇ ਛੋਟੀ ਆਂਤ ਦੇ ਪਿੱਛੇ ਪਿਆ ਹੁੰਦਾ ਹੈ। ਅਗਮਾਸ਼ਾ ਦਾ ਕੈਂਸਰ ਘਾਤਕ ਕੈਂਸਰ ਹੈ ਕਿਉਂਕਿ ਅਗਨਾਸ਼ਾ ਦੇ ਅੰਦਰ ਘਾਤਕ ਟਿਊਮਰ ਹੌਲੀ-ਹੌਲੀ ਵਧਦਾ ਹੈ। ਸ਼ੁਰੂਆਤੀ ਪੜਾਅ 'ਤੇ ਇਸ ਦਾ ਪਤਾ ਲਾਉਣਾ ਸੌਖਾ ਨਹੀਂ ਭਾਵੇਂ ਕੋਈ ਸ਼ਖ਼ਸ ਨਿਯਮਿਤ ਸਾਲਾਨਾ ਜਾਂਚ ਕਰਾਉਂਦਾ ਹੈ। ਸਾਧਾਰਨ ਟੈਸਟਾਂ ਨਾਲ ਇਸ ਦਾ ਪਤਾ ਕਰਨਾ ਮੁਸ਼ਕਿਲ ਹੈ। ਇਸ ਲਈ ਪੈਂਕਰਿਅਸ ਦਾ ਕੈਂਸਰ ਆਮ ਤੌਰ 'ਤੇ ਐਡਵਾਂਸ ਅਵਸਥਾ ਵਿੱਚ ਹੀ ਲੱਭਦਾ ਹੈ। ਇਸ ਲਈ ਲੋੜੀਂਦੇ ਇਲਾਜ ਵਿੱਚ ਦੇਰੀ ਹੋ ਜਾਂਦੀ ਹੈ ਤੇ ਬਚਣ ਦੀ ਦਰ ਘਟ ਜਾਂਦੀ ਹੈ। ਮਰੀਜ਼ ਟਿਊਮਰ ਬਾਹਰ ਕੱਢਣ ਲਈ ਸਰਜਰੀ ਕਰਾ ਸਕਦਾ ਹੈ, ਫਿਰ ਵੀ ਉਸ ਦਾ ਜੀਵਨ ਹੋਰ ਕੈਂਸਰਾਂ ਦੇ ਮੁਕਾਬਲੇ ਘਟ ਜਾਂਦਾ ਹੈ। ਇਹ ਕੈਂਸਰ ਜ਼ਿਆਦਾਤਰ ਉਨ੍ਹਾਂ ਲੋਕਾਂ ਨੂੰ ਹੁੰਦਾ ਜਿਨ੍ਹਾਂ ਦੀ ਉਮਰ 65 ਸਾਲ ਤੋਂ ਵੱਧ ਹੁੰਦੀ ਹੈ। ਮਰਦਾਂ ਨੂੰ ਇਹ ਔਰਤਾਂ ਦੇ ਮੁਕਾਬਲਤਨ ਜ਼ਿਆਦਾ ਹੁੰਦਾ ਹੈ।



**ਅਗਨਾਸ਼ਾ ਕੈਂਸਰ ਹੋਣ ਦੇ ਕਾਰਨ**

* ਸਿਗਰਟ ਪੀਣ ਵਾਲਿਆਂ ਨੂੰ ਬਿਮਾਰੀ ਹੋਣ ਦਾ ਖ਼ਤਰਾ ਦੋ ਤਿੰਨ ਗੁਣਾ ਜ਼ਿਆਦਾ ਹੁੰਦਾ ਹੈ।
* ਸ਼ੂਗਰ ਦੀ ਬਿਮਾਰੀ (ਡਾਇਬਟੀਜ਼ ਮਲਾਈਟਸ) ਨਾਲ ਪੀੜਤ ਲੋਕਾਂ ਨੂੰ ਇਹ ਜੋਖ਼ਿਮ ਵੱਧ ਹੁੰਦਾ ਹੈ।
* ਮੋਟੇ ਲੋਕਾਂ ਨੂੰ ਇਹ ਵਧੇਰੇ ਹੁੰਦਾ ਹੈ।
* ਉਹ ਲੋਕ ਜੋ ਜਾਨਵਰ ਦੀ ਚਰਬੀ ਦੀ ਲੰਮੇ ਸਮੇਂ ਤੱਕ ਵਰਤੋਂ ਕਰਦੇ ਹਨ। ਖਰਾਬ ਸਬਜ਼ੀਆਂ ਤੇ ਫਲਾਂ ਦੀ ਵਰਤੋਂ ਨਾਲ ਵੀ ਇਹ ਬਿਮਾਰੀ ਹੋਣ ਦਾ ਖ਼ਦਸ਼ਾ ਵੱਧ ਹੁੰਦਾ ਹੈ।
* ਕੀਟਨਾਸ਼ਕ ਵਰਗੇ ਰਸਾਇਣਾਂ ਨਾਲ ਜ਼ਿਆਦਾ ਸੰਪਰਕ ਰੱਖਣ ਵਾਲਿਆਂ ਨੂੰ ਇਹ ਕੈਂਸਰ ਵੱਧ ਹੁੰਦਾ ਹੈ।
* ਹੈਲੀਕੋਬੈਕਟਰ ਪੈਲੋਰੀ ਬੈਕਟੀਰੀਆ ਦੀ ਲਾਗ ਦੇ ਪੀੜਤਾਂ ਨੂੰ ਇਹ ਜੋਖ਼ਿਮ ਦੋ ਗੁਣਾ ਵੱਧ ਹੁੰਦਾ ਹੈ।
* ਅਗਨਾਸ਼ਾ ਦੀ ਸਮੱਸਿਆ ਵਾਲੇ ਪਰਿਵਾਰਾਂ ਦੇ ਜੀਆਂ ਨੂੰ ਇਹ ਕੈਂਸਰ ਹੋਣ ਦਾ ਖ਼ਤਰਾ ਵੱਧ ਹੁੰਦਾ ਹੈ।

# 'ਅੱਧੇ ਸਿਰ ਦਰਦ' ਦੀ ਪ੍ਰੇਸ਼ਾਨੀ ਤੋਂ ਬਚੋ



ਲੇਖਕ : ਆਨੰਦ ਕੁਮਾਰ ਅਨੰਤ

ਅੱਧੇ ਸਿਰ ਦਾ ਦਰਦ ਜਾਂ ਮਾਈਗ੍ਰੇਨ ਖ਼ਤਰਨਾਕ ਬਿਮਾਰੀ ਨਾ ਹੁੰਦੇ ਹੋਏ ਵੀ ਭਿਆਨਕ ਦੁਖਦਾਈ ਰੋਗ ਹੈ। ਆਧੁਨਿਕ ਇਲਾਜ ਪ੍ਰਣਾਲੀ ਦੇ ਪੱਖ ਤੋਂ ਇਸ ਰੋਗ ਦੇ ਪੈਦਾ ਹੋਣ ਦਾ ਮੁੱਖ ਕਾਰਨ ਹੈ ਦਿਮਾਗ਼ ਨੂੰ ਖ਼ੂਨ ਦੀ ਪੂਰਤੀ ਕਰਨ ਵਾਲੀ ਕੈਰੋਟਿਡ ਨਾਮੀ ਧਮਣੀ ਅਤੇ ਦਿਮਾਗ਼ ਵਿਚ ਸਥਿਤ ਸ਼ਾਖਾਵਾਂ ਵਿਚ ਇਕਦਮ ਫੈਲਾਅ ਆਉਣ ਨਾਲ ਖ਼ੂਨ ਸੰਚਾਰ ਦਾ ਵਧ ਜਾਣਾ।

ਦਿਮਾਗ਼ ਦੀਆਂ ਖ਼ੂਨ ਵਾਲੀਆਂ ਨਾੜੀਆਂ ਕਿਸੇ ਅਗਿਆਤ ਕਾਰਨ ਨਾਲ ਸੁੰਗੜ ਜਾਂਦੀਆਂ ਹਨ, ਜਿਸ ਕਾਰਨ ਕੁਝ ਸਮੇਂ ਲਈ ਦਿਮਾਗ਼ ਦੇ ਵਿਸ਼ੇਸ਼ ਹਿੱਸੇ ਵਿਚ ਖ਼ੂਨ ਦੀ ਪੂਰਤੀ ਇਕਦਮ ਘੱਟ ਜਾਂਦੀ ਹੈ, ਇਸ ਲਈ ਮਾਈਗ੍ਰੇਨ ਦੇ ਸਮੇਂ ਵਿਚ ਕੁਝ ਸਮੇਂ ਲਈ ਰੋਗੀ ਦੀਆਂ ਅੱਖਾਂ ਦੀ ਰੌਸ਼ਨੀ ਘਟ ਜਾਂਦੀ ਹੈ ਅਤੇ ਉਲਟੀਆਂ ਆਉਣ ਲਗਦੀਆਂ ਹਨ।

ਮਾਈਗ੍ਰੇਨ ਜਾਂ ਅੱਧੇ ਸਿਰ ਦਾ ਦਰਦ ਕਿਉਂ ਹੁੰਦਾ ਹੈ? ਇਸ ਦਾ ਨਿਸਚਿਤ ਕਾਰਨ ਹਾਲੇ ਤੱਕ ਪਤਾ ਨਹੀਂ ਲਗ ਸਕਿਆ। ਪਰ ਸਰੀਰ ਵਿਚ ਰੋਗਾਂ ਦਾ ਵਿਗੜ ਜਾਣਾ ਜਿਵੇਂ ਪੁਰਾਣਾ ਜ਼ੁਕਾਮ, ਮਲੇਰੀਆ ਅਤੇ ਦੰਦਾਂ ਦੀ ਸੜਨ ਆਦਿ ਦੇ ਕਾਰਨ ਨਾਲ ਵੀ ਅੱਧੇ ਸਿਰ ਦਾ ਦਰਦ ਹੋ ਜਾਂਦਾ ਹੈ।

ਸਿਹਤਮੰਦੀ ਦੇ ਕੁਦਰਤੀ ਨਿਯਮਾਂ ਦਾ ਪਾਲਣ ਨਾ ਕਰਨਾ, ਹਾਜ਼ਮੇ ਸੰਬੰਧੀ ਵਿਕਾਰ, ਅੰਤੜੀਆਂ ਵਿਚ ਸੋਜ਼, ਪੁਰਾਣੀ ਕਬਜ਼ ਆਦਿ ਨਾਲ ਸੰਬੰਧਿਤ ਰੋਗ, ਨਸ਼ੀਲੇ ਪਦਾਰਥਾਂ ਦੀ ਵਰਤੋਂ, ਔਰਤਾਂ ਵਿਚ ਮਾਸਿਕ ਧਰਮ ਸੰਬੰਧੀ ਵਿਕਾਰ, ਸਰੀਰ ਵਿਚ ਖ਼ੂਨ ਦੀ ਕਮੀ, ਉਨੀਂਦਰਾ, ਮਾਨਸਿਕ ਰੋਗ, ਗੁਰਦੇ ਸੰਬੰਧੀ ਰੋਗ, ਧੁੱਪ ਵਿਚ ਜ਼ਿਆਦਾ ਸਮੇਂ ਤੱਕ ਕੰਮ ਕਰਦੇ ਰਹਿਣਾ, ਰਾਤ ਨੂੰ ਤਰੇਲ ਵਿਚ ਸੌਣਾ, ਠੰਢੇ ਪਾਣੀ ਵਿਚ ਭਿੱਜ ਜਾਣਾ ਆਦਿ ਕਾਰਨ ਹੁੰਦੇ ਹਨ।

ਹਾਲ ਹੀ ਦੀਆਂ ਖੋਜਾਂ ਤੋਂ ਪਤਾ ਲੱਗਿਆ ਹੈ ਕਿ ਔਰਤਾਂ ਨਾਲ ਸਿਰ ਦਰਦ ਦਾ ਡੂੰਘਾ ਸੰਬੰਧ ਮਾਸਿਕ ਚੱਕਰ ਦਾ ਠੀਕ ਨਾ ਹੋਣਾ ਅਤੇ ਪ੍ਰਜਣਨ ਸੰਬੰਧੀ ਰੋਗਾਂ, ਮੁੱਖ ਤੌਰ 'ਤੇ ਬੱਚੇਦਾਨੀ ਦੀ ਰਸੌਲੀ ਦੇ ਨਾਲ ਰਹਿੰਦਾ ਹੈ। ਮਾਸਿਕ ਚੱਕਰ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਮਾਸਿਕ ਚੱਕਰ ਦਾ ਸਮਾਂ, ਦੋ ਇਸ ਤਰ੍ਹਾਂ ਦੀਆਂ ਵਿਸ਼ੇਸ਼ ਸਥਿਤੀਆਂ ਹੁੰਦੀਆਂ ਹਨ ਜਿਨ੍ਹਾਂ ਵਿਚ ਮਾਈਗ੍ਰੇਨ ਸ਼ੁਰੂ ਹੋ ਸਕਦਾ ਹੈ।

ਇਸ ਤਰ੍ਹਾਂ ਦੇਖਿਆ ਗਿਆ ਹੈ ਕਿ ਅੱਧੇ ਸਿਰ ਦਰਦ ਦੇ ਬਹੁਤ ਸਾਰੇ ਮਾਮਲਿਆਂ ਪਿੱਛੇ ਵਿਅਕਤੀ ਵਲੋਂ ਖਾਧਾ ਗਿਆ ਬੇਢੰਗਾ ਅਤੇ ਬਦਹਜ਼ਮੀ ਵਾਲਾ ਭੋਜਨ ਹੀ ਜ਼ਿੰਮੇਦਾਰ ਹੁੰਦਾ ਹੈ। ਉਂਝ ਵੀ ਰੋਗ ਦੇ ਇਲਾਜ ਵਿਚ ਦਵਾਈਆਂ ਦੇ ਨਾਲ ਰੋਗੀ ਦੇ ਭੋਜਨ ਵਿਚ ਅਨੁਕੂਲ ਬਦਲਾਅ ਕਰਨਾ ਜ਼ਰੂਰੀ ਹੋ ਜਾਂਦਾ ਹੈ ਕਿਉਂਕਿ ਕੁਝ ਖਾਣ ਵਾਲੇ ਪਦਾਰਥ ਤਾਂ ਇਸ ਤਰ੍ਹਾਂ ਦੇ ਹਨ, ਜਿਨ੍ਹਾਂ ਵਿਚ ਇਸ ਤਰ੍ਹਾਂ ਕਈ ਰਸਾਇਣ ਜਾਂ ਤੱਤ ਪਾਏ ਜਾਂਦੇ ਹਨ ਜੋ ਜਾਂ ਤਾਂ ਦਰਦ ਦੀ ਤੇਜ਼ੀ 'ਚ ਵਾਧਾ ਕਰ ਦਿੰਦੇ ਹਨ ਜਾਂ ਫਿਰ ਸਿਰ ਦਰਦ ਦੇ ਦੌਰੇ ਨੂੰ ਸੱਦਾ ਦੇ ਸਕਦੇ ਹਨ। ਇਸੇ ਤਰ੍ਹਾਂ ਕੁਝ ਇਸ ਤਰ੍ਹਾਂ ਦੇ ਖਾਣ ਵਾਲੇ ਪਦਾਰਥ ਵੀ ਹਨ ਜਿਨ੍ਹਾਂ ਵਿਚ ਕੁਦਰਤੀ ਰੂਪ 'ਚ ਕਈ ਦਰਦਨਾਸ਼ਕ ਰਸਾਇਣ ਪਾਏ ਜਾਂਦੇ ਹਨ ਅਤੇ ਉਹ ਦਰਦ ਦੇ ਇਲਾਜ ਵਿਚ ਦਵਾਈ ਵਰਗਾ ਕੰਮ ਕਰਦੇ ਹਨ।

ਹਾਲ ਹੀ ਵਿਚ ਕੁਝ ਖੋਜਾਂ ਤੋਂ ਪਤਾ ਲੱਗਿਆ ਹੈ ਕਿ ਕਈ ਤਰ੍ਹਾਂ ਦੇ ਖੱਟੇ ਫਲ ਜਿਵੇਂ ਜਾਮਣ, ਚੈਰੀ, ਸਟ੍ਰਾਬੇਰੀ ਆਦਿ ਫਲ ਦਰਦ-ਨਾਸ਼ਕ ਦੀ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਦਾ ਦਰਦਨਾਸ਼ਕ ਪ੍ਰਭਾਵ ਐਸਪ੍ਰਿਨ ਨਾਲ ਮਿਲਦਾ-ਜੁਲਦਾ ਹੈ। ਜੇਕਰ ਮਾਈਗ੍ਰੇਨ ਦਾ ਰੋਗੀ ਲਗਾਤਾਰ ਇਨ੍ਹਾਂ ਫਲਾਂ ਦੀ ਵਰਤੋਂ ਕਰਦਾ ਹੈ ਤਾਂ ਉਹ ਮਾਈਗ੍ਰੇਨ ਦੇ ਨਾਲ ਹੀ ਅਨੇਕ ਬਿਮਾਰੀਆਂ ਤੋਂ ਵੀ ਬਚਿਆ ਰਹਿ ਸਕਦਾ ਹੈ।

ਇਨ੍ਹਾਂ ਚੈਰੀਆਂ ਵਿਚ ਕੁਝ ਇਸ ਤਰ੍ਹਾਂ ਦੇ ਰਸਾਇਣ ਮੌਜੂਦ ਹੁੰਦੇ ਹਨ ਜੋ ਇਨ੍ਹਾਂ ਐਂਜਾਈਮਾਂ 'ਤੇ ਹੱਲਾ ਬੋਲ ਕੇ ਉਨ੍ਹਾਂ ਨੂੰ ਖ਼ਤਮ ਕਰ ਦਿੰਦੇ ਹਨ ਜੋ ਸੋਜ਼ ਦੀ ਪ੍ਰਕਿਰਿਆ ਨੂੰ ਸ਼ੁਰੂ ਕਰ ਦਿੰਦੇ ਹਨ ਜਾਂ ਦਰਦ ਦੀ ਸੰਵੇਦਨਾ ਨੂੰ ਦਿਮਾਗ਼ ਵਲ ਪ੍ਰੇਰਿਤ ਕਰਨ ਲਗਦੇ ਹਨ। ਇਸ ਤਰ੍ਹਾਂ ਕਾਲਾ ਜਾਮਣ ਅਤੇ ਹੋਰ ਚੈਰੀਆਂ ਦਰਦ ਨੂੰ ਦਬਾਉਣ ਦਾ ਕੰਮ ਕਰਦੀਆਂ ਹਨ।

ਮਾਈਗ੍ਰੇਨ ਤੋਂ ਪੀੜਤ ਰੋਗੀਆਂ ਨੂੰ ਟਾਇਰਾਮਿਨ ਵਾਲੇ ਖਾਣ ਵਾਲੇ ਪਦਾਰਥਾਂ ਦੀ ਵਰਤੋਂ ਤੋਂ ਬਚਣਾ ਚਾਹੀਦਾ। ਇਹ ਰਸਾਇਣ ਦਿਮਾਗ਼ ਦੀਆਂ ਖ਼ੂਨ ਵਾਲੀਆਂ ਨਾੜੀਆਂ ਨੂੰ ਸਿੱਧੇ ਰੂਪ ਵਿਚ ਪ੍ਰਭਾਵਿਤ ਕਰਦਾ ਹੈ, ਜਿਸ ਨਾਲ ਸਿਰ ਦਰਦ ਦਾ ਦੁਬਾਰਾ ਹਮਲਾ ਹੋ ਸਕਦਾ ਹੈ। ਟਾਇਰਾਮਿਨ ਚਾਕਲੇਟ, ਬੇਹਾ ਪਨੀਰ, ਲਾਲ ਰੰਗ ਦੀ ਸ਼ਰਾਬ ਅਤੇ ਮੁਰਗੇ ਦੇ ਮਾਸ ਵਿਚ ਕਾਫ਼ੀ ਮਾਤਰਾ ਵਿਚ ਮੌਜੂਦ ਰਹਿੰਦਾ ਹੈ। 'ਮੋਨੋ ਸੋਡੀਅਮ ਗਲੂਟਾਮੇਟ' ਭਾਵ ਐਮ.ਐਸ.ਜੀ. ਚਾਈਨਿਜ਼ ਪਦਾਰਥਾਂ ਅਤੇ ਬਹੁਤ ਸਾਰੇ ਕੁਦਰਤੀ ਭੋਜਨ ਪਦਾਰਥਾਂ ਵਿਚ 'ਹਾਈਡ੍ਰੋਲਾਈਜਰਸ' ਸਬਜ਼ੀਆਂ, ਪ੍ਰੋਟੀਨ ਦੇ ਨਾਂਅ ਨਾਲ ਪਾਇਆ ਜਾਂਦਾ ਹੈ। ਇਹ ਰਸਾਇਣ ਵੀ ਮਾਈਗ੍ਰੇਨ ਦੇ ਹਮਲੇ ਨੂੰ ਸੱਦਾ ਦੇ ਸਕਦਾ ਹੈ। ਇਸ ਤਰ੍ਹਾਂ ਮਾਈਗ੍ਰੇਨ ਤੋਂ ਪੀੜਤ ਰੋਗੀਆਂ ਨੂੰ ਦਵਾਈਆਂ ਦੇ ਨਾਲ-ਨਾਲ ਆਪਣੇ ਭੋਜਨ ਵਿਚ ਵੀ ਅਨੁਕੂਲ ਬਦਲਾਅ ਕਰ ਲੈਣੇ ਫ਼ਾਇਦੇਮੰਦ ਹੁੰਦੇ ਹਨ।

ਲੇਖਕ : ਬਰਾੜ-ਭਗਤਾ ਭਾਈ ਕਾ
ਸੰਪਰਕ : 1-604-751-1113

# ਸ਼ਰਾਬ ਦਾ ਸਿਆਪਾ



ਨਾਥੇ ਅਮਲੀ ਨੇ ਸੱਥ 'ਚ ਆਉਂਦਿਆਂ ਹੀ ਥੜ੍ਹੇ 'ਤੇ ਬੈਠੇ ਮਾਹਲੇ ਨੰਬਰਦਾਰ ਨੂੰ ਪੁੱਛਿਆ, "ਕਿਉਂ ਬਈ ਨੰਬਰਦਾਰਾ! ਆਹ ਕੱਲ੍ਹ ਮਾਈ ਰੇਲੋ ਕਿਮੇਂ ਆਵਦੇ ਘਰੇ ਈ ਇਉਂ ਟੱਪੀ ਜਾਂਦੀ ਸੀ ਜਿਮੇਂ ਜੈਨੂੰ ਘਮਿਆਰ ਦੇ ਘਰੇ ਲਾਚੜੇ ਵੇ ਗਧੇ ਕੱਛੂ ਕੁੰਮੇਂ ਨੂੰ ਵੇਖ ਕੇ ਸਾਰੀ ਰਾਤ ਹਿਣਕੀ ਗਏ ਸੀ। ਬਲ਼ਾ ਬਾਹਲਾ ਰੌਲ਼ਾ ਪਾਉਂਦੀ ਸੀ ਜਿਮੇਂ ਕਤੂਰੇ ਦੀ ਪੂੰਛ 'ਤੇ ਪੈਰ ਧਰੇ ਤੋਂ ਕਤੂਰਾ ਚਊਂ ਚਊਂ ਕਰਦਾ ਪੀਹਪਨੀਆਂ ਜੀਆਂ ਵਜਾਉਂਦਾ ਹੁੰਦੈ। ਪਤਾ ਲੱਗਿਐ ਬਈ ਕੀ ਗੱਲ ਸੀ?"

ਸੀਤਾ ਮਰਾਸੀ ਕਹਿੰਦਾ, "ਕਿਸੇ ਨਾ ਕਿਸੇ ਦੇ ਵਿਆਹ ਮੰਗਣੇ 'ਚ ਗਈ ਹੋਣੀ ਐਂ ਕੰਮ ਧੰਦਾ ਕਰਾਉਣ, ਅਗਲਿਆਂ ਨੇ ਕਾਣੇ ਬੇਰਾਂ ਵੱਟੇ ਮਨ੍ਹੀ ਪੁੱਛਿਆ ਹੋਣਾ, ਘਰੇ ਆ ਕੇ ਠੂੰਹੇਂ ਆਂਗੂੰ ਟੱਪਣ ਲੱਗ ਗੀ ਹੋਣੀ ਐ ਹੋਰ ਕਿਹੜਾ ਪੰਜੇਬਾਂ ਲਾਹ ਲੀਆਂ ਕਿਸੇ ਨੇ ਬਈ ਮੁੜ ਕੇ ਮਿਲਣੀਆਂ ਨ੍ਹੀ।"

ਬੁੱਘਰ ਦਖਾਣ ਸੀਤੇ ਮਰਾਸੀ ਨੂੰ ਕਹਿੰਦਾ, "ਪਹਿਲਾਂ ਨਾਥਾ ਸਿਉਂ ਦੀ ਗੱਲ ਦਾ ਜਵਾਬ ਦਿਉ ਸੀਤਾ ਸਿਆਂ ਫੇਰ ਘੋਟ ਲਿਓ ਆਵਦੀ ਵਕੀਲੀ।"

ਬਾਬੇ ਆਲਾ ਸਿਉਂ ਨੇ ਅਮਲੀ ਨੂੰ ਪੁੱਛਿਆ, "ਕੀ ਪੁੱਛਿਆ ਨਾਥਾ ਸਿਆਂ ਤੈਂ ?"

ਅਮਲੀ ਕਹਿੰਦਾ, "ਮੈਂ ਤਾਂ ਬਾਬਾ ਇਉਂ ਪੁੱਛਦਾਂ ਬਈ ਮਾਈ ਰੇਲੋ ਤੜਕੇ ਈ ਕਿਮੇਂ ਬੁਲਬਲੀਆਂ ਆਲੇ ਮੀਂਹ ਆਂਗੂੰ ਬੁੜ੍ਹਕੀ ਜਾਂਦੀ ਸੀ ਜਿਮੇਂ ਪਾਥੀਆਂ 'ਚ ਟੂਣਾ ਕਰ 'ਤਾ ਹੁੰਦਾ ਕਿਸੇ ਨੇ?"

ਅਮਲੀ ਦੀ ਗੱਲ ਸੁਣ ਕੇ ਬਾਬਾ ਆਲਾ ਸਿਉਂ ਅਮਲੀ ਨੂੰ ਕਹਿੰਦਾ, "ਪਹਿਲਾਂ ਤਾਂ ਤੂੰ ਦੱਸ ਨਾਥਾ ਸਿਆਂ ਅੱਜ ਕਿਮੇਂ ਪਛੜਿਆ ਫਿਰਦੈਂ। ਤੈਨੂੰ ਤਾਂ ਯਾਰ ਕਦੋਂ ਦੇ ਡੀਕੀ ਜਾਂਦੇ ਐ ਸੱਥ ਆਲੇ ਬਈ ਅੱਜ ਸੱਥ ਦੇ ਰੌਣਕ ਮੇਲੇ ਨੂੰ ਕੀ ਹੋ ਗਿਆ?"

ਅਮਲੀ ਬਾਬੇ ਦੀ ਗੱਲ ਤੋਂ ਇਉਂ ਨੀਵੀਂ ਪਾ ਗਿਆ ਜਿਮੇਂ ਕਤੂਰਾ ਸੂਰ ਨੂੰ ਵੇਖ ਕੇ ਧੌਣ ਸਿੱਟ ਕੇ ਬਹਿ ਗਿਆ ਹੋਵੇ। ਬਾਬੇ ਆਲਾ ਸਿਉਂ ਨੂੰ ਕਹਿੰਦਾ, "ਬਾਬਾ!ਬਾਬਾ! ਮੈਂ ਅਣਪੜ੍ਹ ਨ੍ਹੀ। ਮੈਨੂੰ ਪਤਾ ਤੂੰ ਕਿੱਥੋਂ ਬੋਲਦੈਂ?"

ਅਮਲੀ ਦਾ ਬੋਲਿਆ ਸੁਣ ਕੇ ਸਾਰੀ ਸੱਥ ਵਾਲਿਆਂ ਨੇ ਇਉਂ ਕੰਨ ਚੁੱਕ ਲਏ ਜਿਮੇਂ ਕਣਕ 'ਕੱਠੀ ਕਰਨ ਪਿੰਡ 'ਚ ਵੜੇ ਪਾਖੰਡੀ ਸਾਧਾਂ ਨੂੰ ਘੇਰ ਕੇ ਕੁੱਟੀ ਜਾਂਦਿਆਂ ਦਾ ਗੁਰਦੁਆਰੇ ਦੇ ਸਪੀਕਰ 'ਚੋਂ ਹੋਕਾ ਸੁਣ ਕੇ ਲੋਕ ਗੁਰਦੁਆਰੇ ਵੱਲ ਨੂੰ ਕੰਨ ਕਰਕੇ ਹੋਕਾ ਸੁਣੀ ਜਾਂਦੇ ਹੋਣ ਬਈ ਆਹ ਕਿਹੜੇ ਪਾਸੇ ਘੇਰ ਲੇ ਬੂਬਨੇ। ਤਾਸ਼ ਖੇਡੀ ਜਾਂਦਾ ਬੁੱਘਰ ਦਖਾਣ ਪੱਤੇ ਸੁੱਟ ਕੇ ਬਾਬੇ ਆਲਾ ਸਿਉਂ ਨੂੰ ਕੋਲੇ ਆ ਕੇ ਪੁੱਛਦਾ, "ਕੀ ਕਿਹਾ ਬਾਬਾ ਤੂੰ ਬਈ ਸੱਥ ਦੀ ਕੀਹਨੂੰ ਕੀ ਹੋ ਗਿਐ?"

ਨਾਥਾ ਅਮਲੀ ਬੁੱਘਰ ਦਖਾਣ ਦੀ ਗੱਲ ਵੀ ਸਮਝ ਗਿਆ ਸੀ ਕਿ ਉਹ ਬਾਬੇ ਤੋਂ ਇੱਕ ਵਾਰ ਫੇਰ ਕਹਾਉਣਾ ਚਾਹੁੰਦੈ ਬਈ ਅੱਜ ਸੱਥ ਦੇ ਰੌਣਕ ਮੇਲੇ ਨੂੰ ਕੀ ਹੋ ਗਿਆ।? ਜਦੋਂ ਬੁੱਘਰ ਦਖਾਣ ਨੇ ਬਾਬੇ ਤੋਂ ਇਹ ਗੱਲ ਦੋਬਾਰਾ ਪੁੱਛਣੀ ਚਾਹੀ ਤਾਂ ਨਾਥਾ ਅਮਲੀ ਬੁੱਘਰ ਦਖਾਣ ਵੱਲ ਸੁੱਖਾ ਖਾਧੇ ਗਧੇ ਵਾਂਗੂੰ ਵੇਖ ਕੇ ਬੋਲਿਆ,

"ਤੇ ਜੇ ਮਿਸਤਰੀਆ ਮੈਂ ਸੋਡੇ ਬੁੜ੍ਹੇ ਦਾ ਨਾਂਅ ਲੈਣ ਲੱਗ ਗਿਆ ਫੇਰ ਕੀ ਬਣੂ ਤੇਰਾ?"

ਨਾਥੇ ਅਮਲੀ ਨੂੰ ਹਰਖਿਆ ਵੇਖ ਕੇ ਬਾਬੇ ਆਲਾ ਸਿਉਂ ਨੇ ਬੁੱਘਰ ਦਖਾਣ ਨੂੰ ਘੂਰਿਆ, "ਚੁੱਪ ਕਰ ਓਏ ਮਿਸਤਰੀਆ। ਬਾਹਲਾ ਨਾ ਗਾਹਾਂ ਵਧਿਆ ਕਰੋ। ਆਵਦੀ ਗੱਲ ਕਰਿਆ ਕਰੋ ਗਾਹਾਂ ਬੁੜ੍ਹੇ ਬੁੜ੍ਹੀਆਂ ਤੱਕ ਨਾ ਅੱਪੜਿਆ ਕਰੋ।"

ਮਾਹਲੇ ਨੰਬਰਦਾਰ ਨੇ ਬਾਬੇ ਆਲਾ ਸਿਉਂ ਨੂੰ ਪੁੱਛਿਆ, "ਕਿਹੜੀ ਗੱਲ ਪਿੱਛੇ ਰੌਲ਼ਾ ਪੈਂਦਾ ਤਾਇਆ ਆਲਾ ਸਿਆਂ?"

ਬਾਬਾ ਆਲਾ ਸਿਉਂ ਕਹਿੰਦਾ, "ਗੱਲ ਤਾਂ ਨੰਬਰਦਾਰਾ ਕੁਸ ਮਨ੍ਹੀ। ਮੈਂ ਤਾਂ ਨਾਥਾ ਸਿਉਂ ਨੂੰ ਸਹਿ ਸਭਾਅ ਈ ਕਿਹਾ ਸੀ ਬਈ ਸੱਥ ਆਲੇ ਤੇਰੇ ਬਾਰੇ ਪੁੱਛਦੇ ਸੀ ਬਈ ਅੱਜ ਸੱਥ ਦਾ ਰੌਣਕ ਮੇਲਾ ਕਿੱਧਰ ਰਹਿ ਗਿਆ। ਇਹ ਗੱਲ ਪਿੱਛੇ ਬੁੱਘਰ ਤੇ ਨਾਥਾ ਆਪਸ 'ਚ ਮਾੜਾ ਮੋਟਾ ਤਾਹਾਂ ਠਾਹਾਂ ਹੋ ਗੇ।"

ਮਾਹਲਾ ਨੰਬਰਦਾਰ ਕਹਿੰਦਾ, "ਇਹ ਗੱਲ ਕਹਿਣ ਨਾਲ ਕੀ ਕੰਧ ਢਹਿ ਗੀ।"

ਬਾਬਾ ਆਲਾ ਸਿਉਂ ਨੰਬਰਦਾਰ ਨੂੰ ਹੱਸ ਕੇ ਕਹਿੰਦਾ, "ਕੰਧ ਛੱਡ ਇਹ ਤਾਂ ਚਬਾਰਾ ਢਹਿਣ ਆਲਾ ਹੋ ਗਿਆ।"




ਨੰਬਰਦਾਰ ਨੇ ਪੁੱਛਿਆ, "ਉਹ ਕਿਮੇਂ?"

ਸੀਤਾ ਮਰਾਸੀ ਕਹਿੰਦਾ, "ਨਾਥੇ ਦੇ ਦਾਦੇ ਦਾ ਨਾਂਅ ਰੌਣਕ ਸਿਉਂ ਸੀ ਤੇ ਪਿਉ ਦਾ ਨਾਂਅ ਮੇਲਾ ਸਿਉਂ। ਤਾਂ ਕਰਕੇ ਟੱਪਦਾ ਇਹੇ। ਹਾਂ-ਹਾਂ ਬਈ ਇਉਂ ਕਿਉਂ ਕਿਹਾ ਕਿ ਅੱਜ ਸੱਥ ਦਾ ਰੌਣਕ ਮੇਲਾ ਕਿੱਧਰ ਰਹਿ ਗਿਆ। ਵੱਸ ਐਨੀਉਂ ਈਂ ਗੱਲ ਐ। ਹੋਰ ਅਮਲੀ ਦੇ ਕਿਹੜਾ ਮਤੀਰੇ ਤੋੜ ਲੇ। ਇਹਦੇ ਬੁੜ੍ਹਿਆਂ ਦਾ ਨਾਂਅ ਲੈ ਤਾ। ਤਾਂ ਕਰਕੇ ਅਮਲੀ ਲਾਲ ਪੀਲਾ ਜਾ ਹੋ ਗਿਆ।"

ਬਾਬਾ ਆਲਾ ਸਿਉਂ ਕਹਿੰਦਾ, "ਚੱਲੋ ਛੱਡੋ ਯਾਰ ਇਹ ਗੱਲਾਂ। ਹੁਣ ਤੁਸੀਂ ਮਾਈ ਰੇਲੋ ਆਲੀ ਗੱਲ ਦੱਸੋ ਬਈ ਉਹ ਕੀ ਗੱਲ ਐ?"

ਸੀਤਾ ਮਰਾਸੀ ਕਹਿੰਦਾ, "ਮਾਈ ਰੇਲੋ ਤੇ ਗਰਜੇ ਕੇ ਲੜੇ ਲੱਗਦੇ ਐ। ਗਰਜੇ ਕੇ ਘਰੇ ਵੀ ਬਾਹਵਾ ਰੌਲਾ ਰੱਪਾ ਜਾ ਪਈ ਜਾਂਦਾ ਸੀ।"

ਨਾਥਾ ਅਮਲੀ ਕਹਿੰਦਾ, "ਗਰਜੇ ਬਾਰੇ ਤਾਂ ਮੈਂ ਦੱਸ ਦਿੰਨਾਂ ਸੋਨੂੰ ਬਈ ਕੀ ਗੱਲ ਹੋਈ ਐ? ਗਰਜੇ ਨੂੰ ਤਾਂ ਗਰਜੇ ਦੇ ਸਹੁਰੇ ਕਣਕ ਦੇ ਮੰਡਿਆਂ ਆਂਗੂੰ ਕੁੱਟ ਕੇ ਗਏ ਐ। ਸ਼ਰਾਬ ਪੀਣੋਂ ਗਰਜਾ ਹੱਟਦਾ ਨ੍ਹੀ, ਅਗਲਿਆਂ ਨੇ ਪਰਾਤੀ ਨੂਣ ਆਂਗੂੰ ਭੰਨਿਆਂ।"

ਬਾਬੇ ਆਲਾ ਸਿਉਂ ਨੇ ਪੁੱਛਿਆ, "ਉਨ੍ਹਾਂ ਦਾ ਕੀ ਹੱਕ ਸੀ ਬਈ ਪ੍ਰਾਹੁਣੇ ਨੂੰ ਕੁੱਟਣ ਦਾ ਬਈ?"

ਸੀਤਾ ਮਰਾਸੀ ਕਹਿੰਦਾ, "ਫੇਰ ਕੀ ਹੋ ਗਿਆ ਜੇ ਚਾਰ ਲਫੇੜੇ ਵੱਜ ਗੇ। ਏਹੋ ਜੀ ਕੁੱਟ ਤਾਂ ਗਰਜੇ ਨੇ ਟਰੱਕ 'ਤੇ ਜਾਂਦੇ ਨੇ ਵੀਹ ਵਾਰੀ ਖਾਧੀ ਐ ਜਦੋਂ ਪਾਤੜਾਂ ਆਲੇ ਮਕੰਦ ਸਿਉਂ ਕੇ ਟਰੱਕ 'ਤੇ ਡਲੈਵਰ ਸੀ।"

ਨਾਥਾ ਅਮਲੀ ਕਹਿੰਦਾ, "ਡਲੈਵਰ ਕਿੱਥੇ ਸੀ ਓਏ, ਕਲੀਂਡਰ ਸੀ।"

ਮਾਹਲਾ ਨੰਬਰਦਾਰ ਕਹਿੰਦਾ, ਚੱਲ ਕਲੀਂਡਰ ਹੋਊ, ਪਰ ਤੂੰ ਗੱਲ ਦੱਸ ਕਦੋਂ ਦੀ ਐ?"

ਨਾਥਾ ਅਮਲੀ ਕਹਿੰਦਾ, "ਪਹਿਲਾਂ ਟਰੱਕ ਆਲੀਉ ਈ ਸੁਣ ਲੋ, ਸਹੁਰਿਆਂ ਆਲੀ ਫੇਰ ਦੱਸਦਾਂ। ਇਹ ਗਰਜਾ ਜਦੋਂ ਪਾਤੜਾਂ ਆਲੇ ਮਕੰਦ ਸਿਉਂ ਸਰਦਾਰ ਦੇ ਟਰੱਕ 'ਤੇ ਕਲੀਂਢਰ ਹੁੰਦਾ ਸੀ, ਇਹ ਕਿਤੇ ਬੰਬੇ ਬੁੰਬੇ ਨੂੰ ਜਾਂਦੇ ਸੀ ਟਰੱਕ ਲਈ। ਚਾਰ ਪੰਜ ਟਰੱਕ ਸੀ ਮਗਰ ਮੂਹਰੇ। ਇਨ੍ਹਾਂ ਆਲਾ ਟਰੱਕ ਸਾਰਿਆਂ ਤੋਂ ਪਿੱਛੇ ਸੀ। ਜਦੋਂ ਇਹ ਅੱਧੀ ਰਾਤ ਨੂੰ ਜੈਪੁਰ ਜੋਧਪੁਰ ਵਿੱਚਦੀ ਨੰਘਣ ਲੱਗੇ ਤਾਂ ਉੱਥੇ ਕਿਤੇ ਪੁਲਸ ਨਾਕਾ ਲਾਈ ਖੜ੍ਹੀ ਸੀ। ਜਿਹੜੇ ਟਰੱਕ ਮੂਹਰੇ ਸੀ, ਜਦੋਂ ਉਨ੍ਹਾਂ ਨੂੰ ਪੁਲਸ ਨੇ ਰੋਕ ਲਿਆ ਤਾਂ ਇਹਦੇ ਆਲੇ ਡਲੈਵਰ ਨੇ ਟਰੱਕ ਦੂਜੇ ਟਰੱਕਾਂ ਤੋਂ ਖਾਸਾ ਸਾਰਾ ਪਿੱਛੇ ਖੜ੍ਹਾਅ ਲਿਆ। ਇਹ ਗਰਜਾ ਡਲੈਵਰ ਨੂੰ ਕਹਿੰਦਾ 'ਤੂੰ ਖੜ੍ਹ ਏਥੇ ਮੈਂ ਤੁਰ ਕੇ ਵੇਖ ਕੇ ਆਉਣਾ ਬਈ ਪੁਲਸ ਕੀ ਕਰਦੀ ਐ। ਇਹ ਟਰੱਕ ਨੂੰ ਤਾਂ ਪਿੱਛੇ ਈ ਖੜ੍ਹਾਅ ਗਿਆ। ਜਦੋਂ ਅੱਧੀ ਕੁ ਵਾਟ ਤੁਰ ਕੇ ਪੁਲਸ ਵੱਲ ਗਿਆ ਤਾਂ ਇਹਨੇ ਵੇਖਿਆ ਬਈ ਇੱਕ ਪੁਲਸ ਆਲੀ ਚਪੈਹਣ ਖੜ੍ਹੀ ਐ ਮੂਹਰੇ, ਇਹਨੂੰ ਕੀ ਦੁਆਲ ਆਂ ਅਸੀਂ। ਇਹ ਭਾਈ ਅੱਧ 'ਚੋਂ ਮੁੜਿਆ। ਆਉਂਦਾ ਈ ਆਵਦੇ ਡਲੈਵਰ ਨੂੰ ਕਹਿੰਦਾ ਆਵੇ, ਲਿਆ-ਲਿਆ ਤੋਰ ਲਾ। ਆ ਜਾ ਛੇਤੀ ਛੇਤੀ, ਤੀਮੀਉਂ ਈਂ ਐਂ ਮੂਹਰੇ, ਇਹ ਕੀ ਕਰਦੂ ਗੀ ਤੀਮੀਂ। ਇਹ ਗੱਲ ਕਿਤੇ ਉਹ ਪੁਲਸ ਆਲੀ ਤੀਮੀਂ ਅਸਫਰ ਦੇ ਨਾਲ ਖੜ੍ਹੇ ਚਪਾਹੀਆਂ ਨੂੰ ਸੁਣ ਗੀ। ਉਨ੍ਹਾਂ ਨੇ ਉਹ ਪੁਲਸ ਅਸਫਰ ਨੂੰ ਦੱਸ 'ਤਾ। ਵੱਸ ਫੇਰ! ਪੁਲਸ ਨੇ ਇਉਂ ਢਾਹ ਲਿਆ ਜਿਮੇਂ ਕੌਰੂ ਆਜੜੀ ਭੂਸਰੀ ਵੀ ਭੇਡ ਨੂੰ ਮੁੰਨਣ ਵੇਲੇ ਢਾਹ ਕੇ ਉੱਤੇ ਬਹਿ ਗਿਆ ਸੀ। ਕਹਿੰਦੇ ਦੱਸਦੇ ਆਂ ਤੈਨੂੰ ਤੀਮੀਂ ਕੌਣ ਐਂ ਇਹੇ?"

ਬਾਬੇ ਆਲਾ ਸਿਉਂ ਨੇ ਅਮਲੀ ਨੂੰ ਪੁੱਛਿਆ, "ਅਮਲੀਆ ਹੁਣ ਫੇਰ ਗਰਜੇ ਨੂੰ ਸਹੁਰੇ ਕਾਹਤੋਂ ਕੁੱਟ ਕੇ ਗਏ ਐ ਬਈ?"

ਸੀਤਾ ਮਰਾਸੀ ਕਹਿੰਦਾ, "ਸਾਲੇ ਦੇ ਮੁੰਡੇ ਦੀ ਤੜਾਗੀ ਤੋੜ ਲਿਆਇਆ ਹੋਣਾ ਗਰਜਾ, ਹੋਰ ਕਿਤੇ ਸਹੁਰਿਆਂ ਦੀ ਬੱਕਰੀ ਤਾਂ ਨ੍ਹੀ ਚੋਅ ਲੀ।"

ਸੀਤੇ ਮਰਾਸੀ ਦੀ ਗੱਲ ਸੁਣ ਕੇ ਬਾਬਾ ਆਲਾ ਸਿਉਂ ਹੱਸ ਕੇ ਕਹਿੰਦਾ, "ਪਤਾ ਨ੍ਹੀ ਪਤੰਦਰੋ ਅੱਜ ਕੀ ਖਾ ਕੇ ਆਏ ਐ ਗੱਲ ਨ੍ਹੀ ਡਿੱਗਣ ਦਿੰਦੇ। ਹੁਣ ਗਰਜੇ ਦੇ ਸਹੁਰਿਆਂ ਦੇ ਬੱਕਰੀਆਂ ਭੇਡਾਂ ਵੀ ਬੰਨ੍ਹ 'ਤੀਆਂ।"

ਨਾਥਾ ਅਮਲੀ ਕਹਿੰਦਾ, "ਤੜਾਗੀ ਤੜੂਗੀ ਆਲੀ ਤਾਂ ਨ੍ਹੀ ਗੱਲ। ਗੱਲ ਤਾਂ ਗਰਜੇ ਦੇ ਸ਼ਰਾਬ ਪੀਣ ਦੀ ਐ। ਗਰਜਾ ਸ਼ਰਾਬ ਪੀ ਕੇ ਸ਼ਰਾਬੀ ਹੋਇਆ ਬਹੂ ਦੀ ਵੀ ਝਾੜ ਝੰਬ ਕਰ ਦਿੰਦਾ ਕਦੇ ਨਾ ਕਦੇ। ਉਹਦੇ ਸਹੁਰਿਆਂ ਨੇ ਕਈ ਵਾਰੀ ਆ ਕੇ ਸਮਝਾਇਆ ਬਈ 'ਸ਼ਰਾਬ ਨਾ ਪੀਆ ਕਰ। ਇਹ ਸ਼ਰਾਬ ਛੱਡਦੇ ਤੂੰ। ਕਹਿੰਦੇ ਨਾਲੇ ਤੇਰੀ ਉਮਰ ਹੁਣ ਸ਼ਰਾਬ ਪੀਣ ਦੀ ਐ। ਤਿੰਨ ਵੀਹਾਂ ਤੋਂ ਤਾਂ ਤੂੰ ਟੱਪਿਆ ਵਿਐਂ'। ਆਹ ਕੱਲ੍ਹ ਜਦੋਂ ਗਰਜੇ ਦੇ ਮੋਰਾਂ 'ਚ ਤਲੈਂਬੜ ਠੁਕੇ ਐ ਉਦੋਂ ਵੀ ਗਰਜੇ ਦੀ ਪੀਤੀ ਵੀ ਸੀ। ਇੱਕ ਦਿਨ ਪਹਿਲਾਂ ਵੀ ਬਹੂ ਨੂੰ ਕੁੱਟ ਕੇ ਹਟਿਆ ਸੀ। ਬਹੂ ਨੇ ਕਿਤੇ ਮੋਹਣੇ ਝਿਊਰ ਦੇ ਹੱਥ ਸਨੇਹਾ ਭੇਜ ਕੇ ਆਵਦੇ ਪੇਕਿਆਂ ਨੂੰ ਸੱਦ ਲਿਆ। ਜਦੋਂ ਗਰਜੇ ਦੇ ਸਾਲੇ ਪੰਜ ਸੱਤ ਬੰਦਿਆਂ ਨੂੰ ਲੈ ਕੇ ਗਰਜੇ ਨੂੰ ਆ ਕੇ ਸਮਝਾਉਣ ਲੱਗੇ ਬਈ ਤੂੰ ਬਿਨਾਂ ਕਸੂਰ ਤੋਂ ਸਾਡੀ ਭੈਣ ਨੂੰ ਨਾ ਕੁੱਟਿਆ ਕਰ, ਨਾਲੇ ਆਹ ਜਿਹੜੀ ਨਿੱਤ ਦੀ ਸ਼ਰਾਬ ਪੀਨੈਂ ਤੂੰ, ਇਹ ਇੱਕ ਦਿਨ ਤੈਨੂੰ ਛੱਡਣੀ ਪੈਣੀ ਐਂ, ਨਹੀਂ ਫੇਰ ਅਸੀਂ ਛਡਾ ਕੇ ਈ ਦਮ ਲਮਾਂਗੇ। ਫੇਰ ਨਾ ਆਖੀਂ ਬਈ ਸਹੁਰਿਆਂ ਨੇ ਮੇਰੇ ਧੌਲ਼ ਧੱਫਾ ਕੀਤਾ। ਕਹਿੰਦੇ 'ਹੁਣ ਦੱਸਦੇ ਬਈ ਸ਼ਰਾਬ ਛੱਡਣੀ ਐ ਕੁ ਨਹੀਂ ਛੱਡਣੀ'? ਅਕੇ ਗਰਜਾ ਸ਼ਰਾਬ ਪੀਤੀ 'ਚ ਉਨ੍ਹਾਂ ਨੂੰ ਪੁੱਛਦਾ 'ਫੇਰ ਕੀ ਕਰੋਂਗੇ ਤੁਸੀਂ'? ਸਹੁਰੇ ਬੋਲੇ 'ਇਹ ਤਾਂ ਫੇਰ ਸੋਚਾਂਗੇ ਬਈ ਕੀ ਹੁੰਦਾ'। ਅਕੇ ਗਰਜਾ ਕਹਿੰਦਾ 'ਜਿੰਦੇ ਛੱਡੀਆਂ ਦੋਨੇਂ ਈਂ ਛੱਡ ਦੂੰ'। ਗਰਜੇ ਦੇ ਸਾਲੇ ਦੇ ਨਾਲ ਆਏ ਉੱਥੇ ਦੇ ਸਰਪੰਚ ਨੇ ਪੁੱਛਿਆ 'ਦੋਨਾਂ ਦਾ ਕੀ ਮਤਲਬ, ਕੁਸ ਹੋਰ ਵੀ ਪੀਨੈਂ ਫੈਂਸੀ ਫੁਸੀ'? ਗਰਜਾ ਕਹਿੰਦਾ 'ਹੋਰ ਤਾਂ ਨ੍ਹੀ ਮੈਂ ਕੁਸ ਪੀਂਦਾ'। ਪਰ ਜਿਹੜੀ ਛੱਡਣ ਛਡਾਉਣ ਆਲੀ ਗੱਲ ਐ, ਉਹ ਇਹ ਐ ਬਈ ਜਿੰਦੇਂ ਸ਼ਰਾਬ ਛੱਡੀ, ਉੰਦੇਂ ਈ ਸੋਡੀ ਭੈਣ ਨੂੰ ਛੱਡ ਦੇਣਾ'। ਵੱਢੀ ਤਾਂ ਦੋਨਾਂ 'ਕੱਠੀਆਂ ਦੀ ਲੱਲੇਆਣ ਵੱਢੂੰ'। ਜਦੋਂ ਗਰਜੇ ਨੇ ਇਹ ਗੱਲ ਕਹੀ ਤਾਂ ਉਨ੍ਹਾਂ ਨੇ ਗਰਜੇ ਨੂੰ ਭੁੰਜੇ ਢਾਹ ਕੇ ਪੰਜਾਂ ਦੇ ਨੋਟ ਆਂਗੂੰ ਮਰੋੜ-ਮਰੋੜ ਕੇ ਕੁੱਟਿਆ। ਥੱਲੇ ਪਿਆ ਗਰਜਾ ਇਉਂ ਚੀਕੇ ਜਿਮੇਂ ਮਰੀਕਣ ਬੱਛੀ ਰੰਭਦੀ ਹੁੰਦੀ ਐ। ਗਰਜੇ ਕੇ ਘਰੇ ਤਾਂ ਆਹ ਰੌਲਾ ਸੀ ਬਾਬਾ। ਹੁਣ ਰੇਲੋ ਮਾਈ ਦਾ ਨ੍ਹੀ ਮੈਨੂੰ ਪਤਾ ਬਈ ਉਹ ਕਾਹਤੋਂ ਭੂਸਰੀ ਫਿਰਦੀ ਸੀ?"

ਗੱਲਾਂ ਕਰੀ ਜਾਂਦਿਆਂ ਤੋਂ ਏਨੇ ਚਿਰ ਨੂੰ ਗਰਜੇ ਦਾ ਮੁੰਡਾ ਬਾਬੇ ਆਲਾ ਸਿਉਂ ਨੂੰ ਸੱਥ 'ਚ ਆ ਕੇ ਕਹਿੰਦਾ, "ਬਾਬਾ ਜੀ! ਸੋਨੂੰ ਮੇਰੀ ਬੀਬੀ ਤੇ ਮੇਰੇ ਮਾਮੇ ਅਰਗਿਆਂ ਨੇ ਸੱਦਿਆ ਸਾਡੇ ਘਰੇ ਆਇਉ।"

ਗਰਜੇ ਦੇ ਮੁੰਡੇ ਤੋਂ ਸੁਨੇਹਾ ਸੁਣਦੇ ਸਾਰ ਹੀ ਬਾਬਾ ਆਲਾ ਸਿਉਂ ਤੇ ਬਾਕੀ ਦੇ ਹੋਰ ਬਹੁਤ ਸਾਰੇ ਬੰਦੇ ਗਰਜੇ ਕੇ ਘਰ ਨੂੰ ਇਉਂ ਤੁਰ ਪਏ ਜਿਵੇਂ ਪੰਚਾਇਤ ਦੀਆਂ ਵੋਟਾਂ ਵੇਲੇ ਘੁੱਲਾ ਸਰਪੰਚ ਇਕੱਠ ਕਰੀ ਘਰ ਘਰ ਤੁਰਿਆ ਫਿਰਦਾ ਸੀ। ਜਿਉਂ ਹੀ ਬੰਦੇ ਸੱਥ 'ਚੋਂ ਉੱਠੇ ਤਾਂ ਬਾਕੀ ਬੰਦੇ ਵੀ ਆਪੋ ਆਪਣੇ ਘਰਾਂ ਨੂੰ ਤੁਰ ਗਏ।

ਲੇਖਕ : ਜਗਦੀਸ਼ ਕੌਰ ਮਾਨ
ਸੰਪਰਕ: 78146-98117

# ਕਾਲਜੇ ਠੰਢ

ਗੁਰਬਾਣੀ ਦਾ ਫ਼ਰਮਾਨ ਹੈ: ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ ਇਸ ਗੁਰਮਤਿ ਵਿਚਾਰ ਵਿੱਚ ਕਿੰਨੀ ਵੱਡੀ ਅਟੱਲ ਸਚਾਈ ਛੁਪੀ ਹੋਈ ਹੈ! ਸੰਸਾਰ ਦੇ ਜਿੰਨੇ ਵੀ ਜਾਨਦਾਰ ਪ੍ਰਾਣੀ ਹਨ, ਉਨ੍ਹਾਂ ਦੇ ਜੀਵਨ ਦੀ ਨਿਰਭਰਤਾ ਪਾਣੀ 'ਤੇ ਹੈ। ਬੰਦਾ ਕੁਝ ਸਮਾਂ ਭੁੱਖਾ ਤਾਂ ਰਹਿ ਸਕਦਾ ਪਰ ਪਿਆਸ ਬਹੁਤੀ ਦੇਰ ਨਹੀਂ ਸਹਾਰ ਸਕਦਾ। ਕੁਦਰਤ ਦੀ ਇਹ ਅਨਮੋਲ ਸੌਗਾਤ ਮਨੁੱਖ ਦੀ ਮੁੱਖ ਲੋੜ ਹੈ। ਦੁੱਧ ਤੇ ਬਾਕੀ ਖਾਧ ਪਦਾਰਥ ਦੂਜੇ ਨੰਬਰ 'ਤੇ ਹਨ। ਕੁਦਰਤ ਦਾ ਕ੍ਰਿਸ਼ਮਾ ਦੇਖੋ, ਦੁੱਧ ਦੀ ਸਭ ਤੋਂ ਵੱਧ ਲੋੜ ਨਵਜੰਮੇ ਬੱਚੇ ਨੂੰ ਹੁੰਦੀ ਹੈ ਕਿਉਂਕਿ ਦੁੱਧ ਚੁੰਘਣ ਤੋਂ ਇਲਾਵਾ ਕੋਈ ਹੋਰ ਭੋਜਨ ਉਸ ਵਾਸਤੇ ਅਸੰਭਵ ਹੁੰਦਾ। ਕੁਦਰਤ ਨੇ ਬੱਚੇ ਦੇ ਆਉਣ ਤੋਂ ਪਹਿਲਾਂ ਹੀ ਉਸ ਦਾ ਮੁਢਲਾ ਆਹਾਰ ਨਿਆਮਤ ਵਜੋਂ ਮਾਂ ਦੀਆਂ ਛਾਤੀਆਂ ਵਿਚ ਉਤਾਰ ਕੇ ਰੱਖਿਆ ਹੁੰਦਾ ਹੈ।

ਆਮ ਵਰਤੋਂ ਸਮੇਂ ਪਾਣੀ ਦਾਰੂ ਵੀ (ਜੀਵਨ ਦਾਤੀ ਕੁਦਰਤੀ ਔਸ਼ਧੀ) ਹੈ; ਹੜ੍ਹ ਆ ਜਾਣ ਤਾਂ ਇਹ ਤਬਾਹਕੁਨ ਵੀ ਹੈ। ਗੰਭੀਰ ਬਿਮਾਰੀਆਂ ਸਮੇਂ ਪਾਣੀ ਪੀਣ 'ਤੇ ਲੱਗੀ ਪਾਬੰਦੀ ਅਜਿਹਾ ਕਹਿਰ ਢਾਹ ਦਿੰਦੀ ਹੈ ਕਿ ਫਿਰ ਇਹ ਮੇਰੇ ਵਰਗੀਆਂ ਮਾਵਾਂ ਦੀ ਝੋਲੀ ਵਿਚ ਜ਼ਿੰਦਗੀ ਭਰ ਦਾ ਸਦਮਾ ਪਾ ਜਾਂਦੀ ਹੈ। ਮੇਰਾ ਪੁੱਤਰ ਗੰਭੀਰ ਬਿਮਾਰੀ ਦੀ ਹਾਲਤ ਵਿੱਚ ਲੁਧਿਆਣੇ ਹਸਪਤਾਲ ਵਿਚ ਦਾਖ਼ਲ ਸੀ। ਪੈਂਕਰਿਅਸ ਫੇਲਿਓਰ (ਪੇਟ ਵਿੱਚ ਪਾਚਣ ਰਸ ਦੀ ਥੈਲੀ ਦਾ ਨੁਕਸਾਨਿਆ ਜਾਣਾ) ਦੀ ਬਿਮਾਰੀ ਅੰਤਿਮ ਪੜਾਅ 'ਤੇ ਹੋਣ ਕਾਰਨ ਡਾਕਟਰਾਂ ਨੇ ਉਸ ਨੂੰ ਪਾਣੀ ਪਿਲਾਉਣ ਤੋਂ ਮਨਾਹੀ ਕੀਤੀ ਹੋਈ ਸੀ। ਮਹੀਨਾ ਜੂਨ ਦਾ ਸੀ। ਮੱਧ-ਭੂਮੱਧ ਰੇਖੀ ਖਿੱਤੇ ਵਿਚ ਇਹ ਸਾਲ ਦਾ ਸਭ ਤੋਂ ਗਰਮ ਮਹੀਨਾ ਹੁੰਦਾ ਹੈ। ਅਸੀਂ ਘੰਟੇ ਵਿਚ ਦੋ-ਦੋ ਵਾਰ ਪਾਣੀ ਪੀਂਦੇ ਹਾਂ ਪਰ ਬਿਮਾਰੀ ਦੀ ਗੰਭੀਰਤਾ ਕਾਰਨ ਪੁੱਤ ਨੂੰ ਪਾਣੀ ਪਿਲਾਉਣਾ... ਉਫ਼! ਡਾਕਟਰਾਂ ਨੇ ਸਖ਼ਤ ਚਿਤਾਵਨੀ ਦਿੱਤੀ ਹੋਈ ਸੀ ਕਿ ਪਾਣੀ ਦੀ ਇਕ ਘੁੱਟ ਵੀ ਅੰਦਰ ਲੰਘ ਗਈ ਤਾਂ ਮਰੀਜ਼ ਦੀ ਜਾਨ ਨੂੰ ਖ਼ਤਰਾ ਹੋ ਸਕਦਾ। ਇੱਕੀ ਸਾਲ ਦਾ ਮੇਰਾ ਪੁੱਤ ਪਾਣੀ-ਪਾਣੀ ਪੁਕਾਰ ਰਿਹਾ ਸੀ, ਪਾਣੀ ਵਾਸਤੇ ਤਰਲੇ ਕੱਢ ਰਿਹਾ ਸੀ ਪਰ ਡਾਕਟਰੀ ਹਦਾਇਤ ਅਨੁਸਾਰ ਪਾਣੀ ਨਾ ਪਿਲਾਉਣਾ ਪਰਿਵਾਰ ਦੀ ਮਜਬੂਰੀ ਸੀ। ਮੈਂ ਮਾਂ ਤਾਂ ਉਸ ਵਕਤ ਉਸ ਦੇ ਕੋਲ ਨਹੀਂ ਸਾਂ ਪਰ ਪਰਿਵਾਰਕ ਜੀਆਂ ਨੇ ਬਾਅਦ ਵਿੱਚ ਦੱਸਿਆ ਕਿ ਪਿਉ ਤੋਂ ਉਹ ਪਾਣੀ ਵਾਸਤੇ ਵਿਲਕਦਾ, ਤਰਲੇ ਕਰਦਾ ਝੱਲਿਆ ਨਹੀਂ ਸੀ ਜਾ ਰਿਹਾ। ਉਨ੍ਹਾਂ ਆਪਣੇ ਭਤੀਜੇ ਜੋ ਹਸਪਤਾਲ ਸਾਡੇ ਪੁੱਤ ਦੀ ਸੰਭਾਲ ਕਰ ਰਿਹਾ ਸੀ, ਨੂੰ ਕਿਹਾ, "ਉਏ ਨਾ ਤਰਸਾ ਇਹਨੂੰ, ਪਿਲਾ ਦੇ ਦੋ ਘੁੱਟ! ਮਿੰਨਤ ਨਾਲ ਈ...!" ਸਾਰੇ ਰੋਣਹਾਕੇ ਹੋਏ ਪਏ ਸੀ।

"ਚਾਚਾ ਜੀ ਸਮਝਦੇ ਕਿਉਂ ਨਹੀਂ, ਇਹਦੀ ਜਾਨ ਨੂੰ ਖ਼ਤਰਾ ਹੋ ਸਕਦਾ।" ਉਹ ਆਪਣੀ ਜਗ੍ਹਾ ਸੱਚਾ ਸੀ।

"ਹੋਣਾ ਤਾਂ ਉਹੀ ਜੋ ਕੁਦਰਤ ਨੂੰ ਮਨਜ਼ੂਰ ਹੈ! ਪਰ ਮੈਥੋਂ ਬੱਚਾ ਇਉਂ ਤੜਫਦਾ ਝੱਲਿਆ ਨਹੀਂ ਜਾਂਦਾ।" ਤੇ ਫਿਰ ਉਹ ਹੁਬਕੀਂ ਰੋਣ ਲੱਗ ਪਏ। ਅਖ਼ੀਰ ਰੁਮਾਲ ਗਿੱਲਾ ਕਰ ਕੇ ਉਹਦੇ ਬੁੱਲ੍ਹਾਂ 'ਤੇ ਫੇਰਿਆ ਪਰ ਗਟ-ਗਟ ਕਰ ਕੇ ਪਾਣੀ ਪੀਣ ਦੀ ਖ਼ਾਹਿਸ਼ ਮਨ ਵਿਚ ਲੈ ਕੇ ਪੁੱਤ ਦੂਜੇ ਦਿਨ ਹੀ ਇਸ ਦੁਨੀਆ ਤੋਂ ਰੁਖ਼ਸਤ ਹੋ ਗਿਆ। ਮੈਨੂੰ ਭਾਣਾ ਮਿੱਠਾ ਕਰ ਕੇ ਮੰਨਣ ਨੂੰ ਸਾਲਾਂ ਦੇ ਸਾਲ ਲੱਗ ਗਏ। ਮਨ ਦੀ ਵਿਲਕਣੀ ਅਜੇ ਵੀ ਕਿਹੜਾ ਮੱਠੀ ਹੋਈ ਹੈ!

ਉਦੋਂ ਤੋਂ ਅੱਜ ਤੱਕ ਕਿਸੇ ਫ਼ਕੀਰ, ਰਾਹੀ, ਪਾਂਧੀ ਤੇ ਗਲੀ ਵਿੱਚ ਆਉਂਦੇ ਹਰ ਕਾਮੇ ਨੂੰ ਪਾਣੀ ਪਿਲਾਏ ਬਗ਼ੈਰ ਜਾਣ ਨਹੀਂ ਦਿੰਦੀ। ਮੇਰੀ ਇਸ ਆਦਤ ਤੋਂ ਭਾਵੇਂ ਸਾਰਾ ਟੱਬਰ ਦੁਖੀ ਹੈ ਪਰ ਮੇਰਾ ਯਕੀਨ ਬੱਝਦਾ ਹੈ ਕਿ ਕੀ ਪਤਾ... ਮੇਰੇ ਇਸ ਤਰ੍ਹਾਂ ਕਰਨ ਨਾਲ ਪਾਣੀ ਦੀ ਘੁੱਟ ਤੋਂ ਤਰਸਦੇ ਤੁਰ ਗਏ ਮੇਰੇ ਪੁੱਤ ਦੀ ਰੂਹ ਨੂੰ ਸ਼ਾਂਤੀ ਮਿਲ ਜਾਵੇ... ਮੈਂ ਤਾਂ ਹਰ ਵੇਲੇ ਅਰਜੋਈ ਕਰਦੀ ਹਾਂ ਕਿ ਹੋਣੀ ਨੇ ਜਿਹੜਾ ਭਾਣਾ ਮੇਰੇ ਨਾਲ ਵਰਤਾਇਆ ਹੈ, ਕਿਸੇ ਮਾਂ ਨਾਲ ਇਉਂ ਨਾ ਹੋਵੇ।... ਦੁਨੀਆ ਭਰ ਦੀਆਂ ਮਾਵਾਂ ਦੇ ਕਾਲਜੇ ਠੰਢੇ ਰਹਿਣ!




# 'ਭਿੰਡੀ ਨਾਰੀਅਲ ਮਸਾਲਾ'



**ਸਮੱਗਰੀ**

- 250 ਗ੍ਰਾਮ ਭਿੰਡੀ
- 2-ਟਮਾਟਰ
- 1 ਵੱਡਾ ਪਿਆਜ਼
- ਲਸਣ ਦੀਆਂ 5 ਕਲੀਆਂ
- ਇਕ ਇੰਚ ਛਿਲਿਆ ਹੋਇਆ ਅਦਰਕ
- ਅੱਧਾ ਕੱਪ ਫ੍ਰੈਸ਼ ਨਾਰੀਅਲ
- ਅੱਧਾ ਕੱਪ ਕੱਦੂਕਸ ਕੀਤਾ ਨਾਰੀਅਲ
- 2 ਚਮਚ ਨਮਕ
- ਇਕ ਚਮਚ ਜੀਰਾ
- ਅੱਧਾ ਟੀਸਪੂਨ ਜੀਰਾ
- ਅੱਧਾ ਟੀਸਪੂਨ ਲਾਲ ਮਿਰਚ
- ਅੱਧਾ ਟੀਸਪੂਨ ਹਲਦੀ
- 2 ਟੇਬਲਸਪੂਨ ਤੇਲ

ਵਿਧੀ : ਸਭ ਤੋਂ ਪਹਿਲਾਂ ਪਿਆਜ਼, ਟਮਾਟਰ, ਅਦਰਕ, ਲਸਣ ਅਤੇ ਅੱਧਾ ਕੱਪ ਨਾਰੀਅਲ ਨੂੰ ਮਿਕਸੀ 'ਚ ਦਰਦਾ ਪੀਸ ਲਓ। ਇਸ ਨੂੰ ਇਕ ਬੋਲ 'ਚ ਕੱਢ ਲਓ। ਪੈਨ 'ਚ ਤੇਲ ਪਾਓ ਅਤੇ ਗਰਮ ਹੋਣ 'ਤੇ ਉਸ 'ਚ ਜੀਰਾ ਪਾ ਦਿਓ। ਇਸ ਤੋਂ ਬਾਅਦ ਮਸਾਲੇ ਨੂੰ ਭੁੰਨ ਲਈ ਪੈਨ 'ਚ ਪਾਓ ਅਤੇ ਉਸ 'ਚ ਹੋਰ ਮਸਾਲੇ ਅਤੇ ਨਮਕ ਐਡ ਕਰ ਦਿਓ। ਮਸਾਲੇ ਦਾ ਕਲਰ ਬ੍ਰਾਊਨ ਹੋ ਜਾਵੇ ਤਾਂ ਉਸ 'ਚ ਕੱਟੀ ਹੋਈ ਭਿੰਡੀ ਪਾ ਦਿਓ ਅਤੇ ਮਿਕਸ ਕਰਨ ਤੋਂ ਬਾਅਦ ਪਲੇਟ ਨਾਲ ਢੱਕ ਦਿਓ। ਇਸ ਦੌਰਾਨ ਇਸ ਨੂੰ ਮਿਕਸ ਕਰਦੇ ਰਹੋ ਤਾਂ ਕਿ ਭਿੰਡੀ ਸੜੇ ਨਾ। 10 ਮਿੰਟ ਤੋਂ ਬਾਅਦ ਇਸ 'ਚ ਕੱਦੂਕਸ ਕੀਤਾ ਹੋਇਆ ਨਾਰੀਅਲ ਪਾਓ ਅਤੇ ਫਿਰ 5 ਮਿੰਟ ਤੱਕ ਇਸ ਨੂੰ ਹੋਰ ਬਣਨ ਦਿਓ। ਸਬਜ਼ੀ ਨੂੰ ਚਾਹੋ ਤਾਂ ਧਨੀਆ ਪਾਓ ਜਾਂ ਇੰਝ ਹੀ ਗਰਮਾ-ਗਰਮ ਸਰਵ ਕਰੋ।

# ਸਵੀਟ ਕਾਰਨ (ਮਕਈ) ਖੀਰ



**ਸਮੱਗਰੀ**

- ਛੱਲੀ ਜਾਂ 1 ਕੱਪ ਕਾਰਨ (ਮੱਕੀ ਦੇ ਦਾਣੇ)
- 2 ਚਮਚ ਦੁੱਧ ਮੱਕੀ ਦੇ ਦਾਣਿਆਂ ਨੂੰ ਪੀਸਣ ਲਈ
- 2 ਕੱਪ ਦੁੱਧ
- 1/2 ਚਮਚਾ ਇਲਾਇਚੀ ਪਾਊਡਰ
- 1/2 ਚਮਚਾ ਘਿਓ
- 3 ਤੋਂ 4 ਚਮਚੇ ਚੀਨੀ
- 15 ਤੋਂ 16 ਪੱਤੇ ਕੇਸਰ (1 ਚਮਚਾ ਗਰਮ ਦੁੱਧ 'ਚ ਡੁਬੋਏ ਹੋਏ)
- ਸਜਾਵਟ ਲਈ ਥੋੜ੍ਹਾ ਜਿਹਾ ਨਮਕ ਰਹਿਤ ਪਿਸਤਾ

ਵਿਧੀ : ਇਕ ਛੱਲੀ ਨਾਲੋਂ ਚਾਕੂ ਦੀ ਮਦਦ ਨਾਲ ਦਾਣੇ ਅਲੱਗ ਕਰੋ। ਇਹ ਘੱਟੋ-ਘੱਟ ਇਕ ਕੱਪ ਹੋਣੇ ਚਾਹੀਦੇ ਹਨ। ਇਨ੍ਹਾਂ ਨੂੰ ਮਿਕਸੀ 'ਚ ਪਾ ਕੇ ਪੀਸ ਲਓ। ਇਸ ਵਿਚ ਦੋ ਚਮਚੇ ਦੁੱਧ ਪਾ ਕੇ ਪੇਸਟ ਬਣਾ ਲਓ। ਅੱਧਾ ਚਮਚਾ ਘਿਓ ਨੂੰ ਇਕ ਪੈਨ 'ਚ ਪਾ ਕੇ ਅੱਗ 'ਤੇ ਰੱਖੋ। ਇਸ ਵਿਚ ਮੱਕੀ ਦਾ ਪੇਸਟ ਪਾ ਕੇ 4-5 ਮਿੰਟ ਲਈ ਮੱਧਮ ਅੱਗ 'ਤੇ ਪਕਾਓ। ਹੁਣ ਇਸ ਵਿਚ 2 ਕੱਪ ਦੁੱਧ ਮਿਲਾਓ ਅਤੇ ਹਿਲਾਉਂਦੇ ਰਹੋ। ਇਕ ਛੋਟੀ ਬਾਊਲ ਵਿਚ ਇਕ ਚਮਚ ਦੁੱਧ ਅਤੇ ਕੇਸਰ ਪਾ ਕੇ ਰੱਖੋ। ਇਸ ਨੂੰ ਖੀਰ ਵਿਚ ਪਾ ਕੇ 7-8 ਮਿੰਟ ਲਈ ਮੱਧਮ ਅੱਗ 'ਤੇ ਪਕਾਓ ਅਤੇ ਹੇਠਾਂ ਨਾ ਲੱਗਣ ਦਿਓ। ਹੁਣ ਇਸ ਵਿਚ 3-4 ਚਮਚੇ ਚੀਨੀ ਮਿਲਾਓ ਜਾਂ ਸਵਾਦ ਅਨੁਸਾਰ ਵੱਧ-ਘੱਟ। ਹੁਣ ਇਸ ਨੂੰ ਹੋਰ 3-4 ਮਿੰਟਾਂ ਲਈ ਪਕਾਓ ਅਤੇ ਜਦੋਂ ਇਹ ਥੋੜ੍ਹੀ ਗਾੜ੍ਹੀ ਹੋ ਜਾਵੇ ਤਾਂ ਇਸ ਵਿਚ ਇਲਾਇਚੀ ਪਾਊਡਰ ਪਾਓ ਅਤੇ ਇਸ ਵਿਚ ਇਕ ਚਮਚਾ ਕੱਟਿਆ ਹੋਇਆ ਪਿਸਤਾ ਮਿਲਾਓ। ਤੁਸੀਂ ਇਸ ਵਿਚ ਪਿਸਤੇ ਦੀ ਥਾਂ ਬਰੀਕ ਕੱਟੇ ਹੋਏ ਬਦਾਮ ਵੀ ਪਾ ਸਕਦੇ ਹੋ। ਹੁਣ ਇਸ ਨੂੰ ਚੰਗੀ ਤਰ੍ਹਾਂ ਹਿਲਾਉਣ ਪਿੱਛੋਂ ਗੈਸ ਬੰਦ ਕਰ ਦਿਓ. ਹੁਣ ਗਰਮ-ਗਰਮ ਕਾਰਨ ਖੀਰ (ਮੱਕੀ ਦੇ ਦਾਣਿਆਂ ਤੋਂ ਬਣੀ) ਨੂੰ ਪਿਸਤੇ ਨਾਲ ਸਜਾ ਕੇ ਪਰੋਸੋ. ਇਸ ਨੂੰ ਫਰਿੱਜ ਵਿਚ ਰੱਖ ਕੇ ਠੰਢਾ ਕਰਕੇ ਵੀ ਖਾ ਸਕਦੇ ਹੋ।




# ਹਵਾਈ ਜਹਾਜ਼ 'ਚ ਕਦੇ ਵੀ ਨਾ ਲੈ ਕੇ ਜਾਓ ਇਹ ਚੀਜ਼ਾਂ

ਪਿਛਲੇ ਕੁਝ ਸਾਲਾਂ 'ਚ ਹਵਾਈ ਯਾਤਰਾ ਕਰਨ ਵਾਲਿਆਂ ਦੀ ਗਿਣਤੀ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਅੱਜ-ਕੱਲ੍ਹ ਜ਼ਿਆਦਾ ਲੋਕ ਹਵਾਈ ਯਾਤਰਾ ਦਾ ਹਿੱਸਾ ਬਣ ਰਹੇ ਹਨ ਪਰ ਇਹ ਯਾਤਰਾ ਆਮ ਟ੍ਰੈਵਲ ਤੋਂ ਕਾਫੀ ਅਲੱਗ ਹੁੰਦੀ ਹੈ। ਹਵਾਈ ਯਾਤਰਾ ਦੌਰਾਨ ਸੁਰੱਖਿਆ ਨੂੰ ਲੈ ਕੇ ਕਈ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ। ਇਨ੍ਹਾਂ ਨਿਯਮਾਂ 'ਚ ਵਿਸ਼ੇਸ਼ ਰੂਪ ਨਾਲ ਇਲੈਕਟ੍ਰੋਨਿਕ ਸਾਮਾਨ 'ਤੇ ਪਾਬੰਦੀ ਲਗਾਈ ਗਈ ਹੈ। ਅਜਿਹੇ 'ਚ ਯਾਤਰੀਆਂ ਨੂੰ ਇਹ ਜਾਣਨਾ ਬੇਹੱਦ ਜ਼ਰੂਰੀ ਹੈ ਕਿ ਕਿਹੜੇ ਗੈਜੇਟਸ ਅਤੇ ਇਲੈਕਟ੍ਰੋਨਿਕਸ ਆਈਟਮਾਂ ਜਹਾਜ਼ 'ਚ ਲੈ ਕੇ ਜਾਣ 'ਤੇ ਪਾਬੰਦੀ ਹੈ ਤਾਂ ਜੋ ਕਿਸੇ ਵੀ ਅਣਸੁਖਾਂਵੀ ਘਟਨਾ ਤੋਂ ਬਚਿਆ ਜਾ ਸਕੇ।

**ਇਲੈਕਟ੍ਰੋਨਿਕ ਆਈਟਮਾਂ 'ਤੇ ਕਿਉਂ ਹੁੰਦੀ ਹੈ ਪਾਬੰਦੀ**

ਹਵਾਈ ਯਾਤਰਾ ਦੌਰਾਨ ਸੁਰੱਖਿਆ ਸਭ ਤੋਂ ਅਹਿਮ ਹੁੰਦੀ ਹੈ। ਇਹੀ ਕਾਰਨ ਹੈ ਕਿ ਕੁਝ ਇਲੈਕਟ੍ਰੋਨਿਕ ਆਈਮਾਂ 'ਤੇ ਪਾਬੰਦੀ ਹੁੰਦੀ ਹੈ। ਇਹ ਉਪਕਰਣ ਇਲੈਕਟ੍ਰੋਮੈਗਨੇਟਿਕ ਸਿਗਨਲ ਪੈਦਾ ਕਰਦੇ ਹਨ ਜੋ ਜਹਾਜ਼ ਦੇ ਨੈਵੀਗੇਸ਼ਨ ਅਤੇ ਕੰਮਿਊਨੀਕੇਸ਼ਨ ਸਿਸਟਮ 'ਚ ਦਖਲ ਦੇ ਸਕਦੇ ਹਨ। ਇਸ ਨਾਲ ਜਹਾਜ਼ ਅਤੇ ਯਾਤਰੀਆਂ ਦੀ ਸੁਰੱਖਿਆ ਨੂੰ ਖਤਰਾ ਹੋ ਸਕਦਾ ਹੈ। ਜੇਕਰ ਕੋਈ ਯਾਤਰੀ ਇਨ੍ਹਾਂ ਵਸਤੂਆਂ ਨੂੰ ਜਹਾਜ਼ 'ਚ ਲੈ ਕੇ ਜਾਂਦਾ ਹੈ ਤਾਂ ਉਸ ਨੂੰ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਜਹਾਜ਼ 'ਚ ਨਹੀਂ ਲੈ ਕੇ ਜਾ ਸਕਦੇ ਇਹ ਸਾਮਾਨ**

**1. ਈ-ਸਿਗਰਟ**

ਜਹਾਜ਼ 'ਚ ਈ-ਸਿਗਰਟ ਲੈ ਕੇ ਜਾਣ 'ਤੇ ਪਾਬੰਦੀ ਹੈ। ਨਾ ਸਿਰਫ ਇਹ ਦੂਜੇ ਯਾਤਰੀਆਂ ਲਈ ਪਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ ਸਗੋਂ ਇਸ ਨਾਲ ਅੱਗ ਲੱਗਣ ਦਾ ਖਤਰਾ ਵੀ ਹੁੰਦਾ ਹੈ।



**2. ਸੈਮਸੰਗ ਗਲੈਕਸੀ ਨੋਟ 7**

ਇਸ ਫੋਨ ਦੀ ਬੈਟਰੀ 'ਚ ਅੱਗ ਲੱਗਣ ਦੀਆਂ ਕਈ ਘਟਨਾਵਾਂ ਸਾਹਮਣੇ ਆਈਆਂ ਸਨ, ਜਿਸ ਨਾਲ ਇਸ ਨੂੰ ਜਹਾਜ਼ 'ਚ ਲੈ ਕੇ ਜਾਣ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ ਸੀ। ਇਹ ਘਟਨਾ ਸੁਰੱਖਿਆ ਦੇ ਲਿਹਾਜ਼ ਨਾਲ ਗੰਭੀਰ ਸਮੱਸਿਆ ਬਣ ਗਈ ਸੀ।

**3. ਹਾਈ-ਪਾਵਰ ਲੇਜ਼ਰ ਪੁਆਇੰਟਰਜ਼**

ਇਨ੍ਹਾਂ ਲੇਜ਼ਰ ਪੁਆਇੰਟਰਜ਼ ਦਾ ਇਸਤੇਮਾਲ ਹਵਾਈ ਯਾਤਰਾ ਦੌਰਾਨ ਮਨਾ ਹੈ ਕਿਉਂਕਿ ਇਹ ਪਾਇਲਟ ਦੇ ਧਿਆਨ ਨੂੰ ਭਟਕਾ ਸਕਦੇ ਹਨ, ਜਿਸ ਨਾਲ ਜਹਾਜ਼ ਦੀ ਸੁਰੱਖਿਆ 'ਤੇ ਖਤਰਾ ਹੋ ਸਕਦਾ ਹੈ।

**4. ਸਪੇਅਰ ਲਿਥੀਅਮ ਬੈਟਰੀ**

ਲਿਥੀਅਮ ਬੈਟਰੀਆਂ ਦੀ ਜ਼ਿਆਦਾ ਸਮਰੱਥਾ ਵਾਲੀਆਂ ਸਪੇਅਰ ਬੈਟਰੀਆਂ ਨੂੰ ਜਹਾਜ਼ 'ਚ ਲੈ ਕੇ ਜਾਣਾ ਮਨਾ ਹੈ। ਇਨ੍ਹਾਂ ਬੈਟਰੀਆਂ ਨਾਲ ਅੱਗ ਲੱਗਣ ਦਾ ਖਤਰਾ ਰਹਿੰਦਾ ਹੈ ਅਤੇ ਇਸ ਲਈ ਇਨ੍ਹਾਂ ਨੂੰ ਜਹਾਜ਼ 'ਚ ਲੈ ਕੇ ਜਾਣ 'ਤੇ ਪਾਬੰਦੀ ਹੈ। ਇਸੇ ਕਾਰਨ ਹੋਵਰਬੋਰਡ ਵਰਗੇ ਉਪਕਰਣਾਂ 'ਤੇ ਵੀ ਪਾਬੰਦੀ ਹੈ ਕਿਉਂਕਿ ਇਨ੍ਹਾਂ ਦਾ ਇਸਤੇਮਾਲ ਲਿਥੀਅਮ ਬੈਟਰੀਆਂ ਨਾਲ ਹੁੰਦਾ ਹੈ।

**5. ਪੋਰਟੇਬਲ ਚਾਰਜਰ**

ਕਈ ਏਅਰਲਾਈਨ ਕੰਪਨੀਆਂ ਆਪਣੇ ਜਹਾਜ਼ਾਂ 'ਚ ਪੋਰਟੇਬਲ ਚਾਰਜਰ ਨੂੰ ਵੀ ਬੈਨ ਕਰ ਦਿੰਦੀਆਂ ਹਨ। ਇਸ ਦਾ ਕਾਰਨ ਵੀ ਓਹੀ ਲਿਥੀਅਮ ਬੈਟਰੀ ਹੈ, ਜੋ ਅੱਗ ਦੇ ਖਤਰੇ ਨੂੰ ਵਧਾ ਸਕਦੀਆਂ ਹਨ।

**6. ਸਟਨ ਗਨ ਜਾਂ ਟੇਜ਼ਰ ਗਨ**

ਸਟਨ ਗਨ ਅਤੇ ਟੇਜ਼ਰ ਗਨ ਵਰਗੀ ਸੈਲਫ-ਡਿਫੈਂਸ ਗਨ ਨੂੰ ਵੀ ਹਵਾਈ ਯਾਤਰਾ ਦੌਰਾਨ ਲੈ ਕੇ ਜਾਣਾ ਮਨਾ ਹੈ। ਏਅਰਲਾਈਨਜ਼ ਇਨ੍ਹਾਂ ਨੂੰ ਹਥਿਆਰ ਦੇ ਰੂਪ 'ਚ ਦੇਖਦੀਆਂ ਹਨ, ਜੋ ਚਾਲਕ ਦਲ ਅਤੇ ਹੋਰ ਯਾਤਰੀਆਂ ਦੀ ਸੁਰੱਖਿਆ ਲਈ ਖਤਰਾ ਪੈਦਾ ਕਰ ਸਕਦੇ ਹਨ।

# ਇਲੈਕਟ੍ਰਾਨਿਕਸ ਖੇਤਰ 'ਚ ਪੈਦਾ ਹੋਣਗੀਆਂ 12 ਕਰੋੜ ਨੌਕਰੀਆਂ

ਇਲੈਕਟ੍ਰਾਨਿਕਸ ਸੈਕਟਰ ਤੇਜ਼ੀ ਨਾਲ ਵਧ ਰਿਹਾ ਹੈ। ਇਕ ਰਿਪੋਰਟ ਮੁਤਾਬਕ ਇਸ ਸੈਕਟਰ 'ਚ 2027 ਤੱਕ 1.2 ਕਰੋੜ ਨੌਕਰੀਆਂ ਪੈਦਾ ਹੋਣ ਦੀ ਆਸ ਹੈ। 30 ਲੱਖ ਲੋਕਾਂ ਨੂੰ ਸਿੱਧੇ ਕੰਮ ਅਤੇ 90 ਲੱਖ ਲੋਕਾਂ ਨੂੰ ਅਸਿੱਧੇ ਕੰਮ ਮਿਲਣਗੇ। ਆਉਣ ਵਾਲੇ ਦੋ ਸਾਲਾਂ 'ਚ ਲਗਭਗ 10 ਲੱਖ ਇੰਜਨੀਅਰ, 20 ਲੱਖ ਹੈਠੀ-ਪ੍ਰਮਾਣਿਤ ਪੇਸ਼ੇਵਰ ਅਤੇ ਅੀ,ਲ ਅਤੇ ਡੇਟਾ ਸਾਇੰਸ ਵਰਗੇ ਖੇਤਰਾਂ 'ਚ 2 ਲੱਖ ਮਾਹਿਰਾਂ ਨੂੰ ਸਿੱਧੇ ਰੁਜ਼ਗਾਰ ਮਿਲਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਗੈਰ-ਤਕਨੀਕੀ ਭੂਮਿਕਾਵਾਂ 'ਚ 90 ਲੱਖ ਅਸਿੱਧੇ ਨੌਕਰੀਆਂ ਪੈਦਾ ਹੋਣ ਦੀ ਉਮੀਦ ਹੈ। ਇਹ ਜਾਣਕਾਰੀ ਟੀਮਲੀਜ਼ ਡਿਗਰੀ ਅਪ੍ਰੈਂਟਿਸਸ਼ਿਪ ਦੀ ਰਿਪੋਰਟ 'ਚ ਦਿੱਤੀ ਗਈ ਹੈ। ਇਸ ਨੇ ਦਿਖਾਇਆ ਹੈ ਕਿ ਭਾਰਤ ਦੇ ਆਰਥਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਇਲੈਕਟ੍ਰੋਨਿਕਸ ਸੈਕਟਰ 'ਚ ਕਿੰਨੀ ਸਮਰੱਥਾ ਹੈ। ਦਰਅਸਲ, 2030 ਤੱਕ ਇਲੈਕਟ੍ਰੋਨਿਕਸ ਉਦਯੋਗ 'ਚ ਨਿਰਮਾਣ ਉਤਪਾਦਨ ਨੂੰ $500 ਬਿਲੀਅਨ (42.69 ਲੱਖ ਕਰੋੜ ਰੁਪਏ) ਤੱਕ ਲੈ ਜਾਣ ਦਾ ਟੀਚਾ ਹੈ। ਇਸ ਨੂੰ ਹਾਸਲ ਕਰਨ ਲਈ ਸੈਕਟਰ ਨੂੰ ਅਗਲੇ ਪੰਜ ਸਾਲਾਂ 'ਚ ਪੰਜ ਗੁਣਾ ਵਿਕਾਸ ਕਰਨਾ ਹੋਵੇਗਾ। ਇਸ ਨਾਲ 400 ਅਰਬ ਡਾਲਰ (34.15 ਲੱਖ ਕਰੋੜ ਰੁਪਏ) ਦੇ ਉਤਪਾਦਨ ਦੇ ਪਾੜੇ ਨੂੰ ਪੂਰਾ ਕੀਤਾ ਜਾ ਸਕਦਾ ਹੈ। ਵਰਤਮਾਨ 'ਚ ਘਰੇਲੂ ਉਤਪਾਦਨ 101 ਬਿਲੀਅਨ ਡਾਲਰ (8.62 ਲੱਖ ਕਰੋੜ ਰੁਪਏ) ਹੈ। ਇਸ 'ਚ ਮੋਬਾਈਲ ਫ਼ੋਨਾਂ ਦਾ ਯੋਗਦਾਨ 43 ਫ਼ੀਸਦੀ ਹੈ। ਇਸ ਤੋਂ ਬਾਅਦ ਖਪਤਕਾਰ ਅਤੇ ਉਦਯੋਗਿਕ ਇਲੈਕਟ੍ਰਾਨਿਕਸ ਦਾ ਯੋਗਦਾਨ 12-12 ਫੀਸਦੀ ਅਤੇ ਇਲੈਕਟ੍ਰਾਨਿਕ ਕੰਪੋਨੈਂਟਸ ਦਾ ਯੋਗਦਾਨ 11 ਫੀਸਦੀ ਹੈ। ਆਟੋ ਇਲੈਕਟ੍ਰੋਨਿਕਸ (8 ਪ੍ਰਤੀਸ਼ਤ), ਐੱਲ.ਈ.ਡੀ. ਲਾਈਟਿੰਗ (3 ਫੀਸਦੀ), ਪਹਿਨਣਯੋਗ ਅਤੇ ਸੁਣਨਯੋਗ (1 ਫੀਸਦੀ) ਅਤੇ ਪੀ.ਸੀ.ਬੀ.ਏ. (1 ਫੀਸਦੀ) ਵਰਗੇ ਉਭਰ ਰਹੇ ਖੰਡਾਂ 'ਚ ਵੀ ਵਾਧਾ ਹੋਣ ਦੀ ਸੰਭਾਵਨਾ ਹੈ। ਟੀਮਲੀਜ਼ ਡਿਗਰੀ ਅਪ੍ਰੈਂਟਿਸਸ਼ਿਪ ਦੇ ਮੁੱਖ ਰਣਨੀਤੀ ਅਧਿਕਾਰੀ ਸੁਮਿਤ ਕੁਮਾਰ ਨੇ ਕਿਹਾ, "ਭਾਰਤ ਦਾ ਇਲੈਕਟ੍ਰਾਨਿਕਸ ਸੈਕਟਰ ਤੇਜ਼ੀ ਨਾਲ ਆਪਣੇ ਆਪ ਨੂੰ ਇੱਕ ਗਲੋਬਲ ਇਲੈਕਟ੍ਰੋਨਿਕਸ ਹੱਬ ਵਜੋਂ ਸਥਾਪਿਤ ਕਰ ਰਿਹਾ ਹੈ।" ਇਹ ਵਿੱਤੀ ਸਾਲ 23 'ਚ ਗਲੋਬਲ ਮੈਨੂਫੈਕਚਰਿੰਗ 'ਚ 3.3 ਫੀਸਦੀ ਅਤੇ ਭਾਰਤ ਦੇ ਕੁੱਲ ਵਪਾਰਕ ਨਿਰਯਾਤ 'ਚ 5.3 ਫੀਸਦੀ ਦਾ ਯੋਗਦਾਨ ਪਾਉਂਦਾ ਹੈ।" ਉਸਨੇ ਕਿਹਾ, "ਮੌਕੇ ਅਤੇ ਰੁਜ਼ਗਾਰ ਪੈਦਾ ਕਰਨ 'ਚ ਵਾਧਾ ਹੋਣ ਦੇ ਨਾਲ, ਇੱਕ ਬਹੁ-ਪੱਖੀ ਪਹੁੰਚ ਜ਼ਰੂਰੀ ਹੋ ਜਾਂਦੀ ਹੈ। ਇਸ 'ਚ ਭਵਿੱਖ ਲਈ ਕਰਮਚਾਰੀਆਂ ਨੂੰ ਤਿਆਰ ਕਰਨ ਲਈ ਸਿਖਲਾਈ, ਪੁਨਰ-ਸਕਿੱਲਿੰਗ ਅਤੇ ਹੁਨਰ ਨੂੰ ਅੱਪਗ੍ਰੇਡ ਕਰਨ 'ਤੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।"

# ਕਾਵਿ ਕਿਆਰੀ

## ਬੰਦਿਆ

ਘਾਲਣੀ ਹੈ ਪੈਂਦੀ ਸੱਚੀ ਘਾਲ ਬੰਦਿਆ
ਮਾਇਆ ਵਾਲਾ ਤੋੜ ਕੇ ਜੰਜਾਲ ਬੰਦਿਆ
ਕਾਬੂ ਵਿੱਚ ਰੱਖ ਮਨੂਆ ਸ਼ੈਤਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਭੱਠੀ ਵਿੱਚ ਪਾ ਕੇ ਪਹਿਲਾਂ ਸੋਨਾ ਗਾਲਦਾ
ਫੇਰ ਹੈ ਸੁਨਿਆਰ ਮਨਚਾਹਾ ਢਾਲਦਾ
ਤਪ ਕੇ ਹੀ ਆਉਂਦੀ ਸੋਨੇ ਵਿੱਚ ਸ਼ਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਧੀਰਜ ਦੇ ਨਾਲ ਔਖ ਸੌਖ ਝੱਲ ਕੇ
ਦੱਸਿਆ ਗੁਰਾਂ ਜੋ ਮਾਰਗ 'ਤੇ ਚੱਲ ਕੇ
ਬਣ ਜਾਂਦਾ ਬੰਦਾ ਆਮ ਵੀ ਮਹਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਝੂਠ ਚੁਗਲੀ ਤੇ ਨਿੰਦਿਆ ਤਿਆਗ ਕੇ
ਵੈਰ ਤੇ ਵਿਰੋਧ ਵਾਲੀ ਨੀਂਦੋਂ ਜਾਗ ਕੇ
ਆਦਮੀ ਤੋਂ ਹੋਣਾ ਪੈਂਦਾ ਇਨਸਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਸਾਰਿਆਂ ਦੇ ਵਿੱਚ ਇੱਕ ਉਹੀ ਵੱਸਦਾ
ਓਹੀ ਖੇਡੇ ਮੱਲੇ ਓਹੀ ਰੋਵੇ ਹੱਸਦਾ
ਸਭ ਵਿੱਚ ਸਮਝ ਬਿਰਾਜਮਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਕਰਦਾ ਪਰਖ ਰਹੇ ਵਾਰ ਵਾਰ ਜੀ
ਕੌਣ ਕਰੇ ਸੱਚਾ ਕੌਣ ਝੂਠਾ ਪਿਆਰ ਜੀ
ਤਨੋਂ ਮਨੋਂ ਹੋਣਾ ਪੈਂਦਾ ਕੁਰਬਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ
ਸੱਚੇ ਗੁਰੂ ਨਾਲ ਆਪ ਹੀ ਮਿਲਾਂਵਦਾ
ਸਿੱਧੇ ਰਾਹੇ ਪਾ ਕੇ ਭਗਤੀ ਕਰਾਂਵਦਾ
ਫੜ ਲੈਂਦਾ ਹੱਥ ਹੋ ਮਿਹਰਬਾਨ ਜੀ
ਫੇਰ ਕਿਤੇ ਮਿਲਦਾ ਗੁਰਾਂ ਤੋਂ ਗਿਆਨ ਜੀ

**ਲੇਖਕ : ਨਿਰਮਲ ਸਿੰਘ ਰੱਤਾ**
**ਸੰਪਰਕ: 84270-07623**

## ਰੁੱਖ ਦਾ ਦਰਦ

ਆ ਬੈਠ ਤੈਨੂੰ ਦਰਦ ਸੁਣਾਵਾਂ
ਡਾਢਾ ਮੈਂ ਦੁਖਿਆਰਾ,

ਜਿਨ੍ਹਾਂ ਨੇ ਮਾਣੀ ਛਾਂ ਸੀ ਮੇਰੀ
ਅੱਜ ਚੁੱਕੀ ਫਿਰਦੇ ਆਰਾ।

ਪਤਾ ਨੀ ਕਦ ਵਾਰੀ ਆ ਜਾਏ
ਗਿਣ ਗਿਣ ਦਿਨ ਲੰਘਾਵਾਂ,

ਮੇਰੇ ਨਾਲ ਦੇ ਰੁੱਖ ਜਿੰਨੇ ਸੀ
ਛੱਡਗੇ ਘਣੀਆਂ ਛਾਵਾਂ।

ਵੱਡੀਆਂ ਸੜਕਾਂ ਉੱਚੇ ਪੁਲਾਂ ਨੇ
ਕਿੰਨੇ ਰੁੱਖ ਮੁਕਾਏ,

ਵਧੀ ਆਬਾਦੀ ਘਰ ਕੋਠੀਆਂ
ਸਾਨੂੰ ਵੱਢ ਵੱਢ ਪਾਏ।

ਜਿਹੜੇ ਦਿਸਦੇ ਔਹ ਖੜੇ ਨੇ
ਮੇਰੇ ਨਾਲ ਦੇ ਸਾਥੀ,

ਸਾਨੂੰ ਕੱਟਣਾ, ਲਾਉਣ ਸਕੀਮਾਂ
ਜੋ ਕਰਦੇ ਸੀ ਰਾਖੀ।

ਬੜਾ ਰੁੱਖ ਦੁਖੀ ਸੀ ਲੱਗਦਾ,
ਹੁਬਕੀਂ ਹੁਬਕੀਂ ਰੋਵੇ,

ਥਾਂ ਉਸ ਨੂੰ ਕੋਈ ਨਾ ਦਿਸਦੀ
ਜਿੱਥੇ ਜਾ ਖਲੋਵੇ।

ਸ਼ੁੱਧ ਹਵਾ ਦੇ ਕੇ ਕਹੇ
ਵਾਤਾਵਰਨ ਬਚਾਈਏ,

ਪਰ 'ਪੱਤੋ' ਮਨੁੱਖ ਗੁਣ ਨਾ ਜਾਣੇ
ਅਸੀਂ ਜਾਨ ਗਵਾਈਏ।

**ਲੇਖਕ : ਹਰਪ੍ਰੀਤ ਪੱਤੋ**
**ਸੰਪਰਕ: 94658-21417**

## ਜਿਊਣਾ ਬਹੁਤ ਜ਼ਰੂਰੀ ਹੈ

ਤੁਸੀਂ ਤੁਰ ਪਏ ਓ ਕਿਹੜੇ ਰਾਹ ਭਾਈ ਜੀ
ਜਾਂ ਹੈ ਕੀਤਾ ਕਿਸੇ ਗੁੰਮਰਾਹ ਭਾਈ ਜੀ
ਭੁੱਖੇ ਰਹਿਣਾ ਨਾ ਰਵਾਇਤ ਇਸ ਧਰਤੀ ਦੀ
ਫਿਰ ਤਿਲ ਤਿਲ ਮਰਨੇ ਦੀ ਕੀ ਮਜਬੂਰੀ ਏ।
ਮੰਨਿਆ ਸਮੇਂ ਤੇ ਸਥਾਨ ਦੀ ਨੀਤੀ ਹੁੰਦੀ ਏ
ਪਰ ਮਰਨਾ ਨਹੀਂ ਹੁਣ
ਬਹੁਤ ਲੜਨਾ ਜ਼ਰੂਰੀ ਏ।
ਜਮਾਤੀ ਜੰਗ ਵਿੱਚ ਜਾਇਜ਼ ਨਹੀਂ ਇਹ
ਨਾ ਸਿੱਖੀ ਵਿੱਚ ਹੀ ਮਿਸਾਲ ਮਿਲੇ।
ਇਤਿਹਾਸ ਦੇ ਫੋਲਕੇ ਵਰਕੇ ਵੀ ਵੇਖੋ
ਕਿਤੋਂ ਨਾ ਮਰਨ ਵਰਤ ਦੀ ਕਾਲ ਮਿਲੇ।
'ਕੱਲੇ ਇੱਕ ਫੇਰੂਮਾਨ ਨੂੰ ਛੱਡ ਕੇ
ਹੋਰ ਕਿਧਰੇ ਨਾ ਭੁੱਖ ਹੜਤਾਲ ਮਿਲੇ।
ਕਿਸੇ ਹੋਰ ਦਾ ਹੋਣੈਂ ਲੁਕਵਾਂ ਏਜੰਡਾ
ਜਿਨ੍ਹਾਂ ਨਾਲ ਕਦੇ ਨਾ ਖਿਆਲ ਮਿਲੇ।
ਹੋਰ ਮੰਗਾਂ ਲਈ ਚੱਲ ਜਾਂਦਾ ਏ
ਇਹ ਜੰਗ ਤਾਂ ਕਿਆਸੋਂ ਵਡੇਰੀ ਏ।
ਲੰਮੇ ਦਾਅ ਤੋਂ ਹੈ ਚੱਲਣਾ ਪੈਂਦਾ
ਪੈਣੀ ਰੱਖਣੀ ਸਬਰ ਦਲੇਰੀ ਏ।
ਐੱਮਐੱਸਪੀ ਕੋਈ ਗੱਲ ਨਾ ਛੋਟੀ
ਗੱਲ ਕਾਲੇ ਕਾਨੂੰਨਾਂ ਤੋਂ ਉਚੇਰੀ ਏ।
ਇਸ ਵੇਲੇ 'ਕੱਲੇ ਲੜ ਨਹੀਂਓ ਹੋਣਾ
'ਕੱਠੇ ਹੋ ਲੜਨ ਦੀ ਲੋੜ ਬਥੇਰੀ ਏ।
ਕਿੰਨੇ ਬੇਵੱਸ ਮਰੇ ਭੁੱਖ ਦੇ ਮਾਰੇ
ਏਥੇ ਕੀ ਫ਼ਰਕ ਪਿਆ ਸਰਕਾਰ ਨੂੰ?
ਕਰਜ਼ੇ 'ਚ ਮਰੇ ਕਿੰਨੇ ਲੋਕ ਕਿਰਤੀ
ਦੱਸੋ ਕੀ ਅਸਰ ਪਿਆ ਦਰਬਾਰ ਨੂੰ?
ਸਦੀਆਂ ਤੋਂ ਬੜੇ ਸਿਸਟਮ ਨੇ ਮਾਰੇ
ਪੱਥਰਾਂ ਦੀ ਉਸ ਦੀਵਾਰ ਨੂੰ ਕੀ?
ਕੋਈ ਖ਼ੁਦ ਮਰੇ ਜਾਂ ਕਤਲੇਆਮ ਕਰਨ
ਇਸ ਨਾਲ ਸੋਚਾਂ ਦੇ ਬਿਮਾਰ ਨੂੰ ਕੀ?
ਜਦ ਲੜਨ ਤਰੀਕੇ ਹੋਰ ਬੜੇ ਨੇ
ਫਿਰ ਭੁੱਖਾ ਇੱਕ ਰੋਹੇਲਾ ਕਿਉਂ ਮਰੇ।
ਜੇ ਇੱਕ ਅੱਧੇ ਨਾਲ ਸਰਦਾ ਹੋਵੇ
ਤਾਂ ਸਾਰਾ ਭਰਿਆ ਮੇਲਾ ਕਿਉਂ ਮਰੇ।
ਇਹ ਹਨ ਮਸਲੇ ਸਾਰੇ ਨੀਤੀ ਦੇ
ਜਾਣ ਕੇ ਮਰਦ ਅਲਬੇਲਾ ਕਿਉਂ ਮਰੇ।
ਜਿਸ ਕੋਲ ਵੱਡੀਆਂ ਲੜਾਕੂ ਫ਼ੌਜਾਂ ਨੇ
ਤਾਂ ਉਹ ਜਰਨੈਲ ਇਕੱਲਾ ਕਿਉਂ ਮਰੇ।
ਅਸੀਂ ਜੇ ਉੱਚੇ ਆਦਰਸ਼ਾਂ ਦੀ ਖਾਤਰ
ਖਾਂਦੇ ਪੀਂਦੇ ਮਰ ਜਾਈਏ ਗੱਲ ਕੋਈ ਨਾ।
ਜਿੰਦਗੀ ਤੋਂ ਆਪਾਂ ਇੰਝ ਨਹੀਂ ਹਰਨਾ
ਲੜਦੇ ਲੜਦੇ ਹਰ ਜਾਈਏ ਗੱਲ ਕੋਈ ਨਾ।
ਸੰਘਰਸ਼ਾਂ ਨੂੰ ਪੈ ਜਾਏ ਨਾ ਪੁੱਠਾ ਮੋੜਾ
ਹੋਰ ਗ਼ਲਤੀ ਕਰ ਜਾਈਏ ਗੱਲ ਕੋਈ ਨਾ।
ਆਪਾਂ ਦੁਸ਼ਮਣ ਤੋਂ ਮਿਹਣੇ ਨਹੀਂ ਖਾਣੇ
ਆਪਸ ਵਿੱਚ ਲੜ ਜਾਈਏ ਗੱਲ ਕੋਈ ਨਾ।

**ਲੇਖਕ: ਸੱਤਪਾਲ ਸਿੰਘ ਗਿੱਲ**
**ਸੰਪਰਕ: +1778-638-5007**

## ਦਾਜ

ਤੁਰਦੀ ਤੁਰਦੀ ਤੁਰ ਜਾਵੇਗੀ
ਸਾਡੇ ਘੱਲਿਆਂ ਜਾਣੀ ਏ।
ਦਾਜ ਹੈ ਇੱਕ ਭੈੜੀ ਲਾਹਨਤ
ਮੁੱਢੋਂ ਬਹੁਤ ਪੁਰਾਣੀ ਏ।
ਕੁਝ ਲੋਕਾਂ ਇਹਦੇ ਟਾਹਣੇ ਵੱਢ ਲਏ
ਕੁਝ ਲੋਕਾਂ ਇਹਦੇ ਪੱਤਰ ਧੂਹ ਲਏ
ਹੁਣ ਤਾਂ ਇਹਦੀਆਂ ਜੜ੍ਹਾਂ ਰਹਿ ਗਈਆਂ
ਮੁੱਢੋਂ ਪੁੱਟ ਹਟਾਣੀ ਏ
ਧੀਆਂ ਨੂੰ ਦਾਜ ਸੋਹਣਾ ਦੇਵੋ
ਵਿਦਿਆ ਦੇ ਕੇ ਹੁਨਰ ਸਿਖਾਉ
ਛੱਡ ਕੇ ਭੈੜੇ ਰੀਤੀ ਰਿਵਾਜ
ਘਰ ਆਪਣੇ ਨੂੰ ਸਵਰਗ ਬਣਾਉ
ਔਲਖ ਸੀ ਲਿਖਿਆ ਆਪਮੁਹਾਰੇ
ਧੀਆਂ ਨੂੰ ਹੁਣ ਕੋਈ ਨਾ ਮਾਰੇ
ਇਸਤਰੀ ਜਾਤ ਵੀ ਸੋਚ ਕੇ ਚੱਲੇ
ਤਾਹੀਉਂ ਹੀ ਗੁਲਜ਼ਾਰ ਸਤਿਕਾਰੇ।

**ਲੇਖਕ : ਕਸ਼ਮੀਰ ਸਿੰਘ ਔਲਖ**
**ਸੰਪਰਕ: 98150-13623**

## ਖਾਸਾ ਵੱਡਾ ਹੰਕਾਰੀ

ਹੁੱਬ ਚੱਬ ਕੇ ਕਰੇ ਗੱਲ ਜਿਹੜਾ,
ਹੁੰਦਾ ਭਰਿਆ ਨਾਲ ਹੰਕਾਰ ਕਹਿੰਦੇ।
ਖਾਸਾ ਵੱਡਾ ਜੋ ਬੰਦਾ ਪਿਆ ਸਮਝੇ,
ਫਿਰੇ ਪਾਲ਼ੀ ਭਰਮ ਹਜ਼ਾਰ ਕਹਿੰਦੇ।
ਜਿਹੜਾ ਕਰੇ ਨਾ ਇੱਜ਼ਤ ਔਰਤਾਂ ਦੀ,
ਦਿਲ ਦਿਮਾਗੋਂ ਹੁੰਦਾ ਬਿਮਾਰ ਕਹਿੰਦੇ।
ਕੀਤੇ ਲੱਖ ਡਰਾਮੇ ਹੋਣ ਭਾਵੇਂ,
ਦੇਵੇ ਬੇਅਕਲੀ ਮੱਤ ਮਾਰ ਕਹਿੰਦੇ।
ਗੱਲ ਕਹਿ ਕੇ ਖਚਰੀ ਹੱਸੇ ਹਾਸੀ,
ਉਹਨੂੰ ਕੀ ਸਤਿਕਾਰ ਦੀ ਸਾਰ ਕਹਿੰਦੇ।
ਭਾਵੇਂ ਬਣਿਆਂ ਸਿਕੰਦਰ ਫਿਰੇ 'ਭਗਤਾ',
ਬਿਨ ਖਾਧੇ ਉਗਲੇ ਡਕਾਰ ਕਹਿੰਦੇ।
ਵੱਡਾ ਸਭ ਤੋਂ ਤਾਂ ਨਾਂਅ ਰੱਬ ਦਾ,
ਤੂੰ ਤਾਂ ਛਿੱਤਰਾਂ ਦੀ ਹੈਂ ਮਾਰ ਕਹਿੰਦੇ।
ਲੈਣਾ ਕਿਸੇ ਨਾ ਸਭਾ 'ਚ ਨਾਉਂ ਤੇਰਾ,
ਜਦ ਮਾਰ ਗਿਆ ਭੌਰ ਉਡਾਰ ਕਹਿੰਦੇ।

**ਲੇਖਕ : ਬਰਾੜ 'ਭਗਤਾ ਭਾਈ ਕਾ'**
**+1-604-751-1113**

## ਗ਼ਜ਼ਲ

ਵਿਛੜਨਾ ਪੈਣਾ ਹੈ ਆਖਿਰ,
ਇਹ ਤਾਂ ਗੱਲ ਮਾਲੂਮ ਸੀ
ਵਸਲ ਦੀ ਮੁਹਲਤ ਉਹ
ਦਿੰਦੇ ਵਕਤ ਪੂਰਾ ਸੂਮ ਸੀ।
ਫ਼ਾਸਲਾ ਮਿਣਨਾ ਉਨ੍ਹਾਂ
ਵਿਚਕਾਰ ਸੀ ਮੁਸ਼ਕਿਲ ਬੜਾ
ਗੱਲ ਜੇ ਦੂਰੀ ਦੀ ਕਰ
ਲਈਏ ਤਾਂ ਇੱਕੋ ਰੁਮ ਸੀ।
ਜਾਂ ਤਾਂ ਮੇਰੇ ਦਰਦ ਨੂੰ ਉਸ
ਨੇ ਹੀ ਹੌਲੇ ਵਿੱਚ ਲਿਆ
ਜਾਂ ਮੈਂ ਜ਼ਖ਼ਮਾਂ ਨੂੰ ਜ਼ਿਆਦਾ
ਕੀਤਾ ਹੋਇਆ ਜ਼ੂਮ ਸੀ।
ਉਹ ਕਟਹਿਰੇ ਵਿੱਚ ਖੜ੍ਹਾ
ਸੀ ਆਪਣੇ ਹੀ ਸਾਹਮਣੇ
ਜ਼ੁਲਮ ਵੀ ਕੀਤਾ ਸੀ ਖ਼ੁਦ 'ਤੇ,
ਖ਼ੁਦ ਹੀ ਉਹ ਮਜ਼ਲੂਮ ਸੀ।
ਹੁਣ ਗੁਣਾਂ, ਤਕਸੀਮ ਇਸ
'ਤੇ ਪੈ ਗਈ ਭਾਰੀ ਬਹੁਤ
ਆਪਣਾ ਰਿਸ਼ਤਾ ਵੀ ਬੱਚਿਆਂ
ਵਾਂਗਰਾਂ ਮਾਸੂਮ ਸੀ।
ਇਸ ਦਾ ਗ਼ਲੀਆਂ ਵਿੱਚ
ਜਨਾਜ਼ਾ ਕੱਢੀਏ ਫਿਰ ਤੋਂ ਚਲੋ
ਇਹ ਸਿਆਸਤ ਅੱਜ ਵੀ
ਤੇ ਕੱਲ੍ਹ ਵੀ ਮਰਹੂਮ ਸੀ।
ਕੌਣ ਅੱਗੇ ਆ ਕੇ ਪਰਦਾ
ਝੂਠ ਉੱਤੋਂ ਚੁੱਕਦਾ
ਸਾਰਿਆਂ ਨੂੰ ਆਪੋ ਆਪਣਾ
ਸੱਚ ਵੀ ਮਾਲੂਮ ਸੀ।

**ਲੇਖਕ: ਦਾਦਰ ਪੰਡੋਰਵੀ**
**ਸੰਪਰਕ: 0034602153704**

## ਕੌਤਕ

ਸੋਚ ਤੋਂ ਪਰ੍ਹੇ ਅਸਾਂ ਨੂੰ ਮਾਣ ਬਖ਼ਸ਼ਿਆ,
ਰਮ ਰੂਹ 'ਚ, ਖ਼ੁਦਾਈ ਓਸ ਆਪ ਕੀਤੀ।

ਰਹਿਮਤਾਂ ਤੋਂ ਪਾਰ ਸਾਡੀ ਝਾਤ ਹੈ ਨਹੀਂ,
ਸਾਡੀ ਸਜ਼ਾ ਉਸ ਮੁਆਫ਼ ਖ਼ੁਦ ਆਪ ਕੀਤੀ!

ਖਾਲੀ ਤੁਰੇ ਸਾਂ, ਅੰਗ-ਸੰਗ ਜਾਣ ਉਸ ਨੂੰ,
ਝੋਲੀ ਭਰਨ ਦੀ ਰਸਮ ਉਸ ਆਪ ਕੀਤੀ!

ਮੂੰਹੋਂ ਨਿਕਲੇ ਹਰਫ਼ ਹੋ ਗਏ ਸੋਨ ਰੰਗੇ
ਖੇਡ ਕੌਤਕ, ਦੀ ਜੋਧ! ਉਸ ਬਾਤ ਕੀਤੀ!

**ਲੇਖਕ : ਗੁਰਜੋਧ ਕੌਰ**

## ਅੱਥਰੂ

ਅੱਥਰੂਆਂ ਦਾ ਕੀ ਏ
ਇਹ ਪਲਕਾਂ 'ਤੇ ਬੈਠੇ ਹੀ ਰਹਿੰਦੇ।
ਕੋਈ ਬੁਲਾਏ ਤਾਂ ਸਹੀ
ਇੰਤਜ਼ਾਰ ਕਰਦੇ ਹੀ ਰਹਿੰਦੇ।
ਖ਼ੁਸ਼ੀ ਵਿੱਚ ਟੱਪਦੇ,
ਹੱਸਦੇ ਆਉਂਦੇ
ਹਾਸੇ ਖੇੜੇ ਵੰਡਦੇ
ਕੰਮ ਮੁਕਾ, ਫਿਰ ਪਲਕਾਂ
'ਤੇ ਜਾ ਬਹਿੰਦੇ।
ਦੁੱਖ ਦੇ ਅੱਥਰੂ,
ਕਰਨ ਡਾਢਾ ਵਿਰਲਾਪ
ਕਾਬੂ ਹੀ ਨ ਆਉਂਦੇ,
ਵਗਦੇ ਰਹਿੰਦੇ
ਆਪ ਰੋਂਦੇ, ਹੋਰਾਂ ਨੂੰ
ਰੁਆਉਂਦੇ ਰਹਿੰਦੇ।
ਸਭ ਤੋਂ ਮਾੜੇ,
ਮੱਗਰਮੱਛ ਦੇ ਅੱਥਰੂ
ਨਾਟਕਬਾਜ਼,
ਦਿਖਾਵੇ ਲਈ ਵਹਿੰਦੇ।
ਅੰਦਰੋਂ ਹੱਸਦੇ
ਤਰਸ ਨਾ ਕਰਿਓ,
ਧੋਖਾ ਦਿੰਦੇ ਰਹਿੰਦੇ
ਬੁੱਧੂ ਬਣਾ, ਨਵਾਂ ਸ਼ਿਕਾਰ
ਲੱਭਦੇ ਰਹਿੰਦੇ।
ਕੰਮ ਕਢਵਾਉਣ ਲਈ
ਐਂਵੇ ਹੀ ਅੱਖਾਂ ਗਿੱਲੀਆਂ
ਕਰਦੇ ਰਹਿੰਦੇ।

**ਲੇਖਕ : ਪੋਲੀ ਬਰਾੜ**

## ਮੰਨਿਆ ਵੀ ਕਰ

ਪੀਣੇ ਪੈਂਦੇ ਹੰਝੂ ਖਾਰੇ ਮੰਨਿਆ ਵੀ ਕਰ।
ਬੰਦਾ ਕਿਸਮਤ ਤੋਂ ਜਦ ਹਾਰੇ ਮੰਨਿਆ ਵੀ ਕਰ।
ਜਿੰਨਾ ਮਰਜ਼ੀ ਧਨ ਕਮਾ ਲਉ ਨਾਲ ਨਾ ਜਾਣਾ
ਖਾਲੀ ਹੱਥ ਹੀ ਜਾਂਦੇ ਸਾਰੇ ਮੰਨਿਆ ਵੀ ਕਰ।
ਮਿਹਨਤ ਕਰਿਆਂ ਤੈਨੂੰ ਜਦ ਹੈ ਸਭ ਕੁਝ ਮਿਲਦਾ
ਕਾਹਤੋਂ ਕਰਨੇ ਪੁੱਠੇ ਕਾਰੇ ਮੰਨਿਆ ਵੀ ਕਰ।
ਕੁਦਰਤ ਦੇ ਜੋ ਸਿਰਜੇ ਹੋਏ ਸੱਜਣਾ ਵਧੀਆ
ਅਪਣੀ ਥਾਂ 'ਤੇ ਮੌਸਮ ਚਾਰੇ ਮੰਨਿਆ ਵੀ ਕਰ।
ਪਰਦੇਸਾਂ ਤੋਂ ਵਾਪਸ ਆ ਕੇ ਸੀਨੇ ਨਾਲ ਲੱਗ ਕੇ
ਪੁੱਤ ਕਲੇਜਾ ਮਾਂ ਦਾ ਠਾਰੇ ਮੰਨਿਆ ਵੀ ਕਰ।
ਨੇਤਾਵਾਂ ਨੇ ਪੱਲੇ ਕੁਝ ਨਹੀਂ ਪਾਉਣਾ ਹੁੰਦਾ
ਇਨ੍ਹਾਂ ਪੱਲੇ ਕੇਵਲ ਲਾਰੇ ਮੰਨਿਆ ਵੀ ਕਰ।
ਗੱਲੀਂ ਬਾਤੀਂ ਆਸ਼ਕ ਤਾਰੇ ਤੋੜ ਲਿਆਉਂਦੇ
ਕਿਹੜਾ ਤੋੜਨ ਜਾਂਦਾ ਤਾਰੇ ਮੰਨਿਆ ਵੀ ਕਰ।
ਇਹ ਜੋ ਲੁੱਟਾਂ ਖੋਹਾਂ ਖ਼ੂਨ ਖਰਾਬਾ ਜਗ 'ਤੇ
ਦੌਲਤ ਸ਼ੋਹਰਤ ਦੇ ਸਭ ਕਾਰੇ ਮੰਨਿਆ ਵੀ ਕਰ।
ਰੋਟੀ ਤਾਂ ਮਿਲ ਸਕਦੀ ਸਭ ਨੂੰ ਥੋੜ੍ਹੇ ਨਾਲ ਹੀ
ਦੌਲਤ ਸ਼ੋਹਰਤ ਪਿੱਛੇ ਸਾਰੇ ਮੰਨਿਆ ਵੀ ਕਰ।

**ਲੇਖਕ : ਹਰਦੀਪ ਬਿਰਦੀ**
**ਸੰਪਰਕ: 90416-00900**

## ਗ਼ਜ਼ਲ

ਜੋ ਦਮ ਭਰਦੇ ਨੇ ਸਾਥ ਨਿਭਾਉਣ ਦਾ
ਉਨ੍ਹਾਂ ਦੇ ਵਾਅਦੇ ਨਹੀਂ ਝੂਠੇ ਲਾਰੇ ਹੁੰਦੇ
ਜੋ ਮਜ਼ਹਬਾਂ ਜਾਤਾਂ ਪਿੱਛੇ ਨੇ ਬਹਿਸ ਕਰਦੇ
ਉਹ ਲੋਕ ਧਰਮੀ ਨਹੀਂ ਹਤਿਆਰੇ ਹੁੰਦੇ

ਜੋ ਸਿਆਸਤ ਦੀ ਖੇਡ ਦੇ ਖਿਡਾਰੀ ਕਹਾਉਂਦੇ
ਉਨ੍ਹਾਂ ਦੇ ਸਾਲਾਂਬੱਧੀ ਜੇਲ੍ਹ 'ਚ ਗੁਜ਼ਾਰੇ ਹੁੰਦੇ
ਜੋ ਕੁੱਲੀਆਂ ਵਿੱਚ ਵਿਲਕਦੇ ਸਰੀਰ ਭੁੱਖੇ
ਕੁਝ ਗ਼ਰੀਬੀ, ਕੁਝ ਵਕਤ ਦੇ ਮਾਰੇ ਹੁੰਦੇ

ਜੋ ਢਿੱਡ ਭਰਨ ਲਈ ਸੜਕਾਂ 'ਤੇ ਰੋਟੀ ਲੱਭਦੇ
ਉਹ ਅਨਾਥ ਤਾਂ ਦੱਸੋ ਕਿਨ੍ਹਾਂ ਦੇ ਸਹਾਰੇ ਹੁੰਦੇ
'ਸੋਹੀ' ਦੇਸ਼ ਦੀ ਤਰੱਕੀ ਬਾਰੇ ਘੱਟ ਸੋਚਦੇ
ਲੁੱਟਣ ਵਾਲੇ ਇੱਕ ਨਹੀਂ, ਬਹੁਤ ਸਾਰੇ ਹੁੰਦੇ

**ਲੇਖਕ : ਗੁਰਮੀਤ ਸਿੰਘ ਸੋਹੀ**
**ਸੰਪਰਕ: 92179-81404**

## ਦਿਲ ਦੀ ਪੀੜ

ਦਿਲ ਦਿਆ ਮਹਿਰਮਾ ਵੇ,
ਸੁਣ ਮੇਰੀ ਪੀੜ ਨੂੰ।
ਹਿਜਰਾਂ ਦੀ ਛਾਵੇਂ ਰੱਖਾਂ,
ਰੁੱਸੀ ਤਕਦੀਰ ਨੂੰ।
ਦਿਲ ਦਿਆ ਮਹਿਰਮਾ ਵੇ,
ਸੁਣ ਮੇਰੀ ਪੀੜ ਨੂੰ ।
ਦਿਲ ਦਿਆ ਮਹਿਰਮਾ ਵੇ...।
ਉਮਰਾਂ ਦਾ ਸਾਥ ਮੇਰਾ,
ਸੁਪਨੇ 'ਚ ਰਹਿ ਗਿਆ।
ਰੂਹਾਂ ਵਾਲੀ ਪੀੜ ਇਹੋ,
ਦਿਲ ਮੇਰਾ ਸਹਿ ਗਿਆ।
ਤੋੜੀਂ ਨਾ ਤੂੰ ਚੰਨ ਮਾਹੀ,
ਪਿਆਰ ਦੀ ਜ਼ੰਜੀਰ ਨੂੰ।
ਦਿਲ ਦਿਆ ਮਹਿਰਮਾ ਵੇ,
ਸੁਣ ਮੇਰੀ ਪੀੜ ਨੂੰ।
ਹਿਜਰਾਂ ਦੀ ਛਾਵੇਂ ਰੱਖਾਂ,
ਰੁੱਸੀ ਤਕਦੀਰ ਨੂੰ।
ਦਿਲ ਦਿਆ ਮਹਿਰਮਾ ਵੇ...।
ਮੁੱਕਣਾ ਨਹੀਂ ਪੰਧ ਇਹੋ,
ਦੂਰੀਆਂ ਦੇ ਵੇਗ ਦਾ।
ਜਿੰਦਗੀ 'ਚ ਆਏ ਮੇਰੇ,
ਦਰਦ ਹਨੇਰ ਦਾ।
ਜਿੰਦ ਮੇਰੀ ਚੜ੍ਹ ਚੱਲੀ,
ਇਸ਼ਕ ਸਲੀਬ ਨੂੰ।
ਦਿਲ ਦਿਆ ਮਹਿਰਮਾ ਵੇ,
ਸੁਣ ਮੇਰੀ ਪੀੜ ਨੂੰ।
ਹਿਜਰਾਂ ਦੀ ਛਾਵੇਂ ਰੱਖਾਂ,
ਰੁੱਸੀ ਤਕਦੀਰ ਨੂੰ।
ਦਿਲ ਦਿਆ ਮਹਿਰਮਾ ਵੇ...।

**ਲੇਖਕ : ਕਰਮਜੀਤ ਕੌਰ**

## ਸਾਂਝ

ਅਮੀਰ-ਗ਼ਰੀਬ, ਜ਼ਾਤ-ਪਾਤ
ਦਾ ਪਾੜਾ ਮੁੱਕ ਜਾਏ।
ਧਰਮ ਦੇ ਨਾਂ 'ਤੇ ਹੁੰਦਾ,
ਹਮਲਾ ਹਾੜਾ ਮੁੱਕ ਜਾਏ।
ਸੰਘਣੀਆਂ ਤੇ ਠੰਢੀਆਂ ਛਾਵਾਂ
ਬਖ਼ਸ਼ੀ ਰੁੱਖਾਂ ਨੂੰ।
ਜਿਨ੍ਹਾਂ 'ਚ ਵਸਦੀਆਂ ਧੀਆਂ,
ਸਲਾਮਤ ਰੱਖੀਂ ਕੁੱਖਾਂ ਨੂੰ।
ਮਾਂ-ਬਾਪ, ਬਜ਼ੁਰਗਾਂ ਦਾ
ਰੱਖਣ ਖਿਆਲ,
ਐਸਾ ਅਦਬ, ਰੱਬਾ ਬਖ਼ਸ਼ੀ ਪੁੱਤਾਂ ਨੂੰ।
ਏਕਾ ਭਾਈਚਾਰਾ ਵਧ
ਜਾਵੇ ਲੋਕਾਂ 'ਚ,
ਮੁੜ ਭਾਗ ਲੱਗਣ, ਮੇਰੇ
ਪਿੰਡ ਦੀਆਂ ਸੱਥਾਂ ਨੂੰ।
ਖ਼ਤਮ ਹੋ ਜਾਵੇ, ਇਹ
ਨਫ਼ਰਤ ਦਾ ਭਾਂਬੜ,
'ਟਿਵਾਣੇ' ਮੋੜ ਲਿਆਵੇ ਕੋਈ,
ਪਿਆਰ ਦੀਆਂ ਰੁੱਤਾਂ ਨੂੰ।

**ਲੇਖਕ : ਗੁਰਜੀਤ ਸਿੰਘ ਟਿਵਾਣਾ**
**ਸੰਪਰਕ: 94632-89684**

## ਪਰਦੇਸੀ ਪੰਜਾਬ

ਵਿਦੇਸ਼ ਜਾ ਵਸ ਜਾਣ ਦੀ ਦੌੜ ਨੇ
ਜੋ ਦਿਲ ਨੂੰ ਦਿੱਤਾ ਹੁਲਾਰਾ ਏ,
ਪੈਸੇ ਕਮਾਉਣ ਦੇ ਲਾਲਚ ਵੱਸ
ਪੰਜਾਬ ਪਰਦੇਸੀ ਹੋ ਗਿਆ ਸਾਰਾ ਏ

ਖੇਤੀ ਸੰਦਾਂ ਦੀ ਕੋਈ ਬਾਤ ਨਾ ਪੁੱਛੇ,
ਜ਼ਮੀਨਾਂ ਸਭ ਜਾ ਗਹਿਣੇ ਧਰੀਆਂ,
ਤੌੜਾਂ ਦੇ ਵਿੱਚ ਰੌਣਕ ਨੂੰ ਤਰਸਣ,
ਜੋ ਡੇਕਾਂ ਟਾਹਲੀਆਂ ਖੜ੍ਹੀਆਂ

ਇੱਥੇ ਕਿੱਲਿਆਂ ਦੇ ਮਾਲਕ ਸੀ,
ਉੱਥੇ ਰਹੇ ਸਦਾ ਰੈਂਟ ਬੁੜਿਆ,
ਪੰਜਾਬ ਦੇ ਪਿੰਡ ਖਾਲੀ ਕਰ ਗਈ ਜਵਾਨੀ,
ਅੱਜ ਤੱਕ ਨਾ ਕੋਈ ਪਿੰਡ ਮੁੜਿਆ

**ਲੇਖਕ : ਕੁਲਜਿੰਦਰ ਕੌਰ ਕੰਗ**

# ਨਾਰੀ ਸੰਸਾਰ



# ਖਾਣਾ ਖਵਾਉਣ ਦਾ ਵੀ ਹੁੰਦਾ ਹੈ ਸਲੀਕਾ

**ਖਾਣਾ ਖਾਣ ਅਤੇ ਖਵਾਉਣ ਦੇ ਪੱਧਰ ਨੂੰ ਬਣਾਈ ਰੱਖਣਾ ਜ਼ਰੂਰੀ ਹੈ ਪਰ ਕਿਵੇਂ? ਇਹੀ ਸਵਾਲ ਸ਼ਾਇਦ ਤੁਸੀਂ ਪੁੱਛ ਰਹੇ ਹੋਵੋਗੇ। ਫਿਰ ਆਓ ਅਸੀਂ ਦੱਸੀਏ ਖਾਣਾ ਖਾਣ ਅਤੇ ਖਵਾਉਣ ਦੇ ਕੁਝ ਤੌਰ-ਤਰੀਕੇ-**

* ਤੁਸੀਂ ਖਾਣਾ ਪਰਿਵਾਰ ਦੇ ਮੈਂਬਰਾਂ ਨੂੰ ਖਵਾਓ ਜਾਂ ਮਹਿਮਾਨਾਂ ਨੂੰ, ਖਵਾਓ ਤਾਂ ਸਲੀਕੇ ਨਾਲ ਹੀ, ਨਹੀਂ ਤਾਂ ਜਿਵੇਂ-ਤਿਵੇਂ ਖਵਾ ਕੇ ਤੁਸੀਂ ਆਪਣੀ ਅਸੱਭਿਅਤਾ ਹੀ ਪ੍ਰਦਰਸ਼ਤ ਕਰੋਗੇ। ਤੁਸੀਂ ਖਾਣਾ ਜ਼ਮੀਨ 'ਤੇ ਖਵਾਓ ਜਾਂ ਮੇਜ਼ 'ਤੇ ਪਰ ਭੋਜਨ ਪਰੋਸਣ ਤੋਂ ਪਹਿਲਾਂ ਉਸ ਜਗ੍ਹਾ ਦੀ ਸਫ਼ਾਈ ਜ਼ਰੂਰ ਕਰ ਲਓ। ਅਜਿਹਾ ਨਾ ਕਰਨ 'ਤੇ ਖਾਣਾ ਕਿੰਨਾ ਵੀ ਚੰਗਾ ਕਿਉਂ ਨਾ ਬਣਿਆ ਹੋਇਆ ਹੋਵੇ, ਉਸ ਦਾ ਮਜ਼ਾ ਤਾਂ ਬਿਲਕੁਲ ਹੀ ਨਹੀਂ ਮਿਲ ਸਕੇਗਾ, ਕਿਉਂਕਿ ਸਫ਼ਾਈ ਵਿਚ ਅਤੇ ਗੰਦਗੀ ਵਿਚ ਖਾਣੇ ਦਾ ਅਸਰ ਦਿਮਾਗ 'ਤੇ ਵੱਖ-ਵੱਖ ਪੈਂਦਾ ਹੈ। ਜੇ ਸਫ਼ਾਈ ਪਸੰਦ ਲੋਕ ਗੰਦਗੀ ਵਿਚ ਖਾਣਾ ਖਾਣਗੇ ਤਾਂ ਉਹ ਭੁੱਖ ਲੱਗਣ 'ਤੇ ਵੀ ਖਾਣਾ ਤਾਂ ਘੱਟ ਖਾਣਗੇ ਹੀ, ਨਾਲ ਹੀ ਇਸ ਦਾ ਸਿਹਤ 'ਤੇ ਵੀ ਉਲਟ ਅਸਰ ਪਵੇਗਾ। ਇਸ ਲਈ ਖਾਣਾ ਪਰੋਸਦੇ ਸਮੇਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖੋ।
* ਅਕਸਰ ਅਜਿਹਾ ਦੇਖਣ ਵਿਚ ਆਉਂਦਾ ਹੈ ਕਿ ਖਾਣਾ ਤਾਂ ਲੋਕ ਮੇਜ਼ 'ਤੇ ਪਰੋਸ ਦਿੰਦੇ ਹਨ ਪਰ ਪਾਣੀ ਦੇਣਾ ਭੁੱਲ ਜਾਂਦੇ ਹਨ। ਕੁਝ ਲੋਕ ਤਾਂ ਅਜਿਹਾ ਜਾਣਬੁੱਝ ਕੇ ਕਰਦੇ ਹਨ। ਬੱਚਿਆਂ ਦੇ ਨਾਲ ਤਾਂ ਅਜਿਹੀਆਂ ਗੱਲਾਂ ਹੁੰਦੀਆਂ ਹੀ ਰਹਿੰਦੀਆਂ ਹਨ। ਵੱਡੇ ਲੋਕਾਂ ਦੇ ਨਾਲ ਵੀ ਅਜਿਹੀਆਂ ਗੱਲਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ ਜਿਸ ਨੂੰ ਠੀਕ ਨਹੀਂ ਕਿਹਾ ਜਾ ਸਕਦਾ। ਇਸ ਲਈ ਖਾਣਾ ਖਵਾਉਣ ਦੇ ਕੰਮ ਵਿਚ ਪਾਣੀ ਦੇਣਾ ਨਾ ਭੁੱਲੋ। ਹੋ ਸਕੇ ਤਾਂ ਪਾਣੀ ਗਿਲਾਸ ਦੇ ਨਾਲ ਜੱਗ ਵਿਚ ਵੀ ਰੱਖ ਦਿਓ ਤਾਂ ਕਿ ਤੁਹਾਨੂੰ ਵਾਰ-ਵਾਰ ਦੌੜਨਾ ਨਾ ਪਵੇ।
* ਖਾਣਾ ਖਵਾਉਂਦੇ ਸਮੇਂ ਸੰਕੋਚ ਨਾ ਕਰੋ। ਮਹਿਮਾਨਾਂ ਨੂੰ ਖਾਣਾ ਠੀਕ ਤਰ੍ਹਾਂ ਤਾਂ ਖਵਾਓ ਪਰ ਜ਼ਬਰਦਸਤੀ ਨਾ ਕਰੋ। ਕਦੇ-ਕਦੇ ਤਾਂ ਅਜਿਹਾ ਦੇਖਿਆ ਜਾਂਦਾ ਹੈ ਕਿ ਕੁਝ ਲੋਕ ਖਾਣਾ ਤਾਂ ਪਰੋਸ ਦਿੰਦੇ ਹਨ ਅਤੇ ਖੁਦ ਕਿਤੇ ਗਾਇਬ ਹੋ ਜਾਂਦੇ ਹਨ। ਅਜਿਹੇ ਵਿਚ ਖਾਣ ਵਾਲੇ ਠੀਕ ਤਰ੍ਹਾਂ ਖਾ ਵੀ ਨਹੀਂ ਸਕਦੇ। ਅਜਿਹਾ ਕਰਨਾ ਤੁਹਾਡੀ ਅਸ਼ੋਭਨੀਯ ਹਰਕਤ ਮੰਨੀ ਜਾਵੇਗੀ, ਇਸ ਲਈ ਅਜਿਹਾ ਕਦੇ ਨਾ ਕਰੋ।
* ਕੁਝ ਲੋਕਾਂ ਨੂੰ ਦੇਖਿਆ ਜਾਂਦਾ ਹੈ ਕਿ ਖਾਣਾ ਇਕ ਹੀ ਥਾਲੀ ਵਿਚ ਪਰੋਸ ਦਿੰਦੇ ਹਨ, ਚਾਹੇ ਉਹ ਪਰਿਵਾਰ ਦਾ ਮੈਂਬਰ ਹੋਵੇ ਜਾਂ ਮਹਿਮਾਨ। ਭਾਂਡਿਆਂ ਦੀ ਕਮੀ ਕਾਰਨ ਤਾਂ ਅਜਿਹਾ ਕੀਤਾ ਜਾ ਸਕਦਾ ਹੈ ਪਰ ਭਾਂਡਿਆਂ ਦੇ ਹੁੰਦੇ ਹੋਏ ਇਸ ਢੰਗ ਨਾਲ ਕੋਈ ਖਾਣਾ ਖਵਾਏ ਤਾਂ ਇਸ ਨੂੰ ਨਾਦਾਨੀ ਹੀ ਮੰਨਿਆ ਜਾਵੇਗਾ। ਖਾਣਾ ਪਰੋਸੋ ਵੀ ਥਾਲੀ ਜਾਂ ਪਲੇਟ ਵਿਚ ਸਜਾ ਕੇ, ਨਹੀਂ ਤਾਂ ਦੇਖਣ ਵਿਚ ਵੀ ਭੱਦਾ ਲੱਗੇਗਾ।
* ਕਦੇ-ਕਦੇ ਅਜਿਹਾ ਵੀ ਦੇਖਿਆ ਜਾਂਦਾ ਹੈ ਕਿ ਮਹਿਮਾਨਾਂ ਦੇ ਆਉਣ 'ਤੇ ਪਰਿਵਾਰ ਦੇ ਹੀ ਕੁਝ ਮੈਂਬਰ ਜਦੋਂ ਨਾਲ ਖਾਣ ਬੈਠਦੇ ਹਨ ਤਾਂ ਉਨ੍ਹਾਂ ਨੂੰ ਕੁਝ ਨਾ ਦੇ ਕੇ ਕਹਿ ਦਿੰਦੇ ਹਨ ਕਿ ਜੋ ਕੁਝ ਲੈਣਾ ਹੈ, ਆ ਕੇ ਲੈ ਜਾਓ। ਅਜਿਹਾ ਕਰ ਕੇ ਮਹਿਮਾਨਾਂ ਦੇ ਸਾਹਮਣੇ ਉਸ ਵਿਅਕਤੀ ਦੀ ਅੱਖੋਂ-ਪਰੋਖੀ ਤਾਂ ਹੁੰਦੀ ਹੀ ਹੈ, ਨਾਲ ਹੀ ਉਹ ਵੀ ਮਹਿਮਾਨਾਂ ਦੀਆਂ ਨਜ਼ਰਾਂ ਵਿਚ ਅਸੱਭਿਆ ਪ੍ਰਤੀਤ ਹੁੰਦੇ ਹਨ। ਜੇ ਇਹੀ ਵਰਤਾਓ ਤੁਹਾਡੇ ਨਾਲ ਕੀਤਾ ਜਾਵੇ ਤਾਂ ਕਿਵੇਂ ਲੱਗੇਗਾ?
* ਕੁਝ ਲੋਕਾਂ ਨੂੰ ਦੇਖਿਆ ਜਾਂਦਾ ਹੈ ਕਿ ਉਹ ਖਾਣਾ ਤਾਂ ਮੇਜ਼ 'ਤੇ ਪਰੋਸ ਦਿੰਦੇ ਹਨ ਪਰ ਖਾਣੇ ਤੋਂ ਬਾਅਦ ਭਾਂਡੇ ਲਿਜਾਣੇ ਭੁੱਲ ਜਾਂਦੇ ਹਨ। ਇਸ ਲਈ ਭੁਲੱਕੜ ਬਣਨ ਦੀ ਕੋਸ਼ਿਸ਼ ਨਾ ਕਰੋ।
* ਕਈ ਲੋਕਾਂ ਨੂੰ ਦੇਖਿਆ ਜਾਂਦਾ ਹੈ ਕਿ ਆਪਣੇ ਘਰ ਵਿਚ ਖਾਣਾ ਖਾਣ ਤੋਂ ਬਾਅਦ ਥਾਲੀ ਵਿਚ ਹੀ ਹੱਥ-ਮੂੰਹ ਧੋ ਕੇ ਪਾਣੀ ਡੋਲ੍ਹ ਦਿੰਦੇ ਹਨ ਅਤੇ ਥਾਲੀ ਨੂੰ ਵੀ ਪਾਣੀ ਨਾਲ ਭਰ ਦਿੰਦੇ ਹਨ। ਅਜਿਹਾ ਕਰਨ ਨਾਲ ਘਿਰਣਾ ਤਾਂ ਵਧ ਹੀ ਜਾਂਦੀ ਹੈ, ਨਾਲ ਹੀ ਥਾਲੀ ਚੁੱਕ ਕੇ ਲਿਜਾਂਦੇ ਸਮੇਂ ਪਾਣੀ ਜ਼ਮੀਨ 'ਤੇ ਹੀ ਡਿਗ ਜਾਂਦਾ ਹੈ। ਇਸ ਲਈ ਜਦੋਂ ਮਹਿਮਾਨਾਂ ਦਾ ਭੋਜਨ ਹੋਵੇ ਤਾਂ ਖਾਣੇ ਤੋਂ ਬਾਅਦ ਹੱਥ-ਮੂੰਹ ਬੇਸਿਨ ਵਿਚ ਹੀ ਧੋਵੋ ਤਾਂ ਚੰਗਾ ਰਹੇਗਾ। ਇਹ ਸੱਭਿਅਤਾ ਦੀ ਨਿਸ਼ਾਨੀ ਹੈ।
* ਅਖੀਰ ਵਿਚ ਇਕ ਗੱਲ ਦਾ ਧਿਆਨ ਜ਼ਰੂਰ ਰੱਖੋ। ਮਹਿਮਾਨ ਜੇ ਖਾ ਰਹੇ ਹੋਣ ਤਾਂ ਖਾਣੇ ਤੋਂ ਬਾਅਦ ਹੱਥ-ਮੂੰਹ ਪੂੰਝਣ ਲਈ ਤੌਲੀਆ ਜ਼ਰੂਰ ਰੱਖੋ, ਤਾਂ ਕਿ ਉਨ੍ਹਾਂ ਨੂੰ ਰੁਮਾਲ ਨਾ ਕੱਢਣਾ ਪਵੇ। ਹੋ ਸਕੇ ਤਾਂ ਨੈਪਕਿਨ ਹੋਲਡਰ ਵਿਚ ਨੈਪਕਿਨ ਰੱਖੋ।

ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰੱਖਣ ਤੋਂ ਬਾਅਦ ਤੁਸੀਂ ਇਸ ਸਬੰਧ ਵਿਚ ਆਪਣੇ-ਆਪ ਨੂੰ ਤਰੁੱਟੀਹੀਣ ਪਾਓਗੇ, ਜੋ ਤੁਹਾਡੇ ਲਈ ਮਾਣ ਵਾਲੀ ਗੱਲ ਹੋਵੇਗੀ ਅਤੇ ਖਾਣ ਵਾਲਿਆਂ ਨੂੰ ਵੀ ਖੁਸ਼ੀ ਹੋਵੇਗੀ।

## ਬਣੋ ਹਰਮਨ ਪਿਆਰੇ

**ਲੇਖਕ : ਮਹਿੰਦਰ ਸਿੰਘ ਬਾਜਵਾ**

ਅਕਸਰ ਦੇਖਣ ਵਿਚ ਆਉਂਦਾ ਹੈ ਕਿ ਘਰ ਵਿਚ ਆਈ ਸਜ-ਵਿਆਹੀ ਬਹੂ ਨੂੰ ਗਲੀ-ਗੁਆਂਢ ਅਤੇ ਰਿਸ਼ਤੇਦਾਰ ਔਰਤਾਂ ਮਿਲਣ ਲਈ ਆਉਂਦੀਆਂ ਹਨ। ਸ਼ਗਨ ਦੇ ਤੌਰ 'ਤੇ ਉਸ ਨੂੰ ਕੁਝ ਪੈਸੇ ਵੀ ਦਿੰਦੀਆਂ ਹਨ। ਏਨਾ ਹੀ ਨਹੀਂ, ਸਗੋਂ ਉਸ ਦੀ ਗੱਲਬਾਤ ਤੋਂ ਉਸ ਦੀ ਅਕਲਮੰਦੀ ਅਤੇ ਸਲੀਕੇ ਦੀ ਪਰਖ ਵੀ ਕਰਦੀਆਂ ਹਨ। ਫਿਰ ਘਰਾਂ 'ਚ ਉਸ ਦੇ ਕਾਰ-ਵਿਹਾਰ ਅਤੇ ਵਤੀਰੇ ਬਾਰੇ ਚਰਚਾ ਵੀ ਹੁੰਦੀ ਹੈ। ਆਪਣੀ-ਆਪਣੀ ਰਾਇ ਵੀ ਦਿੱਤੀ ਜਾਂਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰ ਵਿਅਕਤੀ ਦਾ ਸੁਭਾਅ ਵੱਖਰਾ-ਵੱਖਰਾ ਹੈ। ਤਿੱਖਾ ਵੀ ਅਤੇ ਮਿੱਠਾ ਵੀ। ਪਰ ਇਸ ਸਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬਚਪਨ ਵਿਚ ਮਾਪਿਆਂ, ਅਧਿਆਪਕਾਂ ਅਤੇ ਸਾਥੀ ਦੋਸਤਾਂ-ਮਿੱਤਰਾਂ ਤੋਂ ਮਿਲੀ ਚੰਗੀ ਸਿੱਖਿਆ ਸਾਨੂੰ ਜ਼ਿੰਦਗੀ ਵਿਚ ਚੰਗੀ ਅਤੇ ਗੁਣਕਾਰੀ ਸੇਧ ਦਿੰਦੀ ਹੈ। ਛੋਟਿਆਂ ਨਾਲ ਪਿਆਰ ਕਰਨਾ ਅਤੇ ਵੱਡਿਆਂ ਦਾ ਸਤਿਕਾਰ ਕਰਨਾ ਇਕ ਉਹ ਗੁਣ ਹੈ, ਜਿਸ ਵਿਚ ਕਾਮਯਾਬ ਜ਼ਿੰਦਗੀ ਦਾ ਰਾਜ਼ ਛੁਪਿਆ ਹੋਇਆ ਹੈ। ਕਿਸੇ ਦੇ ਕੰਮ ਆਉਣ ਦਾ ਜਜ਼ਬਾ ਅਤੇ ਵੱਡੇ ਬਜ਼ੁਰਗਾਂ ਤੋਂ ਅਸੀਸਾਂ ਲੈਣ ਦੀ ਕਲਾ ਸਾਨੂੰ ਬਚਪਨ ਵਿਚ ਹੀ ਸਿੱਖਣੀ ਚਾਹੀਦੀ ਹੈ।

ਅੱਜ ਸਾਡੇ ਸਮਾਜ ਵਿਚ ਬਹੁਤ ਸਾਰੀਆਂ ਮੰਦਭਾਗੀਆਂ ਧਾਰਨਾਵਾਂ ਘਰ ਕਰ ਚੁੱਕੀਆਂ ਹਨ, ਜਿਨ੍ਹਾਂ ਵਿਚੋਂ ਸਭ ਤੋਂ ਵੱਧ ਖ਼ਤਰਨਾਕ ਦਾਜ ਅਤੇ ਵਿਆਹ-ਸ਼ਾਦੀਆਂ 'ਤੇ ਬੇਤਹਾਸ਼ਾ ਖਰਚ ਕਰਨਾ ਹੈ। ਇਹ ਸਭ ਕੁਝ ਵੇਖੋ-ਵੇਖੀ ਫੋਕੀ ਸ਼ੁਹਰਤ ਹਾਸਲ ਕਰਨ ਲਈ ਕੀਤਾ ਜਾ ਰਿਹਾ ਹੈ। ਜਿਸ ਦੀ ਜੇਬ ਇਜਾਜ਼ਤ ਦਿੰਦੀ ਹੈ, ਉਹ ਤਾਂ ਪੈਲੇਸ ਵਿਚ ਮਹਿੰਗੇ ਵਿਆਹ ਕਰ ਸਕਦਾ ਹੈ ਪਰ ਜਿਸ ਨੇ ਕਰਜ਼ਾ ਲੈ ਕੇ ਜਾਂ ਜ਼ਮੀਨ-ਜਾਇਦਾਦ ਵੇਚ ਕੇ ਇਹ ਕਾਰਜ ਪੂਰੇ ਕਰਨੇ ਹਨ, ਉਸ ਲਈ ਬਾਕੀ ਰਹਿੰਦਾ ਜੀਵਨ ਦੁੱਖਾਂ ਦੇ ਵੱਸ ਪੈ ਜਾਂਦਾ ਹੈ। ਨੋਟਬੰਦੀ ਦੇ ਦਿਨਾਂ 'ਚ ਇਕ ਕਿਸਾਨ ਨੇ ਆਪਣੀ ਬੇਟੀ ਦਾ ਵਿਆਹ ਰੱਖਿਆ ਹੋਇਆ ਸੀ। ਉਹ ਆੜ੍ਹਤੀ ਕੋਲੋਂ 5 ਲੱਖ ਦਾ ਕਰਜ਼ਾ ਲੈਣ ਲਈ ਗਿਆ, ਪੈਸੇ ਕਿਥੋਂ ਮਿਲਣੇ ਸਨ, ਉਨ੍ਹਾਂ ਦਿਨਾਂ 'ਚ ਤਾਂ ਦੋ ਹਜ਼ਾਰ ਤੋਂ ਵੱਧ ਮਿਲਦੇ ਹੀ ਨਹੀਂ ਸਨ। ਖਾਲੀ ਹੱਥ ਘਰ ਆ ਕੇ ਉਸ ਕਿਸਾਨ ਨੇ ਖੁਦਕੁਸ਼ੀ ਕਰ ਲਈ। ਇਸੇ ਤਰ੍ਹਾਂ ਨਸ਼ਿਆਂ ਦੇ ਨਾਗ ਨੇ ਪੰਜਾਬ ਨੂੰ ਹੀ ਨਹੀਂ, ਸਾਰੇ ਭਾਰਤ ਨੂੰ ਹੀ ਆਪਣੀ ਜਕੜ ਵਿਚ ਲਿਆ ਹੋਇਆ ਹੈ। ਨਸ਼ੇ ਦੀ ਵੱਧ ਮਾਤਰਾ ਲੈ ਕੇ ਮਰਨ ਦੀਆਂ ਖ਼ਬਰਾਂ ਰੋਜ਼ ਅਖ਼ਬਾਰਾਂ ਵਿਚ ਛਪ ਰਹੀਆਂ ਹਨ। ਇਨ੍ਹਾਂ ਸਮਾਜਿਕ ਬੁਰਾਈਆਂ ਨੂੰ ਰੋਕਣ ਲਈ ਔਰਤਾਂ ਆਪਣਾ ਭਰਪੂਰ ਯੋਗਦਾਨ ਪਾ ਸਕਦੀਆਂ ਹਨ। ਦੂਰ ਜਾਣ ਦੀ ਲੋੜ ਨਹੀਂ, ਆਪਣੇ ਗਲੀ-ਮੁਹੱਲੇ ਜਾਂ ਪਿੰਡ ਵਿਚ ਇਸਤਰੀ ਸਭਾਵਾਂ ਬਣਾ ਕੇ ਸਮਾਜ ਭਲਾਈ ਦੇ ਕੰਮ ਕੀਤੇ ਜਾ ਸਕਦੇ ਹਨ।

**- ਮੋਬਾ: 99157-31345**

# ਸਰਦੀਆਂ ਵਿਚ ਦੇ ਮੌਸਮ ਵਿੱਚ ਚਮੜੀ ਦਾ ਰੱਖੋ ਖ਼ਾਸ ਖਿਆਲ

**ਲੇਖਕ : ਸ਼ਹਿਨਾਜ਼ ਹੂਸੈਨ**

ਸਰਦੀਆਂ ਦੀਆਂ ਛੁੱਟੀਆਂ ਵਿਚ ਕੁਝ ਹੀ ਦਿਨ ਬਾਕੀ ਬਚੇ ਹਨ। ਸਾਲ ਭਰ ਬਚਾਅ ਕੇ ਰੱਖੀਆਂ ਛੁੱਟੀਆਂ ਦੇ ਨਿਪਟਾਰੇ, ਸ਼ਹਿਰਾਂ ਵਿਚ ਪ੍ਰਦੂਸ਼ਣ ਦੀ ਮਾਰ, ਕ੍ਰਿਸਮਿਸ ਵਰਗੇ ਤਿਉਹਾਰਾਂ ਵਿਚ ਬੱਚਿਆਂ ਦੀ ਬਾਹਰ ਜਾਣ ਦੀ ਜ਼ਿਦ ਅਤੇ ਇਕ ਹੀ ਜਗ੍ਹਾ ਦੀ ਉਬਾਊ ਜ਼ਿੰਦਗੀ ਵਿਚ ਨਵਾਂਪਨ ਅਤੇ ਤਾਜ਼ਗੀ ਲਿਆਉਣ ਲਈ ਅਸੀਂ ਅਕਸਰ ਪਹਾੜਾਂ 'ਤੇ ਬਰਫ਼ਬਾਰੀ ਜਾਂ ਸਮੁੰਦਰ ਦੀਆਂ ਲਹਿਰਾਂ ਦਾ ਆਨੰਦ ਉਠਾਉਣ ਲਈ ਕੁਝ ਦਿਨਾਂ ਲਈ ਘਰੋਂ ਬਾਹਰ ਸੈਰ ਸਪਾਟੇ ਲਈ ਨਿਕਲਦੇ ਹਾਂ। ਹਾਲਾਂਕਿ ਸਾਮਾਨ ਦੀ ਪੈਕਿੰਗ ਵਿਚ ਦਵਾਈਆਂ, ਸਨੈਕਸ, ਕੱਪੜਿਆਂ ਆਦਿ 'ਤੇ ਪੂਰਾ ਧਿਆਨ ਰਹਿੰਦਾ ਹੈ ਪਰ ਅਕਸਰ ਆਪਣੀ ਚਮੜੀ, ਵਾਲਾਂ ਅਤੇ ਸੁੰਦਰਤਾ ਜ਼ਰੂਰਤਾਂ ਦੀ ਜ਼ਿਆਦਾਤਰ ਅਣਦੇਖੀ ਕਰ ਦਿੰਦੇ ਹਾਂ। ਹੁਣ ਜਦੋਂ ਕਿ ਸਰਦੀਆਂ ਦੀਆਂ ਛੁੱਟੀਆਂ ਦਾ ਸੀਜ਼ਨ ਨਜ਼ਦੀਕ ਪਹੁੰਚ ਗਿਆ ਹੈ ਅਤੇ ਤੁਸੀਂ ਪਹਾੜਾਂ ਅਤੇ ਸਮੁੰਦਰੀ ਤੱਟਾਂ 'ਤੇ ਕੁਝ ਆਰਾਮਦਾਇਕ ਸਕੂਨ ਨਾਲ ਭਰੇ ਪਲ ਗੁਜ਼ਾਰਨ ਦਾ ਪ੍ਰੋਗਰਾਮ ਬਣਾ ਰਹੇ ਹੋ ਤਾਂ ਇਸ ਗੱਲ ਦਾ ਵੀ ਧਿਆਨ ਰੱਖੋ ਕਿ ਸੁੰਦਰਤਾ ਦੇ ਲਿਹਾਜ਼ ਨਾਲ ਬਰਫ਼ੀਲੀਆਂ ਹਵਾਵਾਂ, ਕੰਬਣ ਲਾ ਦੇਣ ਵਾਲੀ ਠੰਢਕ ਅਤੇ ਮੌਸਮ ਵਿਚ ਨਮੀ ਦੀ ਕਮੀ ਸਾਡੀ ਚਮੜੀ ਨੂੰ ਸਭ ਤੋਂ ਜ਼ਿਆਦਾ ਨੁਕਸਾਨ ਪਹੁੰਚਾਉਂਦੀ ਹੈ ਅਤੇ ਸਮੁੰਦਰੀ ਤੱਟਾਂ ਅਤੇ ਪਹਾੜਾਂ ਦੀ ਬਰਫ਼ ਦੀਆਂ ਪਾਰਦਰਸ਼ੀ ਸਤਹਾਂ 'ਤੇ ਸੂਰਜ ਦੀਆਂ ਕਿਰਨਾਂ ਮੈਦਾਨੀ ਇਲਾਕਿਆਂ ਦੀ ਬਜਾਏ ਜ਼ਿਆਦਾ ਤੇਜ਼ ਹੁੰਦੀਆਂ ਹਨ, ਜਿਸ ਨਾਲ ਤੁਹਾਡੀ ਚਮੜੀ ਵਿਚ ਜਲਣ, ਕਾਲਾਪਨ, ਸਨਬਰਨ ਅਤੇ ਮੁਹਾਸੇ ਆਦਿ ਵਰਗੀਆਂ ਸੁੰਦਰਤਾ ਸਮੱਸਿਆਵਾਂ ਉਗਰ ਰੂਪ ਧਾਰਨ ਕਰ ਸਕਦੀਆਂ ਹਨ।

ਸਰਦੀਆਂ ਵਿਚ ਨਾਰੀਅਲ ਤੇਲ ਚਮੜੀ ਨੂੰ ਸਭ ਤੋਂ ਜ਼ਿਆਦਾ ਬਿਹਤਰ ਨਮੀ ਪ੍ਰਦਾਨ ਕਰਦਾ ਹੈ ਪਰ ਜੇ ਤੁਹਾਨੂੰ ਨਾਰੀਅਲ ਤੇਲ ਤੋਂ ਅਲਰਜੀ ਹੈ ਜਾਂ ਤੁਸੀਂ ਇਸ ਨੂੰ ਜ਼ਿਆਦਾ ਚਿਪਚਿਪਾ ਮੰਨਦੇ ਹੋ ਤਾਂ ਤੁਸੀਂ ਜੈਤੂਨ ਦਾ ਤੇਲ ਜਾਂ ਕੋਕੁਮ ਤੇਲ ਵਰਤ ਸਕਦੇ ਹੋ, ਕਿਉਂਕਿ ਇਹ ਦੋਵੇਂ ਹੀ ਤੇਲ ਕਾਫੀ ਹਲਕੇ ਹੁੰਦੇ ਹਨ ਅਤੇ ਚਮੜੀ ਵਿਚ ਚਿਪਚਿਪਾਹਟ ਨਹੀਂ ਲਿਆਉਂਦੇ। ਸਰਦੀਆਂ ਵਿਚ ਯਾਤਰਾ ਦੌਰਾਨ ਆਪਣੇ ਸਰੀਰ ਦੀ ਅੰਤਰਿਕ ਨਮੀ ਬਣਾਈ ਰੱਖਣ ਲਈ ਭਰਪੂਰ ਮਾਤਰਾ ਵਿਚ ਪਾਣੀ ਪੀਓ। ਜਦੋਂ ਵੀ ਤੁਸੀਂ ਹੋਟਲ 'ਚੋਂ ਬਾਹਰ ਘੁੰਮਣ ਲਈ ਨਿਕਲੋ ਤਾਂ ਆਪਣੇ ਨਾਲ ਪਾਣੀ ਦੀ ਬੋਤਲ ਜ਼ਰੂਰ ਲੈ ਕੇ ਜਾਓ। ਇਸ ਤੋਂ ਇਲਾਵਾ ਬਾਜ਼ਾਰ ਵਿਚ ਵਿਕਣ ਵਾਲੇ ਨਾਰੀਅਲ ਪਾਣੀ, ਮੌਸਮੀ ਫਲਾਂ ਅਤੇ ਭੋਜਨ ਦੇ ਨਾਲ ਸੂਪ ਦਾ ਆਨੰਦ ਲੈਣਾ ਕਦੇ ਨਾ ਭੁੱਲੋ, ਕਿਉਂਕਿ ਇਸ ਨਾਲ ਤੁਹਾਡੇ ਸਰੀਰ ਦੀ ਆਂਤਰਿਕ ਨਮੀ ਬਰਕਰਾਰ ਰਹੇਗੀ, ਜੋ ਕਿ ਤੁਹਾਨੂੰ ਮੌਸਮ ਦੀ ਮਾਰ ਤੋਂ ਬਚਾਏਗੀ। ਸਰਦੀਆਂ ਵਿਚ ਹੱਥਾਂ ਦਾ ਫਟਣਾ ਆਮ ਗੱਲ ਹੁੰਦੀ ਹੈ। ਹੱਥ ਮੌਸਮ ਦੀ ਮਾਰ ਦੀ ਲਪੇਟ ਵਿਚ ਸਭ ਤੋਂ ਜ਼ਿਆਦਾ ਆਉਂਦੇ ਹਨ। ਸਫ਼ਰ ਦੌਰਾਨ ਛੋਟੇ ਬੱਚਿਆਂ ਦੀਆਂ ਮਾਵਾਂ ਨੂੰ ਅਕਸਰ ਬੱਚਿਆਂ ਦੇ ਕੱਪੜੇ ਆਦਿ ਵਾਰ-ਵਾਰ ਧੋਣੇ ਪੈਂਦੇ ਹਨ, ਜਿਸ ਦੀ ਵਜ੍ਹਾ ਨਾਲ ਉਨ੍ਹਾਂ ਦੇ ਹੱਥ ਰਸਾਇਣਾਂ ਦੇ ਸੰਪਰਕ ਵਿਚ ਵਾਰ-ਵਾਰ ਆ ਜਾਂਦੇ ਹਨ, ਜਿਸ ਨਾਲ ਹੱਥਾਂ ਵਿਚ ਖਾਜ-ਖੁਜਲੀ ਆਦਿ ਦੀ ਸਮੱਸਿਆ ਪੈਦਾ ਹੋ ਜਾਂਦੀ ਹੈ ਅਤੇ ਹੱਥ ਫਟਣ ਲਗਦੇ ਹਨ, ਜਿਸ ਕਾਰਨ ਹੱਥਾਂ ਵਿਚ ਪੀੜ ਹੋ ਜਾਂਦੀ ਹੈ। ਕੱਪੜੇ ਆਦਿ ਧੋਣ ਸਮੇਂ ਹੱਥਾਂ 'ਤੇ ਪਲਾਸਟਿਕ ਦੇ ਦਸਤਾਨੇ ਜ਼ਰੂਰ ਪਹਿਨੋ ਅਤੇ ਮਾਇਸਚਰਾਈਜ਼ਿੰਗ ਸਾਬਣ ਦੀ ਵਰਤੋਂ ਕਰੋ। ਰਾਤ ਨੂੰ ਸੌਣ ਸਮੇਂ ਹੈਂਡ ਕ੍ਰੀਮ ਦੀ ਮੋਟੀ ਪਰਤ ਲਗਾ ਕੇ ਇਸ ਨੂੰ ਕਾਟਨ ਦਸਤਾਨਿਆਂ ਨਾਲ ਕਵਰ ਕਰ ਲਓ, ਜਿਸ ਨਾਲ ਤੁਹਾਡੇ ਹੱਥਾਂ ਦੀ ਨਮੀ ਬਰਕਰਾਰ ਰਹੇਗੀ ਅਤੇ ਤੁਸੀਂ ਮੌਸਮ ਦੀ ਮਾਰ ਝੱਲ ਸਕੋਗੇ।



ਸਾਨੂੰ ਇਹ ਭਰਮ ਰਹਿੰਦਾ ਹੈ ਕਿ ਸਨਸਕ੍ਰੀਨ ਕ੍ਰੀਮ ਦੀ ਲੋੜ ਸਾਨੂੰ ਗਰਮੀਆਂ ਵਿਚ ਹੀ ਪੈਂਦੀ ਹੈ ਅਤੇ ਸਰਦੀਆਂ ਵਿਚ ਵਾਤਾਵਰਨ ਵਿਚ ਠੰਢਕ ਦੀ ਵਜ੍ਹਾ ਨਾਲ ਕਿਸੇ ਸੁਰੱਖਿਆ ਕ੍ਰੀਮ ਦੀ ਲੋੜ ਨਹੀਂ ਹੁੰਦੀ ਪਰ ਇਹ ਪਾਇਆ ਗਿਆ ਹੈ ਕਿ ਸੂਰਜ ਦੀਆਂ ਕਿਰਨਾਂ ਤੋਂ ਹਾਨੀਕਾਰਕ ਯੂ. ਵੀ. ਕਿਰਨਾਂ ਨਾਲ ਚਮੜੀ ਨੂੰ ਹੋਣ ਵਾਲੇ ਨੁਕਸਾਨ ਦੇ ਪ੍ਰਭਾਵੀ ਰੋਕਥਾਮ ਦੇ ਉਪਾਅ ਕਰਨੇ ਚਾਹੀਦੇ ਹਨ ਤਾਂ ਕਿ ਸੁੰਦਰਤਾ ਦੇ ਹਿਸਾਬ ਨਾਲ ਛੁੱਟੀਆਂ ਦੁਖਦ ਅਨੁਭਵ ਦੀ ਯਾਦਗਾਰ ਨਾ ਬਣ ਜਾਣ।

ਸਮੁੰਦਰੀ ਪਾਣੀ ਨਾਲ ਨਹਾਉਣ 'ਤੇ ਤੁਹਾਡੇ ਵਾਲ ਨਿਰਜੀਵ ਅਤੇ ਉਲਝ ਸਕਦੇ ਹਨ। ਸਮੁੰਦਰੀ ਪਾਣੀ ਵਿਚ ਨਹਾਉਂਦੇ ਸਮੇਂ ਸਿਰ ਨੂੰ ਕੈਪ/ਸਕਾਰਫ ਨਾਲ ਢਕਣ ਨਾਲ ਵਾਲਾਂ ਨੂੰ ਖਾਰੇ ਪਾਣੀ ਦੇ ਨੁਕਸਾਨ ਤੋਂ ਪ੍ਰਭਾਵੀ ਤਰੀਕੇ ਨਾਲ ਬਚਾਇਆ ਜਾ ਸਕਦਾ ਹੈ। ਸਮੁੰਦਰ ਵਿਚ ਨਹਾਉਣ ਤੋਂ ਪਹਿਲਾਂ ਆਪਣੇ ਵਾਲਾਂ ਨੂੰ ਆਮ ਤਾਜ਼ੇ ਪਾਣੀ ਨਾਲ ਚੰਗੀ ਤਰ੍ਹਾਂ ਧੋਵੋ। ਸਮੁੰਦਰੀ ਪਾਣੀ ਵਿਚ ਨਹਾਉਣ ਤੋਂ ਬਾਅਦ ਵਾਲਾਂ ਨੂੰ ਹਲਕੇ ਹਰਬਲ ਸ਼ੈਂਪੂ ਨਾਲ ਧੋ ਦਿਓ ਅਤੇ ਸ਼ੈਂਪੂ ਤੋਂ ਬਾਅਦ ਵਾਲਾਂ ਵਿਚ ਕੰਡੀਸ਼ਨਰ ਜਾਂ ਹੇਅਰ ਸੀਰਮ ਦੀ ਵਰਤੋਂ ਕਰੋ।

ਸਮੁੰਦਰੀ ਤੱਟ 'ਤੇ ਜਾਣ ਤੋਂ ਪਹਿਲਾਂ ਸੁੰਦਰਤਾ ਪ੍ਰਸਾਧਨਾਂ ਦੀ ਘੱਟ ਤੋਂ ਘੱਟ ਵਰਤੋਂ ਕਰੋ, ਜਦੋਂ ਕਿ ਤੁਸੀਂ ਸਫ਼ਰ ਦੇ ਦੌਰਾਨ ਲਿਪਗਲਾਸ, ਪਾਊਡਰ, ਆਈ-ਪੈਨਸਿਲ, ਲਿਪਸਟਿਕ ਵਰਗੇ ਆਮ ਸੁੰਦਰਤਾ ਪ੍ਰਸਾਧਨਾਂ ਦੀ ਵਰਤੋਂ ਕਰ ਸਕਦੇ ਹੋ। ਜੇ ਤੁਹਾਡੀ ਤੇਲੀ ਚਮੜੀ ਹੈ ਤਾਂ ਟਿਸ਼ੂ ਪੇਪਰ, ਟੈਲਕਮ ਪਾਊਡਰ ਅਤੇ ਡਿਓਡਰੈਂਟ ਆਪਣੇ ਨਾਲ ਜ਼ਰੂਰ ਰੱਖੋ। ਸਫਰ ਦੌਰਾਨ ਸੁੰਦਰਤਾ ਦੇ ਕੁਝ ਟਿਪਸ ਤੁਹਾਡੇ ਸਫ਼ਰ ਦੌਰਾਨ ਸੁੰਦਰਤਾ ਵਿਚ ਚਾਰ ਚੰਦ ਲਗਾ ਸਕਦੇ ਹਨ। ਜੇ ਤੁਸੀਂ ਬਾਹਰ ਦੇਖਣਯੋਗ ਥਾਵਾਂ 'ਤੇ ਘੁੰਮ ਰਹੇ ਹੋ ਤਾਂ ਦਿਨ ਵਿਚ ਘੱਟ ਤੋਂ ਘੱਟ ਦੋ ਵਾਰ ਆਪਣਾ ਚਿਹਰਾ ਤਾਜ਼ੇ ਪਾਣੀ ਨਾਲ ਜ਼ਰੂਰ ਧੋਵੋ।

# CLASSIFIEDS & MATRIMONIALS

## BRIDE WANTED

Looking for PR or Citizen Girl, 34 years, Education- B.Com, LLB.Height - 5'8" Divorced Profession- Own Business and Lawyer. From - Malerkotla. PunjabIn Canada on Visitor visa. Living with real brother, Real Brother is citizen of Canada. Phone - 604 961 7672 RS 30-08

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖ਼ੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

CLASSIFIED & MATRIMONIAL

ਜੇਕਰ ਤੁਸੀਂ ਆਪਣਾ ਵਪਾਰ ਅਤੇ ਕਾਰੋਬਾਰ ਨੂੰ ਹੋਰ ਵਧਾਉਣਾ ਚਾਹੁੰਦੇ ਹੋ ਤਾਂ ਪੰਜਾਬੀ ਭਾਈਚਾਰੇ ਦੇ ਹਰਮਨ ਪਿਆਰੇ ਅਖ਼ਬਾਰ ਕੈਨੇਡੀਅਨ ਪੰਜਾਬ ਟਾਈਮਜ਼ 'ਚ ਇਸ਼ਤਿਹਾਰ ਦੇ ਕੇ ਆਪਣੇ ਵਪਾਰ ਅਤੇ ਕਰੋਬਾਰ ਨੂੰ ਹੋਰ ਵਧਾਓ।

JUST $20 ONLY

ਕੈਨੇਡੀਅਨ ਪੰਜਾਬ ਟਾਈਮਜ਼ ਹੁਣ ਤੁਸੀਂ ਆਪਣੇ ਕਾਰੋਬਾਰ ਸਬੰਧੀ ਇਸ਼ਤਿਹਾਰ ਜਾਂ ਮੈਟਰੀਮੋਨੀਅਲ ਸਬੰਧੀ ਇਸ਼ਤਿਹਾਰ ਸਿਰਫ਼ 20 ਡਾਲਰ ਵਿੱਚ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ 604-338-7310

# 'ਇੱਕ ਦੇਸ਼ ਇੱਕ ਚੋਣ' ਬਿੱਲ ਅਤੇ ਭਾਰਤੀ ਸੰਵਿਧਾਨ

ਲੇਖਕ : ਐੱਸ ਐੱਲ ਵਿਰਦੀ ਐਡਵੋਕੇਟ
ਸੰਪਰਕ: 98145-17499



ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ 17 ਦਸੰਬਰ ਨੂੰ 129ਵਾਂ ਸੰਵਿਧਾਨ ਸੋਧ ਬਿੱਲ ਜੋ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਇੱਕੋ ਵੇਲੇ ਕਰਵਾਉਣ ਬਾਰੇ ਹੈ (ਇੱਕ ਦੇਸ਼ ਇੱਕ ਚੋਣ) ਲੋਕ ਸਭਾ ਵਿੱਚ ਪੇਸ਼ ਕੀਤਾ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੇ ਕੇਂਦਰੀ ਮੰਤਰੀ ਮੰਡਲ ਨੇ 'ਇੱਕ ਦੇਸ਼, ਇੱਕ ਚੋਣ' ਸੁਧਾਰਾਂ ਨੂੰ ਮਨਜ਼ੂਰੀ ਦਿੱਤੀ ਸੀ। ਸਤੰਬਰ 2023 ਨੂੰ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਰਹਿਨੁਮਾਈ ਵਿੱਚ ਉੱਚ ਪੱਧਰੀ ਕਮੇਟੀ ਬਣਾਈ ਗਈ ਸੀ ਕਿ ਉਹ ਦੇਸ਼ ਦੀਆਂ ਸਭ ਰਾਜਨੀਤਕ ਪਾਰਟੀਆਂ, ਚੋਣ ਕਮਿਸ਼ਨ ਅਤੇ ਹੋਰ ਕਾਨੂੰਨੀ ਸੰਸਥਾਵਾਂ ਨਾਲ ਸਲਾਹ ਮਸ਼ਵਰਾ ਕਰ ਕੇ ਆਪਣੀ ਰਿਪੋਰਟ ਦੇਵੇ।

ਸ੍ਰੀ ਕੋਵਿੰਦ ਨੇ ਆਪਣੀ ਰਿਪੋਰਟ ਸੌਂਪ ਦਿੱਤੀ; ਉਨ੍ਹਾਂ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਬਾਰੇ ਸੰਸਦੀ ਕਮੇਟੀ ਦੀ ਰਿਪੋਰਟ, ਨੀਤੀ ਆਯੋਗ ਦੀ ਰਿਪੋਰਟ, ਭਾਰਤ ਦੇ ਚੋਣ ਕਮਿਸ਼ਨ ਦੀ ਰਿਪੋਰਟ ਵੀ ਆ ਚੁੱਕੀ ਹੈ ਅਤੇ ਕਈ ਹੋਰ ਸੰਸਥਾਵਾਂ ਦੀਆਂ ਰਿਪੋਰਟਾਂ ਵੀ ਕਮੇਟੀ ਪਾਸ ਆਈਆਂ ਹਨ। ਸਭ ਨੇ 'ਇੱਕ ਦੇਸ਼ ਇੱਕ ਚੋਣ' ਪ੍ਰਣਾਲੀ ਲਾਗੂ ਕਰਨ ਦੀ ਹਮਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ 'ਇੱਕ ਰਾਸ਼ਟਰ ਇੱਕ ਚੋਣ' ਪ੍ਰਣਾਲੀ ਦੇਸ਼ ਦੇ ਹਿੱਤ ਵਿਚ ਹੈ, ਇਸ ਦਾ ਦੇਸ਼ ਦੇ ਆਮ ਲੋਕਾਂ ਨੂੰ ਸਭ ਤੋਂ ਵੱਡਾ ਫ਼ਾਇਦਾ ਹੋਵੇਗਾ।

ਬਿੱਲ ਅਨੁਸਾਰ ਲੋਕ ਸਭਾ ਅਤੇ ਵਿਧਾਨ ਸਭਾ ਦੀ ਚੋਣ ਇੱਕ ਦਿਨ ਹੋਵੇਗੀ। ਵੋਟਰ ਇੱਕ ਵੋਟ ਲੋਕ ਸਭਾ ਲਈ ਅਤੇ ਦੂਜੀ ਅਸੈਂਬਲੀ ਲਈ ਪਾਏਗਾ। ਇਸੇ ਤਰ੍ਹਾਂ ਨਗਰ ਪਾਲਿਕਾ ਤੇ ਪੰਚਾਇਤਾਂ ਦੀਆਂ ਚੋਣਾਂ ਵੀ ਇੱਕੋ ਦਿਨ ਹੋਣਗੀਆਂ। ਜੇ ਕੋਈ ਸਰਕਾਰ ਕਾਰਜਕਾਲ ਤੋਂ ਪਹਿਲਾਂ ਡਿੱਗ ਪੈਂਦੀ ਹੈ ਤਾਂ ਉਥੇ ਚੋਣ ਤਾਂ ਹੋਵੇਗੀ ਪਰ ਪੰਜ ਸਾਲ ਲਈ ਨਹੀਂ ਬਲਕਿ ਜਿੰਨਾ ਵਿਧਾਨ ਸਭਾ ਦਾ ਬਾਕੀ ਸਮਾਂ ਰਹਿੰਦਾ ਹੋਵੇਗਾ, ਓਨੇ ਸਮੇਂ ਲਈ ਹੀ ਸਰਕਾਰ ਬਣੇਗੀ।

ਸੰਸਦ ਦੇ ਦੋਹਾਂ ਸਦਨਾਂ ਵਿੱਚ 'ਇੱਕ ਦੇਸ਼ ਇੱਕ ਚੋਣ' ਬਾਰੇ ਚਰਚਾ ਦੌਰਾਨ ਵੱਖ-ਵੱਖ ਪਾਰਟੀਆਂ ਦੇ ਵਿਚਾਰ ਸਾਹਮਣੇ ਆਏ ਹਨ। ਭਾਜਪਾ ਅਨੁਸਾਰ, ਇਹ ਕਾਨੂੰਨ ਨਾ ਸਿਰਫ਼ ਚੋਣ ਅਮਲ ਨੂੰ ਸੁਚਾਰੂ ਬਣਾਏਗਾ ਸਗੋਂ ਦੇਸ਼ ਵਿੱਚ ਵੱਖ-ਵੱਖ ਥਾਵਾਂ 'ਤੇ ਵਾਰ-ਵਾਰ ਚੋਣਾਂ ਦੇ ਝੰਜਟ ਅਤੇ ਵਾਰ-ਵਾਰ ਲੱਗਦੇ ਚੋਣ ਜ਼ਾਬਤਿਆਂ ਤੋਂ ਵੀ ਛੁਟਕਾਰਾ ਮਿਲੇਗਾ। ਵਿਕਾਸ ਕੰਮਾਂ ਵਿਚ ਰੁਕਾਵਟ ਨਹੀਂ ਆਵੇਗੀ, ਅਫਸਰਸ਼ਾਹੀ ਉਤੇ ਵਾਧੂ ਕੰਮ ਦਾ ਭਾਰ ਨਹੀਂ ਪਵੇਗਾ ਤੇ ਸਮੇਂ ਦੀ ਵੀ ਬੱਚਤ ਹੋਵੇਗੀ। ਵਾਰ-ਵਾਰ ਚੋਣਾਂ ਕਰਾਉਣ ਨਾਲ ਹੁੰਦਾ ਵਿੱਤੀ ਅਤੇ ਪ੍ਰਸ਼ਾਸਨਿਕ ਬੋਝ ਵੀ ਘਟੇਗਾ।

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਤੇ ਉਨ੍ਹਾਂ ਦੀ ਪਾਰਟੀ ਕਾਂਗਰਸ ਨੇ ਬਿੱਲ ਦਾ ਵਿਰੋਧ ਕੀਤਾ। ਕਾਂਗਰਸ ਦੀ ਸੰਸਦ ਮੈਂਬਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਸੋਧ ਨਾਲ ਸਬੰਧਿਤ ਸੰਵਿਧਾਨਕ ਸੋਧ ਬਿਲ ਨੂੰ ਗੈਰ-ਸੰਵਿਧਨਕ ਦੱਸਦਿਆਂ ਕਿਹਾ ਕਿ ਇਹ ਬਿਲ ਸੰਘਵਾਦ ਦੇ ਖਿਲਾਫ ਹੈ। ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਵੀ ਬਿੱਲ ਦਾ ਵਿ ਰੋਧ ਕੀਤਾ। ਸ਼ਿਵ ਸੈਨਾ (ਯੂਬੀਟੀ) ਦੇ ਸੰਸਦ ਮੈਂਬਰ ਅਨਿਲ ਦੇਸਾਈ ਨੇ ਸਵਾਲ ਕੀਤਾ: ਕੀ ਦੇਸ਼ ਇਸ ਵਾਸਤੇ ਅਮਲੀ ਤੌਰ 'ਤੇ ਤਿਆਰ ਹੈ? ਜੇ ਸਰਕਾਰ ਚੋਣ ਸੁਧਾਰਾਂ ਲਈ ਇੰਨੇ ਹੀ ਕਾਹਲੀ ਹੈ ਤਾਂ ਮਹਾਰਾਸ਼ਟਰ ਅਤੇ ਹਰਿਆਣਾ ਵਿੱਚ ਚੋਣਾਂ ਵੱਖ-ਵੱਖ ਕਿਉਂ ਕਰਵਾਈਆਂ? 'ਆਪ' ਦੇ ਸੰਸਦ ਮੈਂਬਰ ਸੰਜੇ ਸਿੰਘ ਨੇ ਕਿਹਾ ਕਿ ਮੋਦੀ ਸਰਕਾਰ ਦਾ ਇੱਕੋ ਨਾਅਰਾ ਹੈ- 'ਇੱਕ ਦੇਸ਼, ਇੱਕ ਅਡਾਨੀ'। ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਇਸ ਮੁੱਦੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਯੋਜਨਾ ਸਬੰਧੀ ਰਿਪੋਰਟ ਦੇ ਦੋ ਹਜ਼ਾਰ ਪੰਨੇ ਹੋਣਗੇ, ਸਾਨੂੰ ਰਿਪੋਰਟ ਦੇ ਤੱਥਾਂ ਬਾਰੇ ਕੁਝ ਵੀ ਪਤਾ ਨਹੀਂ। ਤ੍ਰਿਣਮੂਲ ਕਾਂਗਰਸ ਦੀ ਪ੍ਰਧਾਨ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ 'ਇੱਕ ਦੇਸ਼ ਇੱਕ ਚੋਣ' ਦੀ ਧਾਰਨਾ ਨਾਲ ਅਸਹਿਮਤੀ ਜਤਾਉਂਦਿਆਂ ਕਿਹਾ ਕਿ ਇਹ ਸਿਧਾਂਤ ਭਾਰਤੀ ਸੰਵਿਧਾਨ ਦੇ ਬੁਨਿਆਦੀ ਢਾਂਚੇ ਨਾਲ ਮੇਲ ਨਹੀ ਖਾਂਦਾ।

ਸੰਯੁਕਤ ਕਿਸਾਨ ਮੋਰਚੇ ਨੇ ਵੀ ਕਿਹਾ ਹੈ ਕਿ 'ਇੱਕ ਦੇਸ਼ ਇੱਕ ਚੋਣ' ਬਿੱਲ ਸੂਬਾ ਸਰਕਾਰਾਂ ਦੇ ਅਧਿਕਾਰ ਖ਼ਤਮ ਕਰ ਕੇ 'ਇੱਕ ਮਾਰਕੀਟ' ਬਣਾਉਣ ਦਾ ਕਾਰਪੋਰੇਟ ਏਜੰਡਾ ਹੈ।

ਸੰਸਦ ਵਿੱਚ ਬਿੱਲ ਪਾਸ ਕਰਵਾਉਣ ਲਈ ਦੋਵੇਂ ਸਦਨਾਂ ਵਿੱਚ ਦੋ-ਤਿਹਾਈ ਬਹੁਮਤ ਜ਼ਰੂਰੀ ਹੈ। ਲੋਕ ਸਭਾ ਦੀਆਂ 543 ਸੀਟਾਂ ਵਿੱਚੋਂ ਐੱਨਡੀਏ ਕੋਲ 292 ਸੀਟਾਂ ਹਨ; ਦੋ-ਤਿਹਾਈ ਬਹੁਮਤ ਲਈ ਅੰਕੜਾ 362 ਦਾ ਹੈ। ਰਾਜ ਸਭਾ ਦੀਆਂ 245 ਸੀਟਾਂ ਵਿੱਚੋਂ ਐੱਨਡੀਏ ਕੋਲ 112 ਸੀਟਾਂ ਹਨ ਅਤੇ 6 ਨਾਮਜ਼ਦ ਮੈਂਬਰਾਂ ਦਾ ਸਮਰਥਨ ਵੀ ਉਸ ਨੂੰ ਪ੍ਰਾਪਤ ਹੈ; ਵਿਰੋਧੀ ਧਿਰ ਕੋਲ 85 ਸੀਟਾਂ ਹਨ। ਸਰਕਾਰ ਨੂੰ ਬਿੱਲ ਪਾਸ ਕਰਾਉਣ ਲਈ ਦੋ-ਤਿਹਾਈ ਬਹੁਮਤ ਵਾਸਤੇ 164 ਵੋਟਾਂ ਦੀ ਜ਼ਰੂਰਤ ਹੈ। ਲੋਕ ਸਭਾ ਵਿੱਚ ਵੋਟਿੰਗ ਵੇਲੇ ਬਿੱਲ ਦੇ ਹੱਕ 'ਚ 269 ਅਤੇ ਵਿਰੋਧ ਵਿੱਚ 198 ਵੋਟਾਂ ਪਈਆਂ। ਵੋਟਿੰਗ ਦੌਰਾਨ ਭਾਜਪਾ ਦੇ ਕਰੀਬ 30 ਸੰਸਦ ਮੈਂਬਰ ਗ਼ੈਰ-ਹਾਜ਼ਰ ਸਨ।

ਕੇਂਦਰ ਸਰਕਾਰ ਨੇ ਇਸ ਬਿੱਲ 'ਤੇ ਆਮ ਸਹਿਮਤੀ ਬਣਾਉਣ ਲਈ ਬਿੱਲ ਸਾਂਝੀ ਸੰਸਦੀ ਕਮੇਟੀ ਕੋਲ ਭੇਜ ਦਿੱਤਾ ਹੈ। ਕਮੇਟੀ ਦੀ ਰਿਪੋਰਟ ਆਉਣ ਤੋਂ ਬਾਅਦ ਕੈਬਨਿਟ ਵੱਲੋਂ ਇਸ ਰਿਪੋਰਟ ਨੂੰ ਮਨਜ਼ੂਰੀ ਦਿੱਤੀ ਜਾਵੇਗੀ। ਫਿਰ ਸੋਧੇ ਗਏ ਬਿੱਲ ਉਤੇ ਸਦਨ ਵਿੱਚ ਦੁਬਾਰਾ ਚਰਚਾ ਹੋਵੇਗੀ। ਜੇ ਇਹ ਬਿੱਲ ਸੰਸਦ ਦੇ ਦੋਹਾਂ ਸਦਨਾਂ ਵਿਚ ਪਾਸ ਹੋ ਵੀ ਜਾਂਦੇ ਹਨ ਤਾਂ ਵੀ ਇਨ੍ਹਾਂ ਨੂੰ ਕਾਨੂੰਨ ਬਣਨ ਲਈ ਕਾਫ਼ੀ ਸਮਾਂ ਲੱਗੇਗਾ ਕਿਉਂਕਿ ਸੰਸਦ ਦੇ ਦੋਹਾਂ ਸਦਨਾਂ ਵਿੱਚ ਪਾਸ ਹੋਣ ਤੋਂ ਬਾਅਦ ਇਹ ਬਿੱਲ ਦੇਸ਼ ਦੇ 50 ਫ਼ੀਸਦੀ ਰਾਜਾਂ ਦੀਆਂ ਵਿਧਾਨ ਸਭਾਵਾਂ ਵਿਚ ਵੀ ਪਾਸ ਕਰਾਉਣਾ ਹੋਵੇਗਾ।

ਕੇਂਦਰ ਸਰਕਾਰ ਨੂੰ ਇਕੱਠੀਆਂ ਚੋਣਾਂ ਕਰਵਾਉਣ ਲਈ ਸੰਵਿਧਾਨ ਵਿੱਚ ਹੋਰ ਸੋਧਾਂ ਵੀ ਕਰਨੀਆਂ ਪੈਣਗੀਆਂ। ਇਸ ਲਈ ਲੋਕ ਪ੍ਰਤੀਨਿਧਤਾ ਕਾਨੂੰਨ ਤੇ ਹੋਰ ਨਿਯਮਾਂ 'ਚ ਸੋਧਾਂ ਤੋਂ ਇਲਾਵਾ ਸੰਵਿਧਾਨ ਦੀ ਧਾਰਾ 83 (ਸਦਨ ਦੀ ਮਿਆਦ), ਧਾਰਾ 85 (ਲੋਕ ਸਭਾ ਭੰਗ ਕਰਨ), ਧਾਰਾ 172 (ਸੂਬਾ ਵਿਧਾਨ ਸਭਾਵਾਂ ਦੀ ਮਿਆਦ), ਧਾਰਾ 174 (ਸੂਬਾ ਵਿਧਾਨ ਸਭਾਵਾਂ ਭੰਗ ਕਰਨ), ਧਾਰਾ 356 (ਸੰਵਿਧਾਨਕ ਮਸ਼ੀਨਰੀ ਦਾ ਫੇਲ੍ਹ ਹੋਣਾ) ਆਦਿ ਧਾਰਾਵਾਂ ਵਿੱਚ ਵੀ ਸੋਧਾਂ ਕਰਨੀਆਂ ਪੈਣਗੀਆਂ।

ਜ਼ਿਕਰਯੋਗ ਹੈ ਕਿ ਕੇਸ਼ਵਾਨੰਦ ਭਾਰਤੀ ਕੇਸ ਵਿੱਚ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ, ਸੰਸਦ ਭਾਰਤੀ ਸੰਵਿਧਾਨ ਦੇ ਬੁਨਿਆਦੀ ਢਾਂਚੇ ਨੂੰ ਬਦਲਣ ਦੀ ਸ਼ਕਤੀ ਨਹੀਂ ਰੱਖਦੀ। ਪੰਚਾਇਤ ਅਤੇ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਕਰਵਾਉਣਾ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ 'ਵਿਚ ਆਉਂਦਾ ਹੈ ਪਰ ਉਪਰੋਕਤ ਬਿੱਲ ਰਾਜਾਂ ਦੇ ਇਸ ਅਧਿਕਾਰ ਨੂੰ ਖ਼ਤਮ ਕਰ ਦੇਵੇਗਾ। ਲੋਕ ਸਭਾ ਅਤੇ ਅਸੈਂਬਲੀਆਂ ਦੇ ਨਾਲ ਹੀ ਸਥਾਨਕ ਚੋਣਾਂ (ਨਿਗਮਾਂ, ਕੌਂਸਲਾਂ/ਨਗਰ ਪੰਚਾਇਤਾਂ) ਕਰਵਾਉਣ ਲਈ ਘੱਟੋ-ਘੱਟ 50 ਫ਼ੀਸਦੀ ਸੂਬਾਈ ਅਸੈਂਬਲੀਆਂ ਤੋਂ ਪ੍ਰਵਾਨਗੀ ਦੀ ਲੋੜ ਪਵੇਗੀ।

ਅਸਲ ਵਿੱਚ, ਭਾਜਪਾ ਦਾ 'ਇੱਕ ਦੇਸ਼ ਇੱਕ ਚੋਣ' ਬਿੱਲ ਇਕ ਨੇਤਾ, ਇੱਕ ਰਾਸ਼ਟਰ, ਇੱਕ ਧਰਮ, ਇੱਕ ਭਾਸ਼ਾ ਆਧਾਰਿਤ ਰਾਜ ਸਥਾਪਤ ਕਰਨ ਦਾ ਏਜੰਡਾ ਦੇਸ਼ ਦੀਆਂ ਧਾਰਮਿਕ ਘੱਟਗਿਣਤੀਆਂ, ਦਲਿਤਾਂ ਤੇ ਔਰਤਾਂ ਨੂੰ ਬਰਾਬਰੀ ਦੇ ਅਧਿਕਾਰ ਦੇਣ ਦੇ ਪੱਖ ਵਿੱਚ ਨਹੀਂ। ਇੱਕ ਰਾਸ਼ਟਰ ਇੱਕ ਭਾਸ਼ਾ ਦੇ ਏਜੰਡੇ ਤਹਿਤ ਭਾਜਪਾ ਅਤੇ ਆਰਐੱਸਐੱਸ ਹਿੰਦੀ ਨੂੰ ਕੌਮੀ ਭਾਸ਼ਾ ਵਜੋਂ ਥੋਪ ਕੇ ਬਾਕੀ ਭਾਸ਼ਾਵਾਂ ਦੀ ਹਸਤੀ ਖ਼ਤਮ ਕਰਨਾ ਚਾਹੁੰਦੀ ਹੈ। ਇਹ ਸਮਾਜ ਨੂੰ ਉਸੇ ਤਰ੍ਹਾਂ ਵੰਡ ਕੇ ਰੱਖਣਾ ਚਾਹੁੰਦੀ ਹੈ ਜਿਸ ਤਰ੍ਹਾਂ ਜਰਮਨੀ ਵਿੱਚ ਹਿਟਲਰ ਅਤੇ ਇਟਲੀ ਵਿੱਚ ਮੁਸੋਲਿਨੀ ਨੇ ਕੀਤਾ ਸੀ। ਧਰਮ ਅਤੇ ਜਾਤ ਦੇ ਆਧਾਰ 'ਤੇ ਧਰੁਵੀਕਰਨ ਕਰ ਕੇ ਸੱਤਾ ਵਿੱਚ ਆਈ ਭਾਜਪਾ ਆਪਣੇ ਰਾਜ ਨੂੰ ਇਸੇ ਤਰ੍ਹਾਂ ਸਥਾਈ ਬਣਾਉਣਾ ਚਾਹੁੰਦੀ ਹੈ।

# ਡਾ. ਸੁਖਪਾਲ ਸੰਘੇੜਾ ਨਾਲ ਗੱਲਬਾਤ



ਵਲੋਂ : ਰਵਿੰਦਰ ਸਿੰਘ ਸੋਢੀ

ਦੂਜੀ ਕਿਸ਼ਤ

- **ਤੁਸੀਂ ਉੱਨੀ ਸੌ 70ਵਿਆਂ 'ਚੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸਰਗਰਮ ਆਗੂ ਰਹੇ ਹੋ ਅਤੇ ਬਾਅਦ ਵਿਚ ਪੰਜਾਬ ਲੋਕ ਸੱਭਿਆਚਾਰਕ (ਪਲਸ ਮੰਚ) ਦੇ ਬਾਨੀ ਜਨਰਲ ਸਕੱਤਰ ਵੀ, ਬਾਨੀ ਪ੍ਰਧਾਨ ਗੁਰਸ਼ਰਨ ਸਿੰਘ ਨਾਲ, ਜੋ ਬਾਅਦ ਦੇ ਪੰਜਾਬ ਵਿੱਚ 'ਭਾਈ ਮੰਨਾ ਸਿੰਘ' ਦੇ ਨਾਮ ਨਾਲ ਵੀ ਜਾਣੇ ਜਾਣ ਲੱਗੇ। ਕੀ ਲਹਿਰਾਂ ਸਾਹਿਤਕ ਲਿਖਤਾਂ ਰਚਣ 'ਚ ਰੋਲ ਅਦਾ ਕਰਦੀਆਂ?**

ਬਿਨਾਂ-ਸ਼ੱਕ! ਸਾਹਿਤਕ ਰਚਨਾਵਾਂ ਅਕਸਰ ਸਿੱਧੀਆਂ ਜਾਂ ਅਸਿੱਧੀਆਂ ਜਾਂ ਤਾਂ ਕਿਸੇ ਘਟਨਾ ਜਾਂ ਵਰਤਾਰੇ ਉੱਪਰ ਅਧਾਰਤ ਹੁੰਦੀਆਂ ਨੇ ਜਾਂ ਉਨ੍ਹਾਂ ਤੋਂ ਪ੍ਰਭਾਵਤ। ਘਟਨਾ ਕੋਲੋਂ ਲੰਘ ਗਏ ਹੀਰਾਂ ਦੇ ਝੁੰਡ ਜਿੰਨੀ ਛੋਟੀ ਵੀ ਹੋ ਸਕਦੀ ਆ ਤੇ ਭਗਤ ਸਿੰਘ ਦੇ ਫਾਂਸੀ ਚੜ੍ਹਨ ਜਿੰਨੀ ਵੱਡੀ ਵੀ। ਲਹਿਰਾਂ ਘਟਨਾਵਾਂ ਨਾਲ ਭਰਪੂਰ ਹੁੰਦੀਆਂ ਤੇ ਸਮਾਜ ਨੂੰ ਪ੍ਰਭਾਵਤ ਕਰਦੀਆਂ ਨੇ। ਇਸ ਤਰਾਂ ਲਹਿਰਾਂ ਸੁਭਾਵਕ ਤੌਰ ਤੇ ਹੀ ਸਾਹਿਤ ਰਚਨਾ ਵਿਚ ਆਪਣਾ ਯੋਗਦਾਨ ਪਾ ਦਿੰਦੀਆਂ; ਲਹਿਰਾਂ ਸਾਹਿਤਕ ਰਚਨਾਵਾਂ ਦੇ ਉੱਗਣ ਤੇ ਪਲਣ ਲਈ ਜ਼ਰਖੇਜ਼ ਜ਼ਮੀਨ ਦਾ ਕੰਮ ਕਰਦੀਆਂ ਨੇ। ਇਹਤੋਂ ਵੀ ਵੱਧ, ਕਿਉਂਕਿ ਲਹਿਰਾਂ ਆਮ ਤੌਰ 'ਤੇ ਅਸਾਧਾਰਨ ਹਾਲਤਾਂ ਜਾਂ ਹਾਲਾਤਾਂ, ਯਾਨਿ ਬੇ-ਜੜ੍ਹਤਾ, ਦੀ ਪੈਦਾਵਾਰ ਹੁੰਦੀਆਂ, ਇਸ ਲਈ ਉਹ ਅਸਾਧਾਰਨ ਸਾਹਿਤਕਾਰ ਵੀ ਪੈਦਾ ਕਰਦੀਆਂ ਜਿਵੇਂ ਰੂਸ ਵਿਚ ਗੋਰਕੀ, ਚਿੱਲੀ ਵਿਚ ਪਾਬਲੋ ਨੈਰੂਦਾ, ਤੇ ਪੰਜਾਬ ਵਿਚ ਸੰਤ ਰਾਮ ਉਦਾਸੀ ਤੇ ਪਾਸ਼।

ਵਿਅੱਕਤੀਗਤ ਪੱਧਰ 'ਤੇ ਵੀ, ਮੇਰੀ ਪਹਿਲੀ ਕਵਿਤਾ/ਗੀਤ, ਉੱਨੀ ਸੌ 70ਵਿਆਂ ਦੇ ਪੰਜਾਬ ਵਿੱਚ, ਜੋ ਪ੍ਰਵਾਨ ਚੜ੍ਹਿਆ ਉਹ ਪੰਜਾਬ ਵਿੱਚ ਉਦੋਂ ਚੱਲ ਰਹੀ ਲਹਿਰ ਦੇ ਪ੍ਰਭਾਵ ਥੱਲੇ ਹੀ ਲਿਖਿਆ ਗਿਆ ਤੇ ਲਹਿਰਾਂ ਬਾਰੇ ਹੀ ਸੀ:

ਸੁਣ ਦਿੱਲੀ ਦੀਏ ਸਰਕਾਰੇ
ਤੇਰੇ ਸਾਡੇ ਵੈਰ ਕਰਾਰੇ
ਯੁੱਗੋਂ ਲੰਬੇ ਪਹਾੜੋਂ ਭਾਰੇ
ਕੱਚੀਆਂ ਗੜ੍ਹੀਆਂ ਮਹਿਲ ਮੁਨਾਰੇ
ਹਰ ਦਮ ਭਿੜਦੇ ਰਹਿਣੇ ਨੀ,
ਸੀਸ ਅਸਾਂ ਦੇ ਦਿੱਲੀ ਦੇ ਸੰਗ
ਮੁੜ ਮੁੜ ਖਹਿਣੇ ਨੀ।

ਮੇਰੀ ਇੱਕ ਨਵੀਂ ਕਵਿਤਾ ਦੀਆਂ ਕਾਵਿ-ਸ਼ਤਰਾਂ ਵੀ ਪੁੱਛੇ ਗਏ ਸੁਆਲ ਦਾ ਜੁਆਬ ਦਿੰਦੀਆਂ ਨੇ:

'ਨਕਸਲਬਾੜੀ' ਪੇਕੇ ਮੇਰੇ
'ਰੇਨਾਸਾਂਸ' ਨੇ ਸਹੁਰੇ,
'ਇੰਨਲਾਈਟਨਮੈਂਟ' ਦੀ ਲੋਏ ਚੱਲਦਾ
ਹਰ ਕੋਈ ਮੇਰਾ ਡੇਰਾ।

- **ਲਹਿਰਾਂ ਤੇ ਰੇਨਾਸਾਂਸ ਦੀ ਗੱਲ ਚੱਲੀ ਹੈ ਤਾਂ ਮੈ, ਲੱਗਦੇ ਹੱਥ, ਇਸੇ ਹੀ ਲਾਇਨ 'ਤੇ ਇੱਕ ਹੋਰ ਸੁਆਲ ਪੁੱਛ ਲਵਾਂ। ਪੰਜਾਬ ਪੀਪਲਜ਼ ਫ਼ੋਰਮ ਵਲੋਂ 2020 ਵਿੱਚ ਤੁਹਾਡੀ ਗਦ ਵਿੱਚ ਇੱਕ ਕਿਤਾਬ ਪ੍ਰਕਾਸ਼ਤ ਕੀਤੀ ਹੈ: "ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ (ਯੂਰਪੀਅਨ ਰੇਨਾਸਾਂਸ ਜਾਗਰਤੀ ਦੇ ਪ੍ਰਸੰਗ ਵਿੱਚ)" । ਇਸ ਕਿਤਾਬ ਪੰਜਾਬੀ ਸਾਹਿਤ ਵਿੱਚ ਪਹਿਲੀ ਵਾਰ ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ ਨੂੰ ਪਛਾਣਦੀ ਤੇ ਪ੍ਰਭਾਸ਼ਤ ਕਰਦੀ ਹੋਈ ਇਹਦੀ ਤੁਲਨਾ ਯੂਰਪੀਅਨ ਰੇਨਾਸਾਂਸ ਲਹਿਰ ਨਾਲ ਕਰਦੀ ਹੈ। ਇਹ ਕਿਤਾਬ ਲਿਖਣ ਲਈ ਕੋਈ ਪ੍ਰੇਰਨਾ ਸਰੋਤ?**

ਪ੍ਰੇਰਨਾ ਸਰੋਤ? ਆਪਣੀ ਜਨਮ-ਭੂਮੀ, ਪੰਜਾਬ/ਭਾਰਤ ਵਿੱਚ ਚੜ੍ਹਦੀ ਜਵਾਨੀ ਤੱਕ ਜੀਣ ਤੋਂ ਬਾਅਦ, ਕੈਨੇਡਾ, ਅਮਰੀਕਾ, ਤੇ ਯੋਰਪ ਸਮੇਤ ਪੱਛਮ ਵਿੱਚ ਪੱਛਮ ਨਾਲ ਰਲਗੱਡ ਹੋ ਕੇ ਜੀਣਾ, ਇਹਨੂੰ ਤੇ ਇਹਦੇ ਇਤਿਹਾਸ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹੋਏ। ਕੈਨੇਡਾ ਤੇ ਅਮਰੀਕਾ ਦੀਆਂ ਯੂਨੀਵਰਸੀਟੀਆਂ ਪੜ੍ਹਿਆ ਹਾਂ, ਵਿਦਿਆਰਥੀ-ਹੋਸਟਲਾਂ ਵਿੱਚ ਰਿਹਾਂ ਹਾਂ, ਤੇ ਇੱਥੋਂ ਦੀਆਂ ਯੂਨੀਵਰਸੀਟੀਆਂ ਵਿੱਚ ਪੜ੍ਹਾਉਣ ਤੇ ਰੀਸਰਚ ਵਿੱਚ ਸ਼ਾਮਲ ਰਹਿੰਦਾ ਚਲਿਆਂ ਆ ਰਿਹਾ ਹਾਂ। ਰੀਸਰਚ ਕੰਮ ਲਈ ਮੈਂ ਯੂਰਪ ਵਿੱਚ ਵੀ ਜਾਂਦਾ ਤੇ ਉੱਥੇ ਰਹਿੰਦਾ ਰਿਹਾ ਹਾਂ। ਇਹ ਸੱਭ ਕੁਝ ਮੈਂ ਇੱਕ ਨਾਗਰਿਕ ਦੇ ਰੂਪ ਵਿੱਚ ਕਰਦਾ ਕਰਦਾ ਰਿਹਾ ਹਾਂ; ਇੱਥੋਂ ਦੀ ਜਿੰਦਗੀ ਵਿੱਚ ਟੁੱਭੀਆਂ ਲਾਉਂਦਾ, ਅੱਜ ਦਾ ਹਿੱਸਾ ਬਣ ਕੇ, ਨਾ ਕਿ ਜਿੰਦਗੀ ਭਰ ਸੈਲਾਨੀ, ਪ੍ਰਵਾਸੀ, ਜਾਂ ਬਿਦੇਸ਼ੀ ਹੋਣ ਦਾ ਆਪੇ ਸਿਰਜਿਆ ਸੰਤਾਪ ਹੰਡਾਉਂਦਿਆਂ।

ਮੇਰੇ ਇੱਕ ਕੰਨ ਵਿੱਚ ਜੇ ਪਾਸ਼, ਉਦਾਸੀ, ਸ਼ਿਵ ਤਾਂ ਦੂਸਰੇ ਕੰਨ ਵਿੱਚ ਅਮਰੀਕਾ ਦਾ ਕਾਰਲ ਸੈਂਡਬਰਗ ਤੇ ਵੂਡੀ ਗੱਥਰੀ, ਅਤੇ ਫ਼ਰਾਂਸ ਦਾ ਯੋਜੀਨ ਪੋਤੀਓ ਵੀ ਰਿਹਾ ਹੈ। ਮੈਂ ਜੇ ਸਿਆਲਾਂ ਦੇ ਚੂਚਕ ਦੀ ਦੁਰਕਾਰ ਜਾਂ ਕਰੋਪੀ ਹੰਡਾਈ ਹੈ, ਤਾਂ ਰੈਨਾਸਾਂਸ ਵਿੱਚੋਂ ਜਨਮੀ ਇੰਨਲਾਈਟਨਮੈਂਟ ਲਹਿਰ ਦੇ ਇੱਕ ਨੇਤਾ ਇਮਮੈਨੂਅਲ ਕਾਂਤ ਦਾ ਜਿੰਦਗੀ ਭਰ ਲੰਬਾ ਆਸ਼ੀਰਵਾਦ ਵੀ ਜੀਵਿਆਂ; ਤੇ ਮੈਂ ਜੇ ਪਾਸ਼ ਦੇ ਕਹਿਣ ਵਾਂਗ "ਮਾਰਕਸ ਦਾ ਸ਼ੇਰ ਵਰਗਾ ਸਿਰ ਦਿੱਲੀ ਦੀਆਂ ਭੁੱਲ ਭੁੱਲਾਈਆਂ ਵਿੱਚ ਮਿਆਂਕਦਾ" ਦੇਖਿਆ ਹੈ, ਤਾਂ ਇੰਨਲਾਈਟਨਮੈਂਟ ਲਹਿਰ ਦੀ ਜ਼ਮੀਨ ਵਿੱਚੋਂ ਮਾਰਕਸ ਦਾ ਸਿਰ ਉੱਗਦਾ ਵੀ ਤੱਕਿਆ ਹੈ।

ਇਸ ਤੁਲਨਾਮਿਕ ਜੀਵਨ-ਤਜਰਬੇ ਤੇ ਤੱਕਣੀ ਦੀ ਲੋਏ ਮੈਨੂੰ ਮੱਧਕਾਲੀ ਪੰਜਾਬ ਦੀ ਤਿੰਨ ਲਹਿਰਾਂ (ਸਿੱਖ ਲਹਿਰ, ਭਗਤੀ ਲਹਿਰ, ਤੇ ਸੂਫੀ ਲਹਿਰ) ਇੱਕ, ਯਾਨਿ ਯੂਨੀਫਾਈਡ, ਹੁੰਦੀਆਂ ਦਿਸੀਆਂ, ਜਿਹਨੂੰ ਮੈਂ 'ਮੱਧਕਾਲੀ ਪੰਜਾਬ ਦੀ ਜਾਗਰਤੀ ਲਹਿਰ' ਦਾ ਨਾਮ ਦਿੱਤਾ। ਕੁਝ ਹੋਰ ਨੇੜੇ ਹੋ ਕੇ ਤੱਕਿਆ ਤਾਂ ਪੰਜਾਬ ਦੀ ਇਸ ਜਾਗਰਤੀ ਲਹਿਰ ਦੇ ਨੈਣ-ਨਕਸ਼ ਤੇ ਅਕੀਦੇ ਮੈਨੂੰ ਇਸੇ ਸਮੇਂ ਚੱਲੀ ਯੋਰਪੀਅਨ ਰੇਨਾਸਾਂਸ ਲਹਿਰ ਨਾਲ ਮਿਲਦੀ-ਜੁਲਦੇ ਲੱਗੇ। ਅਤੇ ਇਤਿਹਾਸ ਗਵਾਹ ਹੈ: ਯੋਰਪੀਅਨ ਰੇਨਾਸਾਂਸ ਲਹਿਰ ਤੇ ਇਹਤੋਂ ਜਨਮੀ ਇੰਨਲਾਈਟਨਮੈਂਟ ਲਹਿਰ ਨੇ ਪੱਛਮ ਨੂੰ ਮੱਧਯੁੱਗ ਵਿਚੋਂ ਕੱਢ ਕੇ ਮਾਡਰਨ ਯੁੱਗ ਨਾਲ ਜੋੜਦੇ ਹੋਏ ਜਮਹੂਰੀਅਤ, ਜਮਹੂਰੀ ਅਦਾਰੇ, ਤੇ ਵਿਗਿਆਨਕ ਯੁੱਗ ਦਿੱਤੇ। ਮੁਕਾਬਲਤਨ, ਪੰਜਾਬ ਦੀ ਜਾਗਰਤੀ ਲਹਿਰ ਸਾਨੂੰ ਕੀ ਦਿੱਤਾ? ਮਹਾਂਰਾਜਾ ਰਣਜੀਤ ਸਿੰਘ ਦੇ ਸਿਰ ਉੱਪਰ ਝੂਲਦੀ ਸ਼ਾਹੀ ਕਲਗੀ! ਇਸ ਧਰਤੀ ਉੱਪਰ ਮਨੁੱਖੀ ਇਤਿਹਾਸ ਵਲੋਂ ਸਾਡੇ ਨਾਲ ਕੀਤਾ ਇਹ ਮਜ਼ਾਕ ਵੀ ਪ੍ਰੇਰਨਾ ਸਰੋਤ ਸੀ ਇਹ ਕਿਤਾਬ ਲਿਖਣ ਦਾ।

- **ਜੇ ਪੁੱਛ ਸਕਾਂ ਤਾਂ, ਪੱਛਮ ਵਿੱਚ ਆਉਣ ਦਾ ਸਬੱਬ?**

ਉਦੋਂ ਮੈਂ ਭਾਰਤ ਦੀ ਹਿਮਾਂਚਲ ਪ੍ਰਦੇਸ਼ ਯੂਨੀਵਰਸਟੀ (HPU) ਸ਼ਮਿਲਾ ਵਿੱਚ ਦਾ ਭੌਤਿਕੀ, ਯਾਨਿ ਫਹੇਸਚਿਸ, ਦਾ ਗ੍ਰੈਜੂਏਟ ਵਿਦਿਆਰਥੀ ਸੀ, ਤਾਂ ਦੁਨਿਆਂ ਹੋਰ ਯੂਨੀਵਰਸਿਟੀਆਂ ਨਾਲ ਤਾਲਮੇਲ ਤੇ ਪੁੱਛ ਪੁਛਾਅ ਦੇ ਜ਼ਰੀਏ ਮੈਨੂੰ ਇਹ ਗੱਲ ਸਪਸ਼ਟ ਹੋ ਗਈ ਸੀ ਕਿ ਪੱਛਮ ਵਿੱਚ ਭੌਤਿਕੀ ਸਮੇਤ ਵਿਗਿਆਨ ਦੀ ਵਿੱਦਿਆ ਤੇ ਖੋਜ, ਯਾਨਿ ਰਏਸਏਰਚਹ, ਦਾ ਮਿਆਰ ਉੱਚੇਰਾ ਸੀ। ਵਿਗਿਆਨ ਮਿਆਰ ਚੁੰਬਕ ਹੈ ਤੇ ਮੈਂ ਉਸ ਵੱਲ ਨੂੰ ਖਿੱਚਿਆ ਜਾਣ ਵਾਲਾ ਲੋਹਾ। ਸੋ ਜਿੰਦਾਂ ਵਿਗਿਆਨ ਮੈਨੂੰ ਗੋਰਾਇਆਂ ਸਕੂਲ ਤੋਂ ਅਗਵਾ ਕਰਕੇ ਔਟਾ ਸਕੂਲ ਵਿੱਚ ਲੈ ਗਈ ਸੀ, ਉੱਦਾ ਹੀ ਵਿਗਿਆਨ ਮੈਨੂੰ ਸ਼ਿਮਲਾ ਵਾਲੀ ਯੂਨੀਵਰਸਟੀ ਤੋਂ ਅਗਵਾ ਕਰਕੇ ਕੈਨੇਡਾ ਦੇ ਗ੍ਰੇਟਰ ਵੈਨਕੋਵਰ ਵਿੱਚਲੀ ਸਾਇਮਨ ਫ੍ਰੇਜ਼ਰ ਯੂਨੀਵਰਸਟੀ ਤੇ ਬਾਅਦ ਵਿੱਚ ਓਟਾਵਾ ਦੀ ਕਾਰਲਿਟਨ ਯੂਨੀਵਰਸਟੀ ਵਿੱਚ ਲੈਂ ਗਈ, ਵਿਗਿਆਨ ਦੀ ਉੱਚ ਵਿਦਿਆ ਤੇ ਖੋਜ ਕੰਮ ਲਈ। ਇੱਥੋਂ ਮੇਰੀ ਪੱਛਮ ਵਿੱਚ ਜਿੰਦਗੀ, ਨਾ ਕਿ ਪਰਵਾਸ, ਦੀ ਕਹਾਣੀ ਸ਼ੁਰੂ ਹੁੰਦੀ ਆ।

- **ਇੱਕ ਲਹਿਰ, ਉੱਨੀ ਸੌ 70ਵਿਆਂ ਦੀ ਪੰਜਾਬ ਦੀ, ਵਿੱਚੋਂ ਹੋਰਨਾਂ ਕਈਆਂ ਸਮੇਤ, ਤੁਸੀਂ ਵੀ ਲੰਘ ਕੇ ਆਏ। ਉਸ ਲਹਿਰ ਨੂੰ ਯੂਰਪੀਅਨ ਰੇਨਾਸਾਂਸ ਦੀ ਨਜ਼ਰ ਨਾਲ ਕਿੰਝ ਵੇਖੋਗੇ?**

ਮੱਧਕਾਲੀ ਪੰਜਾਬ ਦੀ ਜਾਗਰਤੀ ਦੌਰਾਨ ਤੇ ਇਹਤੋਂ ਬਾਅਦ, ਆਪਣਾ ਰੇਨਾਸਾਂਸ ਪੂਰਾ ਕਰਨ ਦੀ ਅਸਫ਼ਲ ਕੋਸ਼ਿਸ ਜਾਂ ਰੇਨਾਸਾਂਸ ਨੂੰ ਫ਼ੇਲ ਕਰਨ ਦੀ ਸਫਲ ਕੋਸ਼ਿਸ਼ ਉਪਰੰਤ ਪੰਜਾਬੀ/ਭਾਰਤੀ ਕੌਮ ਸਿਰ ਮਨੁੱਖੀ ਇਤਿਹਾਸ ਦਾ ਇੱਕ ਭਾਰ, ਯਾਣੋ ਇੱਕ ਸਰਾਪ, ਚਲਿਆ ਆਉਂਦਾ ਹੈ: ਆਪਣਾ ਸਫ਼ਲ ਰੇਨਾਸਾਂਸ ਤੇ ਇੰਨਲਾਈਟਨਮੈਂਟ ਨਾ ਕਰਨ ਦਾ ਭਾਰ, ਯਾਣੋ ਸਰਾਪ। ਮੈਂ ਉੱਨੀ ਸੌ ਦੇਰ-60ਵਿਆਂ ਤੇ ਸਾਰੇ 70ਵਿਆਂ ਦੇ ਪੰਜਾਬ ਦੀ ਲਹਿਰ ਨੂੰ, ਇਹਦੇ ਸਾਹਿਤਕ ਤੇ ਸੱਭਿਆਚਾਰਕ ਪੱਖ ਤੋਂ ਦੇਖਦਾ ਹੋਇਆ, ਇਹਨੂੰ ਆਪਣੀ ਕਿਸਮ ਦਾ ਮਿੰਨੀ ਰੇਨਾਸਾਂਸ ਸਮਝਦਾ ਹਾਂ, ਜਿਸ ਵਿੱਚ ਉਦਾਸੀ ਤੇ ਪਾਸ਼ ਵਰਗੇ ਲੇਖਕ ਸਾਡੇ 'ਰੇਨਾਸਾਂਸ ਮਿੰਨ' ਸਨ, ਅਤੇ ਭਾਅ ਜੀ ਗੁਰਸ਼ਰਨ ਸਿੰਘ ਸੱਭ ਤੋਂ ਵੱਡਾ ਤੇਂ ਕੇਂਦਰੀ 'ਰੇਨਾਸਾਂਸ ਮੈਨ' ਸੀ। ਇਹ ਤੁਲਨਾ ਕਰਦੇ ਹੋਏ ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਯੋਰਪੀਅਨ ਰੇਨਾਸਾਂਸ ਦੀ ਸਫ਼ਲਤਾ ਦਾ ਇੱਕ ਮੁੱਖ ਰਾਜ਼ ਸੀ ਕਿ ਇਸ ਲਹਿਰ ਦੇ ਸੰਚਾਲਕ ਚਲੇ ਆਉਂਦੇ ਜਾਗੀਰੂ-ਰਾਜਾਸ਼ਾਹੀ ਤੇ 'ਧਰਮ (ਚਰਚ) ਪ੍ਰਧਾਨ' ਯੁੱਗ ਉੱਪਰੋਂ ਛੜੱਪਾ ਮਾਰ ਕੇ ਗਰੀਕ ਫਲਿਸਫਰਾਂ ਦੇ ਯੁੱਗ ਪਹੁੰਚ ਗਏ, ਆਪਣੇ 'ਅੱਜ' ਦੀ ਰੌਸ਼ਨੀ ਵਿੱਚ ਗਰੀਕ ਫਲਿਸਫਰਾਂ ਦੇ ਯੁੱਗ ਦੀ ਸੋਚ, ਸਾਹਿਤ-ਕਲਾ, ਤੇ ਸੱਭਿਆਚਾਰ ਦੀ ਚੀਰ-ਫਾੜ ਕਰਕੇ, ਤੇ ਇੰਝ ਉਸ ਯੁੱਗ ਵਿੱਚੋਂ 'ਤਰਕ' ਨੂੰ ਅਤੇ ਜਮਹੂਰੀਅਤ ਤੇ ਵਿਗਿਆਨ ਦੇ ਬੀਜ-ਵਿਚਾਰਾਂ ਨੂੰ ਅਪਨਾ ਕੇ; ਉਨ੍ਹਾਂ ਵਿਚਾਰਾਂ ਨੂੰ ਵਿਕਸਿਤ ਕੀਤਾ ਭਵਿੱਖ ਵੱਲ ਨੂੰ ਅੱਗੇ ਵਧਣ ਲਈ। ਇੱਥੇ ਕੁੰਜੀ-ਨੁਕਤਾ (ਕਏ ਪੋਇਨਟ) ਇਹ ਆ ਕਿ ਉਨ੍ਹਾ ਨੇ ਜਾਗੀਰੂ-ਰਾਜਾਸ਼ਾਹੀ ਪ੍ਰਬੰਧ ਤੇ ਉਸ ਦੀਆਂ ਕਦਰਾਂ-ਕੀਮਤਾਂ ਨੂੰ ਠੁਕਰਾਇਆ, ਅੱਗੇ ਵਧਣ ਲਈ, ਮਨੁੱਖੀ ਵਿਕਾਸ ਦੇ ਰਾਹ ਉੱਪਰ। ਜਦ ਕਿ ਉਨੀਂ ਸੌ ਦੇਰ-60ਵਿਆਂ ਤੇ ਸਾਰੇ 70ਵਿਆਂ ਦਾ ਪੰਜਾਬ, ਬਾਕੀ ਭਾਰਤ ਸਮੇਤ ਹੀ, ਅਰਧ-ਜਾਗੀਰੂ ਸੀ (ਤੇ ਹੈ): ਆਪਣੇ ਸਮਾਜਿਕ, ਆਰਥਿਕ, ਰਾਜਨੀਤਿਕ, ਤੇ ਕਦਰਾਂ-ਕੀਮਤਾਂ ਦੇ ਢਾਂਚਿਆਂ ਤੋਂ। ਅਜੇਹੇ ਮਾਹੌਲ ਵਿੱਚ, ਉੱਚ ਜਾਤੀ ਜਾਂ ਅਮੀਰ/ਮੱਧ ਵਰਗਾਂ ਦੇ ਮਨਾਂ ਵਿੱਚ ਅਕਸਰ ਜਾਗੀਰੂ-ਰਾਜਾਸ਼ਾਹੀ ਕਲਗੀਆਂ ਝੂਲਦੀਆ ਨੇ। ਜਾਗੀਰੂ ਜਾਂ ਅਰਧ-ਜਾਗੀਰੂ ਸਮਾਜ ਵਿੱਚ 'ਅਗਾਂਹ-ਵਧੂ' ਜਾਂ 'ਇੰਨਕਲਾਬੀ' ਸੋਚ ਦੇ ਬੰਦੇ ਵੀ ਇਸੇ ਹੀ ਮਾਹੌਲ ਵਿੱਚ ਹੀ ਜੰਮੇ ਪਲੇ ਹੁੰਦੇ ਹਨ; ਨਤੀਜਣ ਉਨ੍ਹਾਂ ਦੇ ਮਨੀ ਵੀ ਕਲਗੀਆਂ ਉੱਗੀਆਂ ਹੁੰਦੀਆਂ ਨੇ। ਚੱਲ ਰਹੀ ਲਹਿਰ ਵਿੱਚ ਇਹ ਜਾਗੀਰੂ-ਰਾਜਾਸ਼ਾਹੀ ਕਲਗੀਆਂ ਝੱਖੜ ਬਣ ਝੁੱਲਦੀਆ ਨੇ, ਤੇ ਲਹਿਰ ਵਿੱਚ ਬੜਾ ਨੁਕਸਾਨ-ਦੇਹ ਖਲਾਰਾ ਪਾਉਂਦੀਆਂ ਨੇ; ਮਿਸਾਲ ਵਜੋਂ ਅੰਤਰ-ਪਾਰਟੀ ਭੇਦਾਂ ਨਾਲ ਵਿਗਿਆਨਕ ਤਰਕ ਸੰਗ ਸਿੱਝਣ ਦੀ ਬਜਾਏ ਸਰਦਾਰੀ/ਚੌਧਰ ਕਾਇਮ ਰੱਖਣ ਲਈ ਪਾਰਟੀ ਦੀਆਂ ਫ਼ਾਕਤਾਂ ਕਰੀ ਜਾਣੀਆਂ, ਇੱਕ ਤੋਂ ਦੋ, ਦੋ ਤੋਂ ਚਾਰ ਆਦਿ। ਸਾਡੇ ਬਾਹਲੇ ਲੋਕ-ਨਾਇਕ ਵੀ, ਕੁੱਲ ਮਿਲਾ ਕੇ, ਜਾਗੀਰੂ ਕਦਰਾਂ-ਕੀਮਤਾਂ ਤੇ ਆਨਾ-ਸ਼ਾਨਾਂ ਨਾਲ ਬੱਝੇ ਹੋਏ ਨੇ। ਇੰਝ, ਪੰਜਾਬ/ਭਾਰਤ ਵਿੱਚ, ਜਾਗੀਰੂ ਕਦਰਾਂ-ਕੀਮਤਾਂ ਅਤੇ ਲਹਿਰ ਦੀ ਇਨ੍ਹਾਂ ਸੰਗ ਅਸਰਦਾਇਕ ਢੰਗ ਨਾਲ ਨਜਿੱਠਣ ਵਿੱਚ ਅਯੋਗਤਾ ਮੂਲ ਰੂਪ ਵਿੱਚ ਪ੍ਰਗਤੀਸ਼ੀਲ ਲਹਿਰਾਂ ਦੀ ਅਸਫ਼ਲਤਾ ਦਾ ਇੱਕ ਵੱਡਾ ਕਾਰਨ ਬਣਦੀ ਚੱਲੀ ਆ ਰਹੀ ਹੈ।

- **ਕਵਿਤਾ ਵੱਲ ਮੁੜਦੇ ਹੋਏ; ਪੰਜਾਬ 'ਚੇ ਰਹਿੰਦੇ ਕਈ ਲੇਖਕ ਤੇ ਆਲੋਚਕ ਅਕਸਰ ਇਹ ਦੋਸ਼ ਲਾਉਂਦੇ ਰਹਿੰਦੇ ਆ ਕਿ ਪਰਵਾਸੀ ਲੇਖਕ ਡਾਲਰਾਂ ਦੇ ਜ਼ੋਰ ਆਪਣੀਆਂ ਨੀਵੇਂ ਪੱਧਰ ਦੀਆਂ ਲਿਖਤਾਂ ਦੀਆਂ ਕਿਤਾਬਾਂ ਛਪਵਾ ਲੈਂਦੇ ਆ। ਇਹਦੇ ਬਾਰੇ ਤੁਹਾਡਾ ਪ੍ਰਤੀਕਰਮ?**

ਕੂੜਾ ਕਵਾੜ ਤਾਂ ਪੰਜਾਬ ਵਿਚ ਵੀ ਬਥੇਰਾ ਛਪਦਾ। ਬਾਕੀ, ਕਿਤਾਬ ਦਾ ਛਪਣਾ ਤੇ ਕਿਤਾਬ ਵਿਚਲੀਆਂ ਲਿਖਤਾਂ ਦੀ ਸਾਹਿਤਕ ਪੱਧਰ ਦੋ ਵੱਖੋ ਵੱਖਰੀਆਂ ਗੱਲਾਂ। ਪੰਜਾਬੀ ਵਿੱਚ ਕਿਤਾਬ ਛਪਵਾਉਣ ਲਈ ਹਰ ਕੋਈ ਅਸਰ ਰਸੂਖ ਵਰਤਦਾ। ਪੌਂਡ ਤੇ ਡਾਲਰ (ਕਰੰਸੀ) ਅਸਰ ਰਸੂਖ ਦਾ ਸਿਰਫ ਇਕ ਸਰੋਤ ਆ। ਕਰੰਸੀ ਪੰਜਾਬ ਦੇ ਲੇਖਕ ਵੀ ਛਪਣ ਲਈ ਵਰਤਦੇ ਈ ਆ, ਬਾਹਰਲੇ ਲੇਖਕ ਜ਼ਰਾ ਜ਼ਿਆਦਾ ਵਰਤ ਲੈਂਦੇ ਹੁਣੇ ਆਂ। ਪਰ ਅਸਰ ਰਸੂਖ ਦੇ ਹੋਰ ਬਥੇਰੇ ਸਰੋਤ ਹੈਗੇ ਆ, ਜਿਵੇਂ ਯੂਨੀਵਰਸਟੀਆਂ ਦੀਆਂ ਕੁਰਸੀਆਂ, ਸਾਹਿਤਕ ਸੰਸਥਾਵਾਂ ਵਲੋਂ ਵਰਤਾਏ ਜਾਂਦੇ ਇਨਾਮ ਸਨਮਾਨ, ਸਰਕਾਰੇ ਦਰਬਾਰੇ ਬਹਿਣੀ ਉੱਠਣੀ, ਅਤੇ ਸਥਾਪਤ ਲੇਖਕਾਂ ਤੇ ਅਲੋਚਕਾਂ ਨਾਲ ਯਾਰੀਆਂ ਤੇ ਚਾਅ ਪਲੂਸੀਆਂ; ਇਨ੍ਹਾਂ ਸਰੋਤਾਂ ਦੀ ਪੰਜਾਬ ਬੈਠੇ ਲੇਖਕ ਵੀ ਭਰਪੂਰ ਵਰਤੋਂ ਕਰਦੇ ਆ। ਮੈਂ ਤਾਂ ਚਾਹੁਨਾ ਪਈ 'ਕਿਤਾਬ ਛਾਪਣੀ' ਹਰ ਲੇਖਕ ਦੀ ਪਹੁੰਚ ਵਿਚ ਹੋਣੀ ਚਾਹੀਦੀ ਆ। ਜਿਵੇਂ ਮੇਰੀ ਪਿਛਲੀ ਗੱਲਬਾਤ ਦੌਰਾਨ, ਜੋ ਸੰਨ 2000 ਆਲੇ ਦੁਆਲੇ 'ਨਵਾਂ ਜ਼ਮਾਨਾ' ਛਪੀ ਜਦੋਂ ਇੰਟਰਨੈੱਟ/ਵੈੱਬ ਅਜੇ ਘਰ ਘਰ ਨਹੀਂ ਸੀ ਪਹੁੰਚੀ, ਮੈਂ ਕਿਹਾ ਸੀ ਕਿ ਵੈੱਬ ਨੇ ਕਿਤਾਬ ਛਾਪਣ ਦਾ ਕੰਮ ਟਾਈਪ ਕਰਨ ਜਿੰਨਾ ਸੌਖਾ ਕਰ ਦੇਣਾ, ਉਹ ਹੁਣ ਹੋ ਚੁਕਿਆ ਹੈ, ਕਈ ਪੱਖਾਂ ਤੋਂ। ਬਾਕੀ ਗੱਲ ਰਹੀ ਸਾਹਿਤਕ ਪੱਧਰ ਦੀ; ਕਿਸੇ ਵੀ ਕਿਤਾਬ ਦਾ ਛਪਣਾ ਉਹਦੇ ਸਾਹਿਤਕ ਪੱਧਰ ਦੀ ਗਰੰਟੀ ਨਹੀਂ ਹੁੰਦਾ। ਉਹਦਾ ਸਾਹਿਤਕ ਪੱਧਰ ਤੇ ਸਾਹਿਤ ਨੂੰ ਉਹਦੀ ਦੇਣ ਸਾਹਿਤ ਦੇ ਪਾਠਕਾਂ ਅਤੇ ਗੰਭੀਰ ਵਿਦਵਾਨਾਂ/ਆਲੋਚਕਾਂ ਵਲੋਂ ਤੈਅ ਕੀਤੀ ਜਾਣੀ ਹੁੰਦਾ ਆ, ਨਾ ਕਿ ਚਾਹ ਦੇ ਕੱਪਾਂ, ਸ਼ਰਾਬ/ਚਿੱਕਨਾਂ, ਇਨਾਮਾਂ/ਸਨਮਾਨਾਂ, ਤੇ ਹੋਰ ਗਰਜ਼ਾ 'ਤੇ ਵਿਕ ਜਾਣ ਵਾਲੇ ਤਥਾ-ਕਥਿਤ ਆਲੋਚਕਾਂ ਵਲੋਂ। ਐਸਾ ਮੇਰਾ ਵਿਸ਼ਵਾਸ ਹੈ, ਤੇ ਉਮੀਦ ਵੀ।

- **ਗੱਲ ਪਰਵਾਸੀ ਲੇਖਕਾਂ ਦੀ ਚੱਲੀ ਹੈ ਤਾਂ ਇਹ ਵੀ ਪੁੱਛ ਵੇਖਾਂ: ਪੰਜਾਬੀ ਸਾਹਿਤ ਵਿੱਚ 'ਪਰਵਾਸੀ ਲੇਖਕ' ਤੇ 'ਪਰਵਾਸੀ ਕਵਿਤਾ' ਆਦਿ ਸੰਕਲਪਾਂ ਬਾਰੇ ਤੁਹਾਡਾ ਕੀ ਵਿਚਾਰ ਹੈ?**

ਮੇਰੀ ਜਾਣਕਾਰੀ ਮੁਤਾਬਕ, ਅੰਗਰੇਜ਼ੀ, ਹਿੰਦੀ, ਜਾਂ ਕਿਸੇ ਵੀ ਭਾਸ਼ਾ-ਸਾਹਿਤ ਦਾ ਇਸ ਤਰ੍ਹਾਂ ਨਹੀਂ, ਜਿਸ ਤਰ੍ਹਾਂ ਇਹ ਵਰਤਿਆ ਜਾਂਦਾ, ਪੰਜਾਬੀ ਸਾਹਿਤ ਵਿੱਚ: 'ਪਰਵਾਸ' ਬਹੁਤ ਖ਼ਤਰਨਾਕ, ਸ਼ਾਜ਼ਿਸ਼ੀ, ਤੇ ਭ੍ਰਿਸ਼ਟ ਸੰਕਲਪ ਆ, ਕਈ ਪੱਖਾਂ ਤੋਂ, ਸੋਚੀ ਜੀ, ਮੇਰੇ ਵਿਚਾਰ ਅਨੁਸਾਰ। ਇਸ ਦੀਆਂ ਜੜ੍ਹਾਂ ਭਾਰਤ ਦੀ ਪ੍ਰਾਚੀਨ ਸੰਸਕ੍ਰਿਤੀ, ਜਾਂ ਹਿੰਦੂ ਫ਼ਲਸਫ਼ੇ, ਦੇ ਉਸ ਹਿੱਸੇ ਤੱਕ ਪਹੁੰਚਦੀਆ, ਜਿਸ ਅਨੁਸਾਰ "ਪਹਿਲਾਂ ਯੁੱਗ ਸੱਤਯੁਗ ਸੀ ਅਤੇ ਤ੍ਰੇਤਾ ਤੇ ਦੁਆਪਰ ਤੋਂ ਬਾਅਦ ਹੁਣ ਦਾ ਯੁੱਗ ਕਲਯੁੱਗ ਹੈ।" ਇਹ ਵਿਸ਼ਵਾਸ ਭੂਤ-ਮੁੱਖੀ ਸੋਚ ਤੇ ਪਹੁੰਚ ਨੂੰ ਜਨਮ ਦਿੰਦਾ, ਜਿਹਦੇ ਧਾਰਨੀ ਅੱਜ ਸਮੱਸਿਆਵਾਂ ਦੇ ਹੱਲ ਭੂਤ ਕਾਲ ਲੱਭਦੇ ਆ। ਜੇ ਸੱਤਯੁੱਗ ਤਾਂ ਪਿੱਛੇ ਰਹਿ ਗਿਆ, ਅੱਜ ਕਲਯੁੱਗ, ਯਾਨਿ ਭੈੜਾ ਯੁੱਗ ਆ; ਤਾਂ ਪਿਛਲ-ਝਾਕ ਤਾਂ ਲੱਗਣੀ ਹੀ ਹੋਈ "ਭਲੇ ਜ਼ਮਾਨਿਆਂ" ਵੱਲ ਨੂੰ। ਮਿਸਾਲ ਦੇ ਤੌਰ 'ਤੇ, ਸਾਡੇ ਵਿੱਚੋਂ ਵੱਡਾ ਹਿੱਸਾ, ਸਣੇ ਲੇਖਕ, ਪੰਜਾਬੀ ਅੱਜ ਵੀ ਰਣਜੀਤ ਸਿੰਘ ਦੀ ਰਾਜ-ਵਾਪਸੀ ਦੇ ਸੁਪਨੇ ਦੇਖਦੇ ਹਨ; ਵਾਰਿਸਸ਼ਾਹ, ਬਾਬਾ ਨਾਨਕ, ਬੁਲੇ ਸ਼ਾਹ, ਤੇ ਸ਼ਿਵ ਆਦਿ ਨੂੰ ਹਾਕਾਂ ਮਾਰਦੇ ਆ, ਜਾਂ ਉਨ੍ਹਾਂ ਨੂੰ ਹਾਕਾਂ ਉਪਰ ਤਾੜੀਆਂ ਮਾਰਦੇ ਨਹੀਂ ਥੱਕਦੇ। ਮੁੱਕਦੀ ਗੱਲ, ਭੂਤ-ਮੁੱਖੀ ਸੋਚ ਤੇ ਮਾਨਸਿਕਤਾ ਜੜ੍ਹਤਾ, ਯਾਨਿ ਤਬਦੀਲੀ ਦਾ ਵਿਰੋਧ, ਨੂੰ ਜਨਮ ਦਿੰਦੀ ਆ।

'ਪਰਵਾਸ' ਸੰਕਲਪ ਦੀ ਮਾਂ, ਪੰਜਾਬ ਤੇ ਭਾਰਤ ਸਰਕਾਰਾਂ ਸਮੇਤ, ਪੰਜਾਬੀ/ਭਾਰਤੀ ਕੌਮ ਦੀ 'ਜੜ੍ਹਤਾ' ਹੈ। ਪੰਜਾਬੀ ਯੂਨੀਵਰਸਿਟੀ ਦੇ 'ਪੰਜਾਬੀ ਸ਼ਬਦ ਕੋਸ਼' ਅਨੁਸਾਰ 'ਪਰਵਾਸੀ' ਦਾ ਅਰਥ ਹੈ, "ਆਪਣਾ ਦੇਸ ਛੱਡ ਦੇ ਵਿਦੇਸ਼ ਵਿੱਚ ਜਾ ਕੇ ਵਸਣ ਵਾਲਾ", ਯਾਨਿ ਪਰਵਾਸ ਦਾ ਮਤਲਬ ਹੋਇਆ: 'ਆਪਣਾ ਦੇਸ਼' ਛੱਡ ਕਿਸੇ ਹੋਰ ਦੇਸ਼ ਜਾ ਵਸਣਾ। ਪਰਵਾਸ ਦੀ ਇਹ ਪ੍ਰਭਾਸ਼ਾ ਅਪਣਾਉਣੇ ਹੀ ਭਾਰਤ ਦੇ ਪਰਵਾਸ ਐਕਟ, ਯਾਨਿ ਠਹਏ ਓਮਗਿਰੲਟੋਨਿ ਅਚਟ, 1983, ਅਨੁਸਾਰ, "ਪਰਵਾਸੀ ਦਾ ਮਤਲਬ ਹੈ ਭਾਰਤ ਦਾ ਕੋਈ ਨਾਗਰਿਕ ਜੋ ਪਰਵਾਸ ਕਰਨ ਇਰਾਦਾ ਰੱਖਦਾ ਹੈ ਜਾਂ ਪਰਵਾਸ ਕਰਦਾ ਹੈ ਜਾਂ ਪਰਵਾਸ ਕਰ ਚੁੱਕਾ ਹੈ"।

ਪਰਵਾਸ ਤੇ ਪਰਵਾਸੀ ਦੀ ਇਸ ਪ੍ਰਭਾਸ਼ਾ ਦੇ ਨਜ਼ਰੀਏ ਤੋਂ 1) ਬੰਦੇ ਦਾ ਇੱਕ ਹੀ ਦੇਸ਼ ਹੁੰਦਾ ਹੈ, ਬੇ-ਸ਼ੱਕ ਉਹਦਾ ਜਨਮ-ਦੇਸ਼, 2) ਜਦੋਂ ਉਹ ਕਿਸੇ ਵੀ ਹੋਰ ਦੇਸ਼ ਵਿੱਚ ਵਸ ਜਾਵੇ, ਭਾਵੇਂ ਉਸ ਦੇਸ਼ ਦਾ ਨਾਗਰਿਕ ਬਣਕੇ ਹੀ, ਤਾਂ ਉਹ ਪਰਵਾਸੀ ਜਾਂ ਵਿਦੇਸ਼ੀ ਹੋ ਜਾਂਦਾ ਹੈ। ਇਹ ਨਜ਼ਰੀਆ ਹੈ ਸਾਡੇ ਪ੍ਰਤੀ ਪੰਜਾਬ ਜਾਂ ਭਾਰਤ ਦੀ ਸਥਾਪਤੀ ਦਾ। 'ਜਦਿਗੀ ਭਰ ਇੱਕੋ ਦੇਸ਼ ਤੇ ਬਾਕੀ ਸੱਭ ਵਿਦੇਸ਼' ਦਾ ਸਿਧਾਂਤ 'ਜੜ੍ਹਤਾ' ਸੋਚ ਦੀ ਪੈਦਾਵਾਰ ਆ। ਇਹ ਮੇਲ ਨਹੀਂ ਖਾਂਦਾ ਆਧੁਨਿਕ ਯੁੱਗ ਦੀ ਸਚਾਈ ਨਾਲ, ਜਿਸਨੂੰ ਪੱਛਮ ਬਾਹਲੇ, ਜੇ ਸਾਰੇ ਨਹੀਂ, ਦੇਸ਼ ਪਛਾਣਦੇ ਨੇ ਕਿ ਬੰਦੇ ਦੇ ਇੱਕ ਤੋਂ ਜਆਿਦਾ ਦੇਸ਼ ਹੋ ਸਕਦੇ ਨੇ। ਮਿਸਾਲ ਵਜੋਂ, ਜਦੋਂ ਬੰਦਾ ਇੱਕ ਦੇਸ਼ ਵਿੱਚ ਪੈਦਾ ਹੋ ਕੇ ਉਮਰ ਦੇ ਕਿਸੇ ਵੀ ਪੜਾਅ 'ਤੇ ਕਿਸੇ ਦੂਜੇ ਦੇਸ਼ ਵਿੱਚ ਆਣ ਵਸੇ ਤੇ ਉਹਦੀ ਨਾਗਰਿਕਤਾ ਗ੍ਰਹਿਣ ਕਰ ਲਵੇ ਤਾਂ ਇਹ ਦੂਜਾ ਦੇਸ਼ ਵੀ ਬੰਦੇ ਦਾ ਦੇਸ਼ ਬਣ ਜਾਂਦਾ ਹੈ, 'ਜਨਮ-ਦੇਸ਼' ਉੱਪਰ ਕਾਂਟਾ ਮਾਰੇ ਬਗ਼ੈਰ ਹੀ; ਦੂਜੇ ਜਾਂ ਨਵੇਂ ਨੂੰ ਆਪਣੀ ਮਰਜ਼ੀ ਜਾਂ ਚੋਣ ਦਾ ਦੇਸ਼, ਯਾਣਿ ਕਨਟ੍ਰੀ ਆਫ ਚੋਆਇਸ, ਵੀ ਕਿਹਾ ਜਾਂਦਾ ਹੈ। ਪਿਛਾਂਹ ਰਹਿ ਗਏ ਦੇਸ਼ ਨੂੰ ਜਨਮ ਦੇਸ਼ ਜਾਂ ਮੁੱਢਲਾ ਦੇਸ਼ ਕਿਹਾ ਜਾਂਦਾ ਹੈ। ਇੱਕ ਪਿੱਛੇ ਰਹਿ ਗਿਆ ਜਨਮ-ਦੇਸ਼ ਤੇ ਦੂਜਾ ਹੁਣ ਦਾ ਦੇਸ਼: ਪ੍ਰਦੇਸ਼ ਕੋਈ ਨਹੀਂ।



- ਚਲਦਾ

# ਗੁਰਦੁਆਰਾ ਸਾਹਿਬ ਗੁਰਸਿੱਖ ਸੋਸਾਇਟੀ

32086 ਰਾਏ ਐਵੀਨਿਊ, ਲੋਹ ਹੀਡ ਹਾਈਵੇ, (ਮਿਸ਼ਨ)




## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ

## ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ ਹੋਣ ਜੀ

### ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੇ

ਜਨਵਰੀ 3, 2025 ਦਿਨ ਸ਼ੁੱਕਰਵਾਰ ਨੂੰ ਸਵੇਰੇ 10:00 ਵਜੇ

**ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ**

ਜਨਵਰੀ 5, 2025 ਦਿਨ ਐਤਵਾਰ ਨੂੰ ਸਵੇਰੇ 10:00 ਵਜੇ

**ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ**

ਉਪਰੰਤ ਸਾਰਾ ਦਿਨ ਕੀਰਤਨ ਦੀਵਾਨ ਸਜਣਗੇ।

ਇਸ ਮੌਕੇ ਲੰਗਰ ਦੀ ਸੇਵਾ ਸ੍ਰੀ ਸੁਖਮਨੀ ਸਾਹਿਬ ਦੀਆਂ ਸਮੂਹ ਸੰਗਤ ਵਲੋਂ ਹੋਵੇਗੀ।

11 ਜਨਵਰੀ ਨੂੰ ਸਵੇਰੇ ਸੁਖਮਨੀ ਸਾਹਿਬ ਅਤੇ ਲੰਗਰ ਦੀ ਸੇਵਾ ਤਾਰਾ ਸਿੰਘ ਦੁੱਗਲ ਪਰਿਵਾਰ ਵਲੋਂ ਹੋਵੇਗੀ।
11 ਜਨਵਰੀ ਸ਼ਾਮ ਨੂੰ ਸੁਖਮਨੀ ਸਾਹਿਬ ਅਤੇ ਲੰਗਰ ਦੀ ਸੇਵਾ ਅਵਤਾਰ ਸਿੰਘ ਗਿੱਲ ਪਰਿਵਾਰ ਵਲੋਂ ਹੋਵੇਗੀ।
12 ਜਨਵਰੀ ਸ਼ਾਮ ਨੂੰ ਸੁਖਮਨੀ ਸਾਹਿਬ ਅਤੇ ਲੰਗਰ ਦੀ ਸੇਵਾ ਜਸਪਾਲ ਸਿੰਘ ਰੰਧਾਵਾ ਪਰਿਵਾਰ ਵਲੋਂ ਹੋਵੇਗੀ।

### ਗੁਰਦੁਆਰਾ ਸਾਹਿਬ ਗੁਰਸਿੱਖ ਸੋਸਾਇਟੀ ਮਿਸ਼ਨ-ਬੀ.ਸੀ.

ਵਧੇਰੇ ਜਾਣਕਾਰੀ ਲੈਣ ਲਈ ਜਾਂ ਫਿਰ ਪ੍ਰੋਗਰਾਮ ਬੁੱਕ ਕਰਵਾਉਣ ਲਈ ਦਿੱਤੇ ਗਏ ਫੋਨ ਨੰਬਰਾਂ 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਦਫਤਰ 604-820-1344 ਜਾਂ ਹੈੱਡ ਗ੍ਰੰਥੀ ਗਿਆਨੀ ਕੁਲਵੰਤ ਸਿੰਘ ਜੀ 604-751-3000

# ਜ਼ਹਿਰੀਲੇ ਖਾਣੇ ਕਾਰਣ ਭਾਰਤ ਦੇ 70 ਫੀਸਦੀ ਲੋਕ ਭਿਆਨਕ ਬਿਮਾਰੀਆਂ ਦੀ ਜਕੜ ਵਿਚ

## ਜ਼ਹਿਰੀਲੀ ਖੇਤੀ ਵਿਚ ਪੰਜਾਬ ਸਭ ਤੋਂ ਮੋਹਰੀ, ਮਿਲਾਵਟੀ ਖੇਤੀ ਉਤਪਾਦਾਂ ਕਾਰਣ ਰਸੋਈ ਵਿਚ ਪਕਾਇਆ ਜਾ ਰਿਹਾ ਜ਼ਹਿਰੀਲਾ ਭੋਜਨ

ਚੰਡੀਗੜ੍ਹ : ਜ਼ਹਿਰੀਲੇ ਖੇਤੀ ਉਤਪਾਦਕਾਂ ਅਤੇ ਮਿਲਾਵਟਖੋਰੀ ਨਾਲ ਦੇਸ਼ ਭਰ ਦੇ ਪਰਿਵਾਰ ਦੀਆਂ ਰਸੋਈਆਂ ਵਿਚ ਸੁਆਣੀਆਂ ਵਲੋਂ ਆਪਣੇ ਪਰਿਵਾਰ ਲਈ ਪਰੋਸੇ ਜਾ ਰਹੇ ਜ਼ਹਿਰੀਲੇ ਖਾਣੇ ਖਾਣ ਨਾਲ ਦੇਸ਼ ਦੇ 140 ਕਰੋੜ ਤੋਂ ਵੱਧ ਆਬਾਦੀ ਵਿਚੋਂ 70 ਫੀਸਦੀ ਲੋਕ ਵੱਖ-ਵੱਖ ਭਿਆਨਕ ਬਿਮਾਰੀਆਂ ਦੀ ਜਕੜ ਵਿਚ ਆ ਚੁੱਕੇ ਹਨ ।ਪੰਜਾਬੀਆਂ ਵਿਚ ਬਿਮਾਰੀ ਲੱਗਣ ਦੀ ਰਫ਼ਤਾਰ ਦੇਸ਼ ਦੇ ਦੂਸਰੇ ਸੂਬਿਆਂ ਨਾਲੋਂ 50 ਫੀਸਦੀ ਵੱਧ ਹੈ । ਇਸ ਦੀ ਤਾਜ਼ਾ ਮਿਸਾਲ ਸੂਬੇ ਦੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿਚ ਸ਼ੂਗਰ, ਕੈਂਸਰ ਅਤੇ ਦਿਲ ਦੀਆਂ ਬਿਮਾਰੀਆਂ, ਲੀਵਰ ਫੇਲ੍ਹ ਅਤੇ ਅੰਤੜੀਆਂ ਦੇ ਰੋਗਾਂ ਦੇ ਮਰੀਜ਼ਾਂ ਦੀਆਂ ਲੰਬੀਆਂ ਕਤਾਰਾਂ ਅਤੇ ਹਸਪਤਾਲ ਦੇ ਓ.ਪੀ. ਡੀ. ਲਈ ਲੱਗੇ ਰਿਕਾਰਡ ਰਜਿਸਟਰਾਂ ਵਿਚ ਦਰਜ ਮਰੀਜ਼ਾਂ ਦੀ ਗਿਣਤੀ ਤੋਂ ਸਹਿਜੇ ਹੀ ਮਿਲਦੀ ਹੈ ।



ਪੰਜਾਬ ਦੇ ਲੋਕਾਂ ਵਿਚ ਲੱਗ ਰਹੀਆਂ ਭਿਆਨਕ ਬਿਮਾਰੀਆਂ ਦਾ ਕਾਰਨ ਪੰਜਾਬ ਵਿਚ ਖੇਤੀ ਕਰਨ ਲਈ ਫ਼ਸਲਾਂ ਅਤੇ ਸਬਜ਼ੀਆਂ ਵਿਚ ਲੋੜ ਤੋਂ ਵੱਧ ਵਰਤੇ ਜਾ ਰਹੇ ਕੀਟਨਾਸ਼ਕਾਂ ਅਤੇ ਯੂਰੀਆ ਆਦਿ ਦੀ ਹੋ ਰਹੀ ਵਰਤੋਂ ਨਾਲ ਖੇਤੀ ਉਤਪਾਦਨਾਂ ਵਿਚੋਂ ਪੈਦਾ ਹੋਣ ਵਾਲਾ ਜ਼ਹਿਰ ਸਾਡੇ ਖ਼ੂਨ ਵਿਚ ਤੇਜ਼ੀ ਨਾਲ ਰਲ ਰਿਹਾ ਹੈ । ਬਾਕੀ ਕਸਰ ਦੇਸ਼ ਦੇ ਲਾਲਚ ਵਪਾਰੀਆਂ ਵਲੋਂ ਮੁਨਾਫ਼ਾਖੋਰੀ ਲਈ ਸਾਡੀਆਂ ਰਸੋਈਆਂ ਵਿਚ ਵਰਤੋਂ ਆਉਣ ਵਾਲੀ ਮਸਾਲਿਆਂ, ਦਾਲਾਂ ਅਤੇ ਖਨਿਜ ਤੇਲਾਂ, ਦੇਸੀ ਘਿਓ, ਪਨੀਰ ਅਤੇ ਦੁੱਧ ਵਿਚ ਵੱਡੀ ਪੱਧਰ 'ਤੇ ਕੀਤੀ ਜਾ ਰਹੀ ਮਿਲਾਵਟ ਨਾਲ ਪੂਰੀ ਕਰ ਦਿੱਤੀ ਗਈ ਹੈ । ਮੀਡੀਆ ਰਿਪੋਰਟਾਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਲੁਧਿਆਣਾ, ਮਾਨਸਾ ਅਤੇ ਬਠਿੰਡਾ ਜ਼ਿਲ੍ਹਿਆਂ ਦੀ 60 ਫੀਸਦੀ ਮਿੱਟੀ ਦੇ ਨਮੂਨਿਆਂ ਵਿਚ ਐਂਡੋਸਟਾਨ ਅਤੇ ਕਾਰਬੋਫਿਊਰਾਨ ਵਰਗੇ ਜ਼ਹਿਰਲੇ ਰਸਾਇਣਿਕ ਅਤੇ ਕੀਟਨਾਸ਼ਕਾਂ ਦੀ ਰਹਿੰਦ ਖੂੰਹਦ ਦੀ ਵੱਡੀ ਮਾਤਰਾ ਪਾਈ ਗਈ ਹੈ ।

ਪੰਜਾਬ ਵਿਚ ਫ਼ਸਲਾਂ ਦਾ ਝਾੜ ਵਧਾਉਣ ਲਈ ਪੰਜਾਬ ਦੀ 85 ਫੀਸਦੀ ਜ਼ਮੀਨ 'ਤੇ ਕਣਕ ਅਤੇ ਝੋਨੇ ਦੀਆਂ ਫ਼ਸਲਾਂ 'ਤੇ 77 ਕਿੱਲੋ ਤੋਂ ਵਧੇਰੇ ਕੀਟਨਾਸ਼ਕ ਪ੍ਰਤੀ ਹੈਕਟੇਅਰ ਵਰਤੋਂ ਕੀਤੀ ਜਾ ਰਹੀ ਹੈ, ਜੋ ਕਿ ਰਾਸ਼ਟਰੀ ਪੱਧਰ ਤੋਂ ਕਾਫ਼ੀ ਵੱਧ ਹੈ ਸ਼ ਦੇਸ਼ ਦੇ ਹੋਰ ਰਾਜਾਂ ਵਿਚ 50 ਕਿੱਲੋ ਦੇ ਕਰੀਬ ਕੀਟਨਾਸ਼ਕ ਜ਼ਹਿਰਾਂ ਦੀ ਵਰਤੋਂ ਕੀਤੇ ਜਾਣ ਦੇ ਅਨੁਮਾਨ ਹਨ ਙ ਇਹ ਨਤੀਜੇ ਦੇਸ਼ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਤਬਾਹਕੁੰਨ ਸਾਬਤ ਹੋ ਸਕਦੇ ਹਨ ।ਜਿਸ ਦੇ ਭਿਆਨਕ ਨਤੀਜੇ ਆਉਣੇ ਸ਼ੁਰੂ ਹੋ ਚੁੱਕੇ ਹਨ ਙ ਸਾਡੇ ਨਵ ਵਿਆਹੇ ਜੋੜਿਆਂ ਵਿਚ ਬੱਚੇ ਪੈਦਾ ਕਰਨ ਦੀ ਸ਼ਕਤੀ ਦਿਨ ਬ ਦਿਨ ਘਟ ਰਹੀ ਹੈ ।

ਤਾਜ਼ਾ ਅੰਕੜਿਆਂ ਅਨੁਸਾਰ ਆਈ ਵੀ ਐਫ਼ ਤਕਨੀਕ ਰਹੀਂ 20 ਫੀਸਦੀ ਜੋੜੇ ਆਪਣੇ ਬੱਚੇ ਲੈ ਰਹੇ ਹਨ । ਜੋ ਸਾਡੀਆਂ ਫ਼ਸਲਾਂ ਤੋਂ ਬਾਅਦ ਸਾਡੀਆਂ ਨਸਲਾਂ ਲਈ ਵੱਡਾ ਖ਼ਤਰਾ ਪੈਦਾ ਹੋ ਰਿਹਾ ਹੈ ਙ ਦੇਸ਼ ਵਿਚ ਖਾਦਾਂ ਅਤੇ ਕੀਟਨਾਸ਼ਕਾਂ ਦੀ ਕੀਤੀ ਜਾ ਰਹੀ ਅੰਨ੍ਹੇਵਾਹ ਵਰਤੋਂ ਵਿਚ 35 ਹਜ਼ਾਰ ਕਰੋੜ ਦੇ ਕਰੀਬ ਕਾਰੋਬਾਰ ਹੋ ਰਿਹਾ ਹੈ, ਜਿਸ ਵਿਚ ਪੰਜਾਬ ਸਭ ਤੋਂ ਮੋਹਰੀ ਹੈ ।

ਤਾਜ਼ਾ ਅੰਕੜਿਆਂ ਅਨੁਸਾਰ ਸੂਬੇ ਵਿਚ 2021 ਤੋਂ 2022 ਤੱਕ 30362 ਕਰੋੜ, 2022 ਤੋਂ 2023 ਵਿਚ 33205 ਕਰੋੜ ਅਤੇ ਚਾਲੂ ਸਾਲ 2023 ਤੋਂ 2024 ਵਿਚ 35000 ਕਰੋੜ ਦੇ ਕਰੀਬ ਕਾਰੋਬਾਰ ਹੋਇਆ ਹੈ ।ਦੂਸਰੇ ਪਾਸੇ ਮਿਲਾਵਟਖੋਰੀ ਨਾਲ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਮੁਨਾਫ਼ਾਖੋਰਾਂ 'ਤੇ ਕਰੜਾ ਸ਼ਿਕੰਜ਼ਾ ਕੱਸਣ ਦੀ ਲੋੜ ਹੈ ।

ਡਾ. ਅੰਮ੍ਰਿਤ ਸਾਗਰ ਮਿੱਤਲ (ਵਾਈਸ ਚੇਅਰਮੈਨ ਸੋਨਾਲੀਕਾ) ਆਖਦੇ ਹਨ ਕਿ ਬਠਿੰਡਾ, ਮਾਨਸਾ ਅਤੇ ਲੁਧਿਆਣਾ ਦੇ ਖੇਤਾਂ ਵਿਚੋਂ 60 ਫੀਸਦੀ ਮਿੱਟੀ ਦੇ ਨਮੂਨਿਆਂ ਵਿਚ ਐਂਡੋਸਲਫਾਨ ਅਤੇ ਕਾਰਬੋਫਿਊਰਾਨ ਵਰਗੇ ਜ਼ਹਿਰੀਲੇ ਰਸਾਇਣਕ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਪਾਈ ਗਈ ਹੈ। ਇਹ ਖ਼ਤਰਾ ਟਾਈਮ ਬੰਬ ਵਾਂਗ ਚਿਤਾਵਨੀ ਹੈ ਜੋ ਨਾ ਸਿਰਫ਼ ਸਾਡੀਆਂ ਫ਼ਸਲਾਂ ਨੂੰ ਜ਼ਹਿਰ ਦੇ ਰਿਹਾ ਹੈ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਖ਼ਤਰੇ ਦਾ ਸੰਕੇਤ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਦੇ 85 ਫੀਸਦੀ ਤੋਂ ਵੱਧ ਰਕਬੇ ਵਿਚ ਝੋਨੇ ਅਤੇ ਕਣਕ ਦੀ ਖੇਤੀ 'ਤੇ ਨਿਰਭਰ ਪੰਜਾਬ ਵਿਚ ਰਸਾਇਣਕ ਕੀਟਨਾਸ਼ਕਾਂ ਦੀ ਵਧ ਰਹੀ ਖਪਤ ਚਿੰਤਾਜਨਕ ਹੈ। ਰਾਸ਼ਟਰੀ ਪੱਧਰ 'ਤੇ ਕੀਟਨਾਸ਼ਕਾਂ ਦੀ ਖਪਤ 62 ਕਿਲੋ ਪ੍ਰਤੀ ਹੈਕਟੇਅਰ ਹੈ, ਜਦੋਂ ਕਿ ਪੰਜਾਬ ਵਰਗਾ ਛੋਟਾ ਰਾਜ, ਜੋ ਪ੍ਰਤੀ ਹੈਕਟੇਅਰ 77 ਕਿਲੋ ਕੀਟਨਾਸ਼ਕਾਂ ਦੀ ਖਪਤ ਕਰਦਾ ਹੈ, ਯੂ. ਪੀ. ਅਤੇ ਮਹਾਰਾਸ਼ਟਰ ਵਰਗੇ ਵੱਡੇ ਰਾਜਾਂ ਤੋਂ ਬਾਅਦ ਦੇਸ਼ ਵਿਚ ਤੀਜੇ ਸਥਾਨ 'ਤੇ ਹੈ।ਇਸ ਪਾਗਲਪਨ ਦੇ ਨਤੀਜੇ ਤਬਾਹਕੁੰਨ ਹਨ। ਸਾਡੀ ਉਪਜਾਊ ਜ਼ਮੀਨ ਬੰਜਰ ਹੁੰਦੀ ਜਾ ਰਹੀ ਹੈ। ਮਿੱਟੀ ਵਿਚ ਕੁਦਰਤੀ ਉਪਜਾਊ ਸ਼ਕਤੀ ਨੂੰ ਕਾਇਮ ਰੱਖਣ ਵਾਲੇ ਸੂਖਮ ਜੀਵਾਣੂ ਰਸਾਇਣਕ ਕੀਟਨਾਸ਼ਕਾਂ ਦੀ ਜ਼ਿਆਦਾ ਵਰਤੋਂ ਕਾਰਨ 30 ਤੋਂ 50 ਫੀਸਦੀ ਤੱਕ ਨਸ਼ਟ ਹੋ ਚੁੱਕੇ ਹਨ। ਇਸ ਦਾ ਸਿੱਧਾ ਅਸਰ ਮਿੱਟੀ ਦੀ ਗੁਣਵੱਤਾ ਅਤੇ ਫ਼ਸਲਾਂ ਦੀ ਪੌਸ਼ਟਿਕ ਸਮਰੱਥਾ 'ਤੇ ਪਿਆ ਹੈ।ਉਹ ਆਖਦੇ ਹਨ ਕਿ ਪੈਸਟੀਸਾਈਡ ਮੈਨੇਜਮੈਂਟ 'ਤੇ ਅੰਤਰਰਾਸ਼ਟਰੀ ਕੋਡ ਆਫ ਕੰਡਕਟ ਦੀਆਂ ਹਦਾਇਤਾਂ ਅਨੁਸਾਰ ਸਰਕਾਰਾਂ ਅਤੇ ਨਿਰਮਾਣ ਕੰਪਨੀਆਂ ਨੂੰ ਕਿਸਾਨਾਂ ਨੂੰ ਸਹੀ ਸਿਖਲਾਈ ਅਤੇ ਜਾਣਕਾਰੀ ਦੇਣੀ ਚਾਹੀਦੀ ਹੈ, ਪਰ ਇਨ੍ਹਾਂ ਹਦਾਇਤਾਂ ਦੀ ਪਾਲਣਾ ਕਰਨ ਲਈ ਸਖ਼ਤੀ ਕਰਨ ਦੀ ਲੋੜ ਹੈ।

ਰਸਾਇਣਕ ਕੀਟਨਾਸ਼ਕਾਂ ਨਾਲ ਸਾਡੇ ਭੋਜਨ ਅਤੇ ਖ਼ੂਨ ਵਿਚ ਘੁਲਦਾ ਜ਼ਹਿਰ ਸਾਡੀਆਂ ਅਗਲੀਆਂ ਪੀੜ੍ਹੀਆਂ ਲਈ ਤਬਾਹੀ ਮਚਾ ਸਕਦਾ ਹੈ। ਸੁਰੱਖਿਅਤ ਅਤੇ ਟਿਕਾਊ ਖੇਤੀ ਨੂੰ ਯਕੀਨੀ ਬਣਾਉਣ ਦਾ ਇਕੋ-ਇਕ ਤਰੀਕਾ ਹੈ ਅੰਤਰਰਾਸ਼ਟਰੀ ਮਾਪਦੰਡਾਂ ਅਨੁਸਾਰ ਕਿਸਾਨ-ਕੇਂਦ੍ਰਿਤ ਕਾਨੂੰਨੀ ਢਾਂਚਾ ਸਥਾਪਤ ਕਰਨਾ।

ਡਾ. ਐੱਸਪੀ ਐੱਸ ਬਰਾੜ ਸੇਵਾਮੁਕਤ ਡਾਇਰੈਕਟਰ ਪੰਜਾਬ ਐਗਰੀਕਲਚਰ ਐਕਸਟੈਨਸ਼ਨ ਐਂਡ ਟ੍ਰੇਨਿੰਗ ਇੰਸਟੀਚਿਊਟ ਆਖਦੇ ਹਨ ਕਿ ਸਮੱਸਿਆ ਹੈ ਸਾਡੇ ਪੀਣ ਵਾਲੇ ਪਾਣੀ ਵਿੱਚ ਜਿਹੜਾ ਸ਼ਹਿਰਾਂ ਦੇ ਸੀਵਰ ਤੇ ਸਨਅਤ ਨੇ ਖ਼ਰਾਬ ਕੀਤਾ ਹੈ। ਅੱਜ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੇ 29 ਫ਼ੀਸਦੀ ਨਮੂਨਿਆਂ ਵਿੱਚ ਯੂਰੇਨੀਅਮ 30 ਪੀਪੀਬੀ ਤੋਂ ਵੱਧ ਪਾਇਆ ਗਿਆ ਜੋ ਭਾਰੀ ਧਾਤ ਹੈ।

ਇਹ ਸਿਹਤ ਲਈ ਹਾਨੀਕਾਰਕ ਹੈ। ਸਮੱਸਿਆ ਸਾਡੀ ਐਂਟੀਬਾਇਟਿਕ ਦੀ ਵਰਤੋਂ ਵਿੱਚ ਹੈ। ਕਦੇ ਇਨ੍ਹਾਂ ਦੀ ਗੁਣਵੱਤਾ ਨੂੰ ਜਾਂਚਿਆ ਹੀ ਨਹੀਂ ਜਾਂਦਾ। ਸਮੱਸਿਆ ਸਾਡੇ ਪ੍ਰਾਸੈਸਡ ਫੂਡ ਵਿੱਚ ਵੀ ਹੈ ਜਿਨ੍ਹਾਂ ਵਿੱਚ ਲੰਬੇ ਸਮੇਂ ਲਈ ਸੁਰੱਖਿਅਤ ਰੱਖਣ ਲਈ ਰਸਾਇਣ ਪਾਏ ਜਾਂਦੇ ਹਨ। ਇਨ੍ਹਾਂ ਤੋਂ ਧਿਆਨ ਹਟਾਉਣ ਲਈ ਸਾਰਾ ਦੋਸ਼ ਕਿਸਾਨੀ ਸਿਰ ਮੜ੍ਹਿਆ ਜਾ ਰਿਹਾ ਹੈ।

# ਸਾਲ 2024 ਦਾ ਅੰਤ ਤੱਕ ਭਾਰਤ ਨੂੰ ਵੀਜ਼ੇ ਦੇਣ ਵਿਚ ਅਮਰੀਕਾ ਨੇ ਤੋੜਿਆ ਰਿਕਾਰਡ

## ਅਮਰੀਕੀ ਦੂਤਾਵਾਸ ਨੇ ਲਗਾਤਾਰ ਦੂਜੇ ਸਾਲ ਜਾਰੀ ਕੀਤੇ 10 ਲੱਖ ਵੀਜ਼ੇ

ਵਾਸ਼ਿੰਗਟਨ : ਅਮਰੀਕਾ ਵਿੱਚ ਐਚ-ਵਨ ਬੀ ਵੀਜ਼ਾ ਨਵਿਆਉਣ ਲਈ ਇੱਕ ਪਾਇਲਟ ਪ੍ਰੋਗਰਾਮ ਸਫਲਤਾਪੂਰਵਕ ਲਾਗੂ ਕੀਤਾ ਗਿਆ ਸੀ। ਜਿਸ ਕਾਰਨ ਸਾਲ 2023 ਤੋਂ ਲਗਾਤਾਰ ਦੂਜੇ ਸਾਲ ਅਮਰੀਕਾ ਭਾਰਤ ਨੂੰ ਵੀਜ਼ਾ ਜਾਰੀ ਕਰਨ ਵਾਲਾ ਦੂਜਾ ਦੇਸ਼ ਬਣ ਗਿਆ ਹੈ।ਅਮਰੀਕੀ ਦੂਤਾਵਾਸ ਨੇ ਭਾਰਤੀ ਹੁਨਰਮੰਦ ਵਰਕਰਾਂ ਨੂੰ ਅਮਰੀਕਾ ਛੱਡੇ ਬਿਨਾਂ ਵੀਜ਼ਾ ਰੀਨਿਊ ਕਰਨ ਦੀ ਇਜਾਜ਼ਤ ਦਿੱਤੀ ਸੀ।




ਅਮਰੀਕੀ ਦੂਤਾਵਾਸ ਵੱਲੋਂ ਸਾਲ 2024 ਲਈ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਸਾਲ 2024 ਲਗਾਤਾਰ ਦੂਜਾ ਸਾਲ ਸੀ ਜਦੋਂ ਭਾਰਤ ਵਿੱਚ 10 ਲੱਖ ਤੋਂ ਵੱਧ ਗੈਰ-ਪ੍ਰਵਾਸੀ ਵੀਜ਼ੇ ਜਾਰੀ ਕੀਤੇ ਗਏ ਸਨ, ਜਿਨ੍ਹਾਂ ਵਿੱਚ ਟੂਰਿਸਟ ਵੀਜ਼ੇ ਵਡੀ ਗਿਣਤੀ ਵਿੱਚ ਵੀ ਦਿਤੇ ਗਏ ਸਨ। ਦਰਅਸਲ, ਭਾਰਤ ਤੋਂ ਅਮਰੀਕਾ ਤੱਕ ਯਾਤਰਾ ਦੀ ਮੰਗ ਵਧ ਰਹੀ ਹੈ, ਖਾਸ ਕਰਕੇ ਸੈਰ-ਸਪਾਟਾ, ਵਪਾਰ ਅਤੇ ਸਿੱਖਿਆ ਲਈ। ਇਹ ਵਾਧਾ ਇਸ ਤੱਥ ਤੋਂ ਸਪੱਸ਼ਟ ਹੈ ਕਿ ਭਾਰਤ 2008/2009 ਅਕਾਦਮਿਕ ਸਾਲ ਦਾ ਪਿਛਲਾ ਰਿਕਾਰਡ ਪਛਾੜਦਿਆਂ, 2024 ਦੌਰਾਨ ਅਮਰੀਕਾ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸਭ ਤੋਂ ਵੱਡਾ ਸਰੋਤ ਬਣ ਗਿਆ ਹੈ। ਇਸ ਸਮੇਂ 331,000 ਤੋਂ ਵੱਧ ਭਾਰਤੀ ਵਿਦਿਆਰਥੀ ਅਮਰੀਕਾ ਵਿੱਚ ਪੜ੍ਹ ਰਹੇ ਹਨ।

ਲਗਾਤਾਰ ਦੋ ਸਾਲਾਂ ਤੋਂ ਅੰਡਰਗਰੈਜੂਏਟ ਕੋਰਸਾਂ ਲਈ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸੰਯੁਕਤ ਰਾਜ ਅਮਰੀਕਾ ਚੋਟੀ ਦੀ ਪਸੰਦ ਰਿਹਾ ਹੈ। ਖਾਸ ਕਰਕੇ ਜੇਕਰ ਭਾਰਤ ਦੀ ਗੱਲ ਕਰੀਏ ਤਾਂ ਅਮਰੀਕਾ ਵਿੱਚ ਰਹਿਣ ਵਾਲੇ ਗ੍ਰੈਜੂਏਟ ਵਿਦਿਆਰਥੀਆਂ ਦੀ ਗਿਣਤੀ ਵਿੱਚ 19% ਦਾ ਵਾਧਾ ਹੋਇਆ ਹੈ। ਜਿਸ ਕਾਰਨ ਅਮਰੀਕਾ ਵਿੱਚ ਕੁਲ ਭਾਰਤੀ ਵਿਦਿਆਰਥੀਆਂ ਦੀ ਕੁੱਲ ਗਿਣਤੀ 200,000 ਦੇ ਕਰੀਬ ਪਹੁੰਚ ਗਈ ਹੈ। ਇਹ ਵਾਧਾ ਸੰਯੁਕਤ ਰਾਜ ਵਿੱਚ ਵਿਦਿਅਕ ਲੈਂਡਸਕੇਪ ਵਿੱਚ ਭਾਰਤ ਦੇ ਮਹੱਤਵਪੂਰਨ ਯੋਗਦਾਨ ਨੂੰ ਦਰਸਾਉਂਦਾ ਹੈ।

ਸਟੂਡੈਂਟ ਵੀਜ਼ਿਆਂ ਤੋਂ ਇਲਾਵਾ ਭਾਰਤ ਵਿੱਚ ਅਮਰੀਕੀ ਮਿਸ਼ਨ ਵੱਲੋਂ ਜਾਰੀ ਕੀਤੇ ਹਜ਼ਾਰਾਂ ਪ੍ਰਵਾਸੀ ਵੀਜ਼ੇ ਵੀ ਜਾਰੀ ਕੀਤੇ ਜਾਂਦੇ ਹਨ। ਇਹਨਾਂ ਵੀਜ਼ਿਆਂ ਨੇ ਪਰਿਵਾਰ ਨੂੰ ਮੁੜ ਜੋੜਨ ਦੀ ਸਹੂਲਤ ਦਿੱਤੀ ਅਤੇ ਹੁਨਰਮੰਦ ਪੇਸ਼ੇਵਰਾਂ ਨੂੰ ਅਮਰੀਕਾ ਵਿੱਚ ਆਵਾਸ ਕਰਨ ਦੀ ਇਜਾਜ਼ਤ ਦਿੱਤੀ। ਪਹੁੰਚਣ 'ਤੇ, ਇਹ ਵਿਅਕਤੀ ਸਥਾਈ ਨਿਵਾਸੀ ਬਣ ਗਏ ਸਨ, ਜਿਸ ਨਾਲ ਭਾਰਤੀ ਪ੍ਰਵਾਸੀ ਭਾਈਚਾਰਾ ਹੋਰ ਵਿਕਸਤ ਹੋਇਆ।

ਯੂਐਸ ਮਿਸ਼ਨ ਨੇ ਭਾਰਤ ਵਿੱਚ ਰਹਿ ਰਹੇ ਜਾਂ ਯਾਤਰਾ ਕਰਨ ਵਾਲੇ ਅਮਰੀਕੀ ਨਾਗਰਿਕਾਂ ਨੂੰ 24,000 ਤੋਂ ਵੱਧ ਪਾਸਪੋਰਟ ਅਤੇ ਹੋਰ ਕੌਂਸਲਰ ਸੇਵਾਵਾਂ ਪ੍ਰਦਾਨ ਕੀਤੀਆਂ ਹਨ। ਸਮਾਰਟ ਟਰੈਵਲਰ ਐਨਰੋਲਮੈਂਟ ਪ੍ਰੋਗਰਾਮ ਦਾ ਇੱਕ ਨਵਾਂ ਸੰਸਕਰਣ 2024 ਵਿੱਚ ਪੇਸ਼ ਕੀਤਾ ਗਿਆ ਸੀ। ਇਸ ਅਪਡੇਟ ਨੇ ਸੁਰੱਖਿਆ ਚੇਤਾਵਨੀਆਂ ਨੂੰ ਵਧੇਰੇ ਕੁਸ਼ਲਤਾ ਨਾਲ ਲਾਗੂ ਕਰ ਕੇ ਐਮਰਜੈਂਸੀ ਦੌਰਾਨ ਅਮਰੀਕੀ ਦੂਤਾਵਾਸ ਅਤੇ ਇਸਦੇ ਨਾਗਰਿਕਾਂ ਵਿਚਾਲੇ ਸੰਚਾਰ ਵਿੱਚ ਸੁਧਾਰ ਕੀਤਾ ।

ਵਿਦੇਸ਼ ਵਿਭਾਗ 2025 ਤੱਕ ਅਮਰੀਕਾ ਵਿੱਚ ਇੱਕ ਰਸਮੀ ਨਵੀਨੀਕਰਨ ਪ੍ਰੋਗਰਾਮ ਸਥਾਪਤ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਸ ਪਹਿਲਕਦਮੀ ਦਾ ਉਦੇਸ਼ ਹਜ਼ਾਰਾਂ ਬਿਨੈਕਾਰਾਂ ਲਈ ਵੀਜ਼ਾ ਨਵੀਨੀਕਰਨ ਨੂੰ ਹੋਰ ਵੀ ਆਸਾਨ ਬਣਾਉਣਾ ਹੈ। ਇਸ ਦੌਰਾਨ, ਬਹੁਤ ਸਾਰੇ ਐਕਸਚੇਂਜ ਵਿਜ਼ਟਰ ਹੁਣ ਆਪਣੇ ਪ੍ਰੋਗਰਾਮਾਂ ਨੂੰ ਪੂਰਾ ਕਰਨ ਤੋਂ ਬਾਅਦ ਦੋ ਸਾਲਾਂ ਤੱਕ ਰਹਿ ਸਕਣਗੇ, ਜਿਸ ਨਾਲ ਉਨ੍ਹਾਂ ਨੂੰ ਕਰੀਅਰ ਅਤੇ ਵਿਦਿਅਕ ਤਰੱਕੀ ਲਈ ਵਧੇਰੇ ਮੌਕੇ ਪ੍ਰਦਾਨ ਮਿਲਣਗੇ।

ਭਾਰਤ ਨੂੰ ਐਕਸਚੇਂਜ ਵਿਜ਼ਿਟਰ ਸਕਿੱਲ ਲਿਸਟ ਤੋਂ ਹਟਾਉਣ ਕਾਰਣ ਭਾਰਤ ਦੇ ਜੇ-1 ਗੈਰ-ਪ੍ਰਵਾਸੀ ਵੀਜ਼ਾ ਧਾਰਕਾਂ ਨੂੰ ਵਧੇਰੇ ਲਚਕਤਾ ਪ੍ਰਦਾਨ ਕਰਦਾ ਹੈ। ਇਸ ਤਬਦੀਲੀ ਕਾਰਣ ਉਨ੍ਹਾਂ ਨੂੰ ਸੰਯੁਕਤ ਰਾਜ ਅਮਰੀਕਾ ਵਿੱਚ ਲੰਬੇ ਸਮੇਂ ਤਕ ਰਹਿਣ ਦੌਰਾਨ ਆਪਣੇ ਖੇਤਰਾਂ ਵਿੱਚ ਵਧੇਰੇ ਆਜ਼ਾਦੀ ਅਤੇ ਮੌਕੇ ਪ੍ਰਦਾਨ ਕਰੇਗੀ।

ਇਸ ਸਾਲ ਦੀਆਂ ਪ੍ਰਾਪਤੀਆਂ ਵੱਖ-ਵੱਖ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਦੇ ਨਾਲ ਅੰਤਰਰਾਸ਼ਟਰੀ ਯਾਤਰਾ ਅਤੇ ਸਿੱਖਿਆ ਦੇ ਰੁਝਾਨਾਂ 'ਤੇ ਭਾਰਤ ਦੇ ਵਧਦੇ ਪ੍ਰਭਾਵ ਨੂੰ ਸਪਸ਼ਟ ਕਰਦੀਆਂ ਹਨ। ਜਿਵੇਂ-ਜਿਵੇਂ ਇਹ ਵਿਕਾਸ ਸਾਹਮਣੇ ਆਉਂਦੇ ਹਨ, ਉਹ ਸਾਂਝੇ ਹਿੱਤਾਂ ਅਤੇ ਆਪਸੀ ਲਾਭਾਂ ਰਾਹੀਂ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਦਰਮਿਆਨ ਸਬੰਧਾਂ ਨੂੰ ਮਜ਼ਬੂਤ ਕਰਦੇ ਰਹਿੰਦੇ ਹਨ।

# ਬ੍ਰਿਟਿਸ਼ ਕੋਲੰਬੀਆ ਦੇ ਨਵੇਂ ਸਾਲ ਦਾ ਪਹਿਲਾ ਬੱਚਾ ਕੈਮਲੂਪਸ ਵਿੱਚ ਹੋਇਆ ਪੈਦਾ



**ਸਰੀ, (ਸਿਮਰਨਜੀਤ ਸਿੰਘ):** ਕਮਲੂਪਸ, ਜਦੋਂ ਬ੍ਰਿਟਿਸ਼ ਕੋਲੰਬੀਆ ਵਿੱਚ ਲੋਕ 2025 ਦੇ ਨਵੇਂ ਸਾਲ ਦਾ ਸਵਾਗਤ ਕਰ ਰਹੇ ਸਨ, ਉਸੇ ਸਮੇਂ ਇੱਕ ਪਰਿਵਾਰ ਨੇ ਨਵੀਂ ਜਿੰਦਗੀ ਦਾ ਜਨਮ ਦੇ ਕੇ ਸਾਲ ਦੇ ਪਹਿਲੇ ਬੱਚੇ ਦੀ ਖੁਸ਼ੀ ਮਨਾਈ। ਨਵੇਂ ਸਾਲ ਦੇ ਸਿਰਫ਼ 2 ਮਿੰਟ ਬਾਅਦ, ਰਾਤ 12:02 ਵਜੇ, ਕੈਮਲੂਪਸ ਦੇ ਰਾਇਲ ਇਨਲੈਂਡ ਹਸਪਤਾਲ ਵਿੱਚ ਜੋਰਡਨ ਹਿੱਲ (32) ਨੇ ਆਪਣੇ ਪਤੀ ਇਲਾਇਜਾ (28) ਦੀ ਮੌਜੂਦਗੀ ਵਿੱਚ ਆਪਣੇ ਬੇਟੇ ਐਮਰਸਨ ਨੂੰ ਜਨਮ ਦਿੱਤਾ। ਐਮਰਸਨ ਦਾ ਵਜ਼ਨ 7 ਪੌਂਡ 10 ਔਂਸ ਹੈ, ਅਤੇ ਉਹ ਜੋਰਡਨ ਅਤੇ ਇਲਾਇਜਾ ਦਾ ਪਹਿਲਾ ਬੱਚਾ ਹੈ। ਮਾਪਿਆਂ ਨੇ ਕਿਹਾ ਕਿ 'ਅਸੀਂ ਬਹੁਤ ਉਤਸ਼ਾਹਿਤ ਅਤੇ ਖੁਸ਼ ਹਾਂ, ਇਹ ਸਾਡਾ ਪਹਿਲਾ ਬੱਚਾ ਹੈ, ਇਸ ਲਈ ਸਾਨੂੰ ਕਈ ਅਣਜਾਣ ਚੀਜ਼ਾਂ ਬਾਰੇ ਚਿੰਤਾ ਸੀ, ਪਰ ਸਬ ਕੁਝ ਸ਼ਾਨਦਾਰ ਰਿਹਾ। ਹਸਪਤਾਲ ਦਾ ਸਟਾਫ਼ ਬਹੁਤ ਸਹਿਯੋਗੀ ਰਿਹਾ। ਸਾਡੇ ਲਈ ਸਭ ਤੋਂ ਵੱਡੀ ਖੁਸ਼ੀ ਇਹ ਹੈ ਕਿ ਬੱਚਾ ਸਿਹਤਮੰਦ ਹੈ।' ਜੋਰਡਨ ਨੂੰ ਮੰਗਲਵਾਰ ਸ਼ਾਮ 7:30 ਵਜੇ ਹਸਪਤਾਲ ਵਿੱਚ ਦਾਖਲ ਕੀਤਾ ਗਿਆ। ਕੁਝ ਘੰਟਿਆਂ ਬਾਅਦ, ਐਮਰਸਨ ਦਾ ਜਨਮ ਹੋਇਆ। ਪਿਛਲੇ ਨੌ ਮਹੀਨਿਆਂ ਦੌਰਾਨ, ਜੋਰਡਨ ਅਤੇ ਇਲਾਇਜਾ ਦੇ ਮਨ ਵਿੱਚ ਇਹ ਸੋਚ ਸੀ ਕਿ ਉਹਦਾ ਬੱਚਾ 1 ਜਨਵਰੀ ਨੂੰ ਜਨਮ ਲੈ ਸਕਦਾ ਹੈ, ਪਰ ਇਹ ਹਕੀਕਤ ਬਣੇਗਾ, ਇਹ ਉਨ੍ਹਾਂ ਨੇ ਕਦੇ ਸੋਚਿਆ ਨਹੀਂ ਸੀ। ਨਵਜਨਮੇ ਐਮਰਸਨ ਨੂੰ ਦੋਹਰੀ ਨਾਗਰਿਕਤਾ ਮਿਲੇਗੀ ਕਿਉਂਕਿ ਇਲਾਇਜਾ ਅਮਰੀਕੀ ਨਾਗਰਿਕ ਹੈ ਅਤੇ ਕਮਲੂਪਸ ਅਤੇ ਓਲੰਪੀਆ, ਵਾਸ਼ਿੰਗਟਨ ਦੇ ਵਿਚਕਾਰ ਸਮਾਂ ਬਿਤਾਉਂਦਾ ਹੈ। ਨਵਾਂ ਪਰਿਵਾਰ ਜਨਵਰੀ 2 ਨੂੰ ਹਸਪਤਾਲ ਤੋਂ ਆਪਣੇ ਘਰ ਵਾਪਸ ਜਾਣਗੇ। ਐਮਰਸਨ ਦੇ ਜਨਮ ਨਾਲ, ਜੋਰਡਨ ਅਤੇ ਇਲਾਇਜਾ ਦੇ ਜੀਵਨ ਵਿੱਚ ਖੁਸ਼ੀ ਅਤੇ ਉਤਸ਼ਾਹ ਦੀ ਨਵੀਂ ਲਹਿਰ ਆਈ ਹੈ। This report was written by Simranjit Singh as part of the Local Journalism Initiative.

# ਸਰੀ ਦੇ ਸਟ੍ਰਿਪ ਮਾਲ 'ਚ ਲੱਗੀ ਅੱਗ, ਕਈ ਕਾਰੋਬਾਰੀ ਦੁਕਾਨਾਂ ਤਬਾਹ



ਸਰੀ, (ਸਿਮਰਨਜੀਤ ਸਿੰਘ): ਸਰੀ ਦੇ ਇੱਕ ਸਟ੍ਰਿਪ ਮਾਲ ਵਿੱਚ ਰਾਤ ਦੇ ਸਮੇਂ ਲੱਗੀ ਅੱਗ ਕਾਰਨ ਕਈ ਕਾਰੋਬਾਰ ਤਬਾਹ ਹੋ ਗਏ ਹਨ। ਇਸ ਘਟਨਾ ਨਾਲ ਇਲਾਕੇ ਦੇ ਬਹੁਤ ਸਾਰੇ ਵਪਾਰੀਆਂ ਅਤੇ ਸਥਾਨਕ ਨਿਵਾਸੀਆਂ ਨੂੰ ਵੱਡਾ ਝਟਕਾ ਲੱਗਿਆ ਹੈ।

ਸਰੀ ਫਾਇਰ ਸਰਵਿਸ ਦੇ ਅਸਿਸਟੈਂਟ ਚੀਫ਼ ਕੇਵਿਨ ਕੋਪਲੈਂਡ ਨੇ ਦੱਸਿਆ ਕਿ ਬੁੱਧਵਾਰ ਰਾਤ 10:47 ਵਜੇ 135ਏ ਸਟਰੀਟ ਦੇ 10600 ਬਲੌਕ ਵਿੱਚ ਅੱਗ ਲੱਗਣ ਦੀ ਸੂਚਨਾ ਮਿਲੀ। ਜਦੋਂ ਫਾਇਰਫਾਈਟਰ ਟੀਮ ਸਥਾਨ 'ਤੇ ਪਹੁੰਚੀ, ਤਾਂ ਉਨ੍ਹਾਂ ਨੇ ਸਟ੍ਰਿਪ ਮਾਲ ਦੇ ਪਿਛਲੇ ਪਾਸਿਓਂ ਧੂੰਆਂ ਅਤੇ ਅੱਗ ਦੇਖੀ ਗਈ।

ਅੱਗ ਨੂੰ ਵੱਧਣ ਦਾ ਇੱਕ ਮੁੱਖ ਕਾਰਨ ਇੱਕ ਖਰਾਬ ਗੈਸ ਲਾਈਨ ਸੀ, ਜਿਸ ਨਾਲ ਅੱਗ ਹੋਰ ਭੜਕ ਉਠੀ । ਫਾਇਰਫਾਈਟਰਾਂ ਨੇ ਜ਼ੋਰ ਲਗਾ ਕੇ ਇਸ ਗੈਸ ਲਾਈਨ ਨੂੰ ਬੰਦ ਕੀਤਾ, ਜਿਸ ਨਾਲ ਅੱਗ ਦੇ ਵੱਧਣ ਤੋਂ ਰੋਕਥਾਮ ਹੋਈ। ਅੱਗ ਬੁਝਾਉਣ ਲਈ ਕੁੱਲ 24 ਫਾਇਰਫਾਈਟਰਾਂ ਨੂੰ ਤਾਇਨਾਤ ਕੀਤਾ ਗਿਆ। ਫਾਇਰਫਾਈਟਰਾਂ ਨੇ ਕਈ ਘੰਟਿਆਂ ਦੀ ਮਿਹਨਤ ਨਾਲ ਅੱਗ 'ਤੇ ਕਾਬੂ ਪਾਇਆ। ਇਹ ਕਾਰਵਾਈ ਦੌਰਾਨ ਸੁਰੱਖਿਆ ਦੇ ਸਾਰੇ ਸਾਧਨ ਵਰਤੇ ਗਏ। ਅੱਗ ਦਾ ਕਾਰਨ ਅਜੇ ਤੱਕ ਸਪਸ਼ਟ ਨਹੀਂ ਹੋ ਸਕਿਆ ਅਤੇ ਨੁਕਸਾਨ ਦੀ ਸੰਪੂਰਨ ਮਾਤਰਾ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਹੈ। ਹਾਲਾਂਕਿ, ਮੁਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਇਸ ਅੱਗ ਕਾਰਨ ਇੱਕ ਰੈਸਟੋਰੈਂਟ, ਇੱਕ ਚਾਹ ਦੁਕਾਨ, ਅਤੇ ਇੱਕ ਕਾਊਂਸਲਿੰਗ ਸਰਵਿਸ ਸਬੰਧੀ ਸੇਵਾ ਤਹਿਸ-ਨਹਿਸ ਹੋਈ ਹੈ। This report was written by Simranjit Singh as part of the Local Journalism Initiative.





WINNIPEG LOCATION OPENING Jan. 24!
#3- 1375 McPhillips St.
SABZI MANDI SUPERMARKET
Serving our Community since 2003
KELOWNA LOCATION NOW OPEN!!!
284 Hwy 33 W Kelowna
HOT PRICE FRESH BROCCOLI ਬਰੋਕੋਲੀ 1.49 /lb
HOT PRICE JUMBO CAULIFLOWER ਗੋਭੀ 2.99 ea
HOT PRICE FRESH CILANTRO ਧਨੀਆਂ Bunch 2 for 1.29
HOT PRICE PEELED GARLIC ਲਸਣ 5lb Jar 14.99 ea
ROSHNI TAMARIND ਰੋਸ਼ਨੀ ਇਮਲੀ 400g 2 for $5
UNBEATABLE DEAL
BRAR'S PANEER ਬਰਾੜ ਪਨੀਰ 375g 3.99 ea
BC GREEN CABBAGE ਪੱਤ ਗੋਭੀ 69¢ /lb
IN SHELL ROASTED PEANUTS ਮੂੰਗਫਲੀ Bulk 1.99 /lb
FRESH GINGER ਅੰਦਰਕ 1.89 /lb
AAP KI PASAND COOKIES ਆਪ ਕੀ ਪਸੰਦ ਕੁਕੀਆਂ 2.2lb 5.99 ea
LEHAR GACHAK ਲੈਹਰ ਗੱਚਕ 400g 3.49 ea
MERI CHAI TEA ਮੇਰੀ ਚਾਹ 216's 5.99 ea
BROWN SUGAR ਭੂਰੀ ਖੰਡ 8lb 6.99 ea
AMBROSIA APPLES ਐਮਬਰੋਸ਼ਾ ਸੇਬ 99¢ /lb
PUNJABI BY NATURE GUR ATTA COOKIES ਪੰਜਾਬੀ ਬਾਈ ਨੇਚਰ ਗੁੜ ਆਟਾ ਕੁਕੀਆਂ 700g 5.99 ea
HEER MULTIGRAIN FLOUR ਹੀਰ ਮੱਲਟੀਗਰੇਨ ਆਟਾ 10lb 9.99 ea
SABZI MANDI BASMATI RICE ਸੱਬਜ਼ੀ ਮੰਡੀ ਬਾਸਮਤੀ ਚਾਵਲ 10lb 14.99 ea
VERKA DESI GHEE ਵੇਰਕਾ ਦੇਸੀ ਘਿਉ 3kg 41.99 ea
US #1 POTATOES ਆਲੂ 10lb 3.99 ea
PUNJABI BY NATURE SOYA CHAAP ਪੰਜਾਬੀ ਬਾਈ ਨੇਚਰ ਸੋਯਾ ਚਾਪ 850g 3.99 ea
INDIAN KARELA ਦੇਸੀ ਕਰੇਲੇ 1.99 /lb
FRESH ZUCCHINI ਤੋਰੀ 79¢ /lb
BC GALA APPLES ਬੀ.ਸੀ. ਗੈਲਾ ਸੇਬ 88¢ /lb
JUMBO EGGPLANT ਵੱਡੇ ਵਤਾਊਂ 99¢ ea
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. January 03, 2025 - Wed. January 08, 2025
MasterCard VISA AMERICAN EXPRESS Interac
American Express accepted at three locations.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
KELOWNA: 284 Hwy 33W, Kelowna 778-753-2800
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
You can also visit us online at www.sabzimandicanada.com